Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ
ਯੂ. ਐੱਸ. ਏ.

Chief Editor: **Gurjatinder Singh Randhawa**

Punjab Mail USA

FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
RE/MAX
Gurjatinder S. Randhawa
REALTOR CA DRE licence # 01490567
916-320-9444

Vol. 19, Issue- 874, 2nd to 8th Oct., 2025, Ph: 916-320-9444, E-mail: punjabmailusa@yahoo.com, Web: punjabmailusa.com

## ਸੈਕਰਾਮੈਂਟੋ ਦੇ ਕਬੱਡੀ ਕੱਪ ਵਿਚ ਪਈਆਂ ਧੁੰਮਾਂ

### ਕੁਸ਼ਤੀ ਮੁਕਾਬਲੇ ਵੀ ਰਹੇ ਦਿਲਚਸਪ





**ਸੈਕਰਾਮੈਂਟੋ, (ਪੰਜਾਬ ਮੇਲ)-** ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਵੱਲੋਂ ਅਮਰੀਕਨ ਕਬੱਡੀ ਫੈਡਰੇਸ਼ਨ ਯੂ.ਐੱਸ.ਏ. ਦੇ ਸਹਿਯੋਗ ਨਾਲ ਸਾਲਾਨਾ ਅੰਤਰਰਾਸ਼ਟਰੀ ਕਬੱਡੀ ਕੱਪ ਕਰਵਾਇਆ ਗਿਆ। ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਾਹਿਬਾਨ ਨੇ ਅਕੈਡਮੀ ਵੱਲੋਂ ਕਰਵਾਏ ਜਾ ਰਹੇ ਇਸ ਅੰਤਰਰਾਸ਼ਟਰੀ ਮੁਕਾਬਲੇ ਦੀ ਚੜ੍ਹਦੀ ਕਲਾ ਦੀ ਅਰਦਾਸ ਕੀਤੀ। ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ ਦੇ ਮੈਦਾਨ ਵਿਚ ਹੋਏ ਇਸ ਕਬੱਡੀ ਟੂਰਨਾਮੈਂਟ ਵਿਚ ਵਿਸ਼ਵ ਭਰ ਦੇ ਚੋਟੀ ਦੇ ਅੰਤਰਰਾਸ਼ਟਰੀ ਖਿਡਾਰੀਆਂ ਨੇ ਹਿੱਸਾ ਲਿਆ। ਇਸ ਦੇ ਨਾਲ-ਨਾਲ ਕੁਸ਼ਤੀ ਮੁਕਾਬਲੇ ਵੀ ਵਿਸ਼ੇਸ਼ ਖਿੱਚ ਦਾ ਕੇਂਦਰ ਰਹੇ, ਜਿਸ ਵਿਚ ਰੁਸਤਮੇ-ਹਿੰਦ ਜੱਸਾ ਪੱਟੀ, ਪ੍ਰਿਤਪਾਲ ਫਗਵਾੜਾ, ਕਮਲਜੀਤ ਡੂੰਮਛੇੜੀ, ਗੋਪੀ ਲੀਲਾਂ ਸ਼ਾਮਲ ਸਨ।

ਟੂਰਨਾਮੈਂਟ ਦੀ ਸ਼ੁਰੂਆਤ ਅੰਡਰ 25 ਦੇ ਮੁਕਾਬਲਿਆਂ ਨਾਲ ਹੋਈ, ਜਿਸ ਵਿਚ ਖਿਡਾਰੀਆਂ ਨੇ ਚੰਗਾ ਪ੍ਰਦਰਸ਼ਨ ਕੀਤਾ। ਪ੍ਰਬੰਧਕਾਂ ਵੱਲੋਂ ਗਰਾਊਂਡ ਦੇ ਸਾਰੇ ਪਾਸੇ ਦਰਸ਼ਕਾਂ ਦੇ ਬੈਠਣ ਲਈ ਟੈਂਟਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ। ਮੌਸਮ ਬਹੁਤ ਖੁਸ਼ਗਵਾਰ ਸੀ, ਜਿਸ ਕਰਕੇ ਖਿਡਾਰੀਆਂ ਲਈ ਇਹ ਦਿਨ ਚੰਗਾ ਰਿਹਾ। ਸਟੇਜ ਦੀ ਸੇਵਾ ਆਸ਼ਾ ਸ਼ਰਮਾ ਨੇ ਬਾਖੂਬੀ ਨਿਭਾਈ। ਇਸ ਤੋਂ ਇਲਾਵਾ ਕੁਮੈਂਟੇਟਰਾਂ ਨੇ ਸਾਰਾ ਦਿਨ ਸਪੀਕਰਾਂ 'ਤੇ ਰੌਲਾ ਪਾਈ ਰੱਖਿਆ। ਇਸ ਟੂਰਨਾਮੈਂਟ ਦੇ ਪੰਜਾਬ ਅਲਾਇੰਸ ਨਿਊਯਾਰਕ ਦੀ ਟੀਮ ਨੇ ਬਾਬਾ ਬਲਵਿੰਦਰ ਸਿੰਘ ਖਡੂਰ ਸਾਹਿਬ ਦੀ ਟੀਮ ਨੂੰ ਹਰਾ ਕੇ ਫਾਈਨਲ ਕੱਪ ਜਿੱਤਿਆ। ਇਸੇ ਤਰ੍ਹਾਂ ਲਾਇਲਪੁਰ ਖਾਲਸਾ ਕਾਲਜ ਜਲੰਧਰ ਅਤੇ ਫਤਿਹ ਸਪੋਰਟਸ ਕਲੱਬ ਦਰਮਿਆਨ ਵੀ ਸਖਤ ਮੁਕਾਬਲਾ ਦੇਖਣ ਨੂੰ ਮਿਲਿਆ।

ਇਸ ਟੂਰਨਾਮੈਂਟ ਦੌਰਾਨ ਹਰਜੋਤ ਨੂੰ ਬੈਸਟ ਰੇਡਰ ਅਤੇ ਪਾਲਾ ਜਲਾਲਪੁਰ ਨੂੰ ਬੈਸਟ ਸਟਾਪਰ ਦਾ ਐਵਾਰਡ ਦਿੱਤਾ ਗਿਆ। ਟੂਰਨਾਮੈਂਟ ਦੇ ਪ੍ਰਬੰਧਕ ਧੀਰਾ ਨਿੱਜਰ, ਪਰਗਟ ਸਿੰਘ ਸੰਧੂ, ਬਿੱਟੂ ਰੰਧਾਵਾ, ਤਰਲੋਚਨ ਅਟਵਾਲ, ਗੁਰਮੀਤ ਵੜੈਚ ਤੋਂ ਇਲਾਵਾ ਸਮੂਹ ਸਾਥੀਆਂ ਨੇ ਇਸ ਟੂਰਨਾਮੈਂਟ ਨੂੰ ਕਾਮਯਾਬ ਕਰਨ ਲਈ ਦਿਨ-ਰਾਤ ਇੱਕ ਕਰ ਦਿੱਤਾ। ਇਸ ਮੌਕੇ ਗੁਰਦੁਆਰਾ ਸਾਹਿਬ ਵੱਲੋਂ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਕੁੱਲ ਮਿਲਾ ਕੇ ਇਹ ਅੰਤਰਰਾਸ਼ਟਰੀ ਟੂਰਨਾਮੈਂਟ ਆਪਣੀ ਅਮਿੱਟ ਛਾਪ ਛੱਡ ਗਿਆ।

## ਅਮਰੀਕਾ ਦੀ ਫੈਡਰਲ ਸਰਕਾਰ ਵੱਲੋਂ ਸ਼ਟਡਾਊਨ ਲਾਗੂ

### ਇਮੀਗ੍ਰੇਸ਼ਨ ਦੇ ਕੰਮਾਂ 'ਚ ਹੋ ਸਕਦੀ ਹੈ ਦੇਰੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੀ ਫੈਡਰਲ ਸਰਕਾਰ ਵੱਲੋਂ ਸ਼ਟਡਾਊਨ ਲਾਗੂ ਕਰ ਦਿੱਤਾ ਗਿਆ ਹੈ, ਜਿਸ ਤਹਿਤ ਸਰਕਾਰੀ ਖਰਚਿਆਂ ਨੂੰ ਬੰਦ ਕਰ ਦਿੱਤਾ ਗਿਆ ਹੈ। ਲਗਭਗ 1 ਲੱਖ ਤੋਂ ਵੱਧ ਸਰਕਾਰੀ ਕਰਮਚਾਰੀਆਂ ਨੂੰ ਨੌਕਰੀਆਂ ਤੋਂ ਬਰਖਾਸਤ ਕਰ ਦਿੱਤਾ ਗਿਆ ਹੈ। ਵਿੱਤੀ ਸਾਲ ਦੇ ਅਖੀਰਲੇ ਦਿਨ ਕਾਨੂੰਨਸਾਜ਼ਾਂ ਨੇ ਇਹ ਫੈਸਲਾ ਲਿਆ ਅਤੇ ਹੁਣ ਇਸ ਸ਼ੱਟਡਾਊਨ 'ਤੇ ਪੱਕੀ ਮੋਹਰ ਲੱਗ ਗਈ ਹੈ। ਹਾਲੇ ਇਹ ਪੱਕਾ ਨਹੀਂ ਹੈ ਕਿ ਇਹ ਸ਼ਟਡਾਊਨ ਕਿੰਨਾ ਲੰਮਾ ਚੱਲੇਗਾ। ਇਸ ਦੇ ਲਈ ਡੈਮੋਕ੍ਰੇਟਿਕ ਆਗੂਆਂ 'ਤੇ ਵੀ ਕਾਫੀ ਪ੍ਰੈਸ਼ਰ ਪਾਇਆ ਗਿਆ। ਰਾਸ਼ਟਰਪਤੀ ਡੋਨਾਲਡ ਟਰੰਪ ਦੇ ਕਾਰਜਕਾਲ ਵਿਚ ਇਹ ਪਹਿਲਾ ਸ਼ੱਟਡਾਊਨ ਹੈ।

ਅਮਰੀਕਾ 'ਚ ਫੈਡਰਲ ਸਰਕਾਰ ਅਧਿਕਾਰਤ ਤੌਰ 'ਤੇ 'ਸ਼ਟਡਾਊਨ' ਹੋ ਗਈ ਕਿਉਂਕਿ ਕਾਂਗਰਸ ਫੰਡਿੰਗ ਯੋਜਨਾ 'ਤੇ ਸਹਿਮਤ ਨਹੀਂ ਹੋ ਸਕੀ। ਇਸ ਤੋਂ ਪਹਿਲਾਂ 2019 'ਚ ਅਮਰੀਕਾ ਦੀ ਸਰਕਾਰ ਸ਼ਟਡਾਊਨ ਹੋਈ ਸੀ।

ਮੌਜੂਦਾ ਰਿਪਬਲਿਕਨ ਮੈਂਬਰ ਫੰਡਿੰਗ ਨੂੰ 7 ਹੋਰ ਹਫ਼ਤਿਆਂ ਲਈ ਵਧਾਉਣਾ ਚਾਹੁੰਦੇ ਸਨ, ਪਰ ਡੈਮੋਕ੍ਰੇਟਸ ਦਾ ਕਹਿਣਾ ਸੀ ਕਿ ਉਹ ਉਦੋਂ ਤੱਕ ਸਹਿਮਤ ਨਹੀਂ ਹੋਣਗੇ, ਜਦੋਂ ਤੱਕ ਵੱਡੇ ਬਦਲਾਅ ਨਹੀਂ ਕੀਤੇ ਜਾਂਦੇ।

ਸ਼ਟਡਾਊਨ ਦੇ ਕਾਰਨ ਲੱਖਾਂ ਫੈਡਰਲ ਕਰਮਚਾਰੀਆਂ ਦੀ ਛੁੱਟੀ ਹੋ ਗਈ ਹੈ, ਪਰ ਹੋ ਸਕਦਾ ਹੈ ਕਿ ਉਹ ਮੁੱਦਾ ਹੱਲ ਹੋਣ ਤੱਕ ਬਿਨਾਂ ਤਨਖਾਹ 'ਤੇ ਕੰਮ ਕਰਨਾ ਜਾਰੀ ਰੱਖਣ।

ਹਾਲਾਂਕਿ ਇਸ ਸ਼ਟਡਾਊਨ ਦੌਰਾਨ ਜ਼ਰੂਰੀ ਸੇਵਾਵਾਂ, ਜਿਵੇਂ ਕਿ ਮੈਡੀਕਲ ਸੇਵਾਵਾਂ ਖੁੱਲ੍ਹੀਆਂ ਰਹਿਣਗੀਆਂ। ਇਮੀਗ੍ਰੇਸ਼ਨ ਅਤੇ ਛੋਟੇ ਕਾਰੋਬਾਰਾਂ ਅਤੇ ਘਰ ਖਰੀਦਦਾਰਾਂ ਲਈ ਕਰਜ਼ੇ ਮਿਲਣ 'ਚ ਦੇਰੀ ਹੋ ਸਕਦੀ ਹੈ।

## ਟਰੰਪ ਸਰਕਾਰ ਕੱਚੇ ਪ੍ਰਵਾਸੀਆਂ ਨੂੰ ਟਰੱਕਿੰਗ ਸੈਕਟਰ ਤੋਂ ਕੱਢੇਗੀ ਬਾਹਰ

### ਡਰਾਈਵਰ ਲਈ ਗਰੀਨ ਕਾਰਡ ਹੋਲਡਰ ਜਾਂ ਯੂ.ਐੱਸ. ਸਿਟੀਜ਼ਨ ਹੋਣਾ ਕੀਤਾ ਲਾਜ਼ਮੀ




**ਵਾਸ਼ਿੰਗਟਨ, (ਪੰਜਾਬ ਮੇਲ)-** ਬੀਤੇ ਕੁਝ ਸਮੇਂ ਦੌਰਾਨ ਅਮਰੀਕਾ 'ਚ ਵਾਪਰੇ ਕੁਝ ਭਿਆਨਕ ਹਾਦਸਿਆਂ ਮਗਰੋਂ ਅਮਰੀਕਾ ਪ੍ਰਸ਼ਾਸਨ ਹਰਕਤ 'ਚ ਆ ਗਿਆ ਹੈ। ਡਰਾਈਵਰਾਂ ਲਈ ਨਿਯਮਾਂ ਨੂੰ ਸਖ਼ਤ ਕਰਨ ਦੀ ਤਿਆਰੀ 'ਚ ਟਰੰਪ ਸਰਕਾਰ ਨੇ ਕੱਚੇ ਪ੍ਰਵਾਸੀਆਂ ਨੂੰ ਟਰੱਕਿੰਗ ਸੈਕਟਰ ਤੋਂ ਬਾਹਰ ਕੱਢਣ ਲਈ ਟਰੰਪ ਸਰਕਾਰ ਨਵੇਂ ਨਿਯਮ ਲਾਗੂ ਕਰਨ ਜਾ ਰਹੀ ਹੈ। ਨਵੇਂ ਨਿਯਮਾਂ ਮੁਤਾਬਕ ਹੁਣ ਸਿਰਫ਼ ਵਰਕ ਪਰਮਿਟ ਦੇ ਆਧਾਰ 'ਤੇ ਕਮਰਸ਼ੀਅਲ ਡਰਾਈਵਰਜ਼ ਲਾਇਸੰਸ ਨਹੀਂ ਮਿਲੇਗਾ। ਡਰਾਈਵਰ ਲਈ ਗਰੀਨ ਕਾਰਡ ਹੋਲਡਰ ਜਾਂ ਯੂ.ਐੱਸ. ਸਿਟੀਜ਼ਨ ਹੋਣਾ ਲਾਜ਼ਮੀ ਕਰ ਦਿੱਤਾ ਗਿਆ ਹੈ।

ਫੈਡਰਲ ਮੋਟਰ ਕੈਰੀਅਰ ਸੇਫ਼ਟੀ ਐਡਮਨਿਸਟ੍ਰੇਸ਼ਨ ਦਾ ਕਹਿਣਾ ਹੈ ਕਿ ਨਵੇਂ ਨਿਯਮਾਂ ਨਾਲ 2 ਲੱਖ ਦੇ ਕਰੀਬ ਮੌਜੂਦਾ ਡਰਾਈਵਰ ਪ੍ਰਭਾਵਿਤ ਹੋਣਗੇ, ਜਦਕਿ 20 ਹਜ਼ਾਰ ਦੇ ਕਰੀਬ ਟ੍ਰੇਨਿੰਗ ਲੈ ਰਹੇ ਡਰਾਈਵਰ ਟਰੱਕ ਨਹੀਂ ਚਲਾ ਸਕਣਗੇ। ਇਸ ਦੇ ਨਾਲ ਅਸਾਇਲਮ ਮੰਗਣ ਵਾਲੇ ਜਾਂ ਅਸਾਇਲਮ ਪ੍ਰਾਪਤ ਕਰ ਚੁੱਕੇ ਲੋਕ ਵੀ ਸੀ.ਡੀ.ਐੱਲ. ਲਈ ਯੋਗ ਨਹੀਂ ਰਹਿਣਗੇ। ਫੈਡਰਲ ਏਜੰਸੀ ਦਾ ਅੰਦਾਜ਼ਾ ਹੈ ਕਿ ਅਮਰੀਕਾ ਦੇ 38 ਲੱਖ ਟਰੱਕ ਡਰਾਈਵਰਾਂ ਵਿਚੋਂ 2 ਲੱਖ ਦੇ ਕਰੀਬ ਕੱਚੇ ਹਨ।

ਫੈਡਰਲ ਏਜੰਸੀ ਨੇ ਦੱਸਿਆ ਕਿ ਇਸ ਸਾਲ ਜਨਵਰੀ ਤੋਂ ਅਗਸਤ ਦਰਮਿਆਨ ਕੁਝ ਜਾਨਲੇਵਾ ਹਾਦਸਿਆਂ ਵਿਚ ਟਰੱਕ ਡਰਾਈਵਰਾਂ ਦੀ ਇੰਮੀਗ੍ਰੇਸ਼ਨ ਸਟੇਟਸ ਗਲਤ ਸੀ, ਜਿਸ ਕਾਰਨ ਕਈ ਲੋਕਾਂ ਦੀ ਮੌਤ ਹੋ ਗਈ ਤੇ ਕਈ ਜ਼ਖ਼ਮੀ ਹੋ ਗਏ। ਨਵੇਂ ਨਿਯਮਾਂ ਮੁਤਾਬਕ ਵਰਕ ਪਰਮਿਟ ਵਾਲੇ ਪ੍ਰਵਾਸੀਆਂ ਲਈ ਸੀ.ਡੀ.ਐੱਲ. ਦਾ ਦਰਵਾਜ਼ਾ ਖੁੱਲ੍ਹਾ ਤਾਂ ਰਹੇਗਾ, ਪਰ ਇਸ ਲਈ ਉਨ੍ਹਾਂ ਨੂੰ ਹਰ ਸਾਲ ਖੁਦ ਪੇਸ਼ ਹੋ ਕੇ ਲਾਇਸੰਸ ਰੀਨਿਊ ਕਰਵਾਉਣਾ ਪਵੇਗਾ।

## ਫਲੋਰੀਡਾ ਜੇਲ੍ਹ 'ਚ ਬੰਦ ਡਰਾਈਵਰ ਹਰਜਿੰਦਰ ਸਿੰਘ ਵੱਲੋਂ ਨਿਰਦੋਸ਼ ਹੋਣ ਦੀ ਪਟੀਸ਼ਨ ਦਾਇਰ



**ਫਲੋਰੀਡਾ, (ਪੰਜਾਬ ਮੇਲ)-** 28 ਸਾਲਾ ਭਾਰਤੀ ਟਰੱਕ ਡਰਾਈਵਰ ਹਰਜਿੰਦਰ ਸਿੰਘ, ਜੋ ਕਿ ਅਮਰੀਕਾ 'ਚ ਇਕ ਗ਼ਲਤ ਯੂ-ਟਰਨ ਲੈਣ ਕਾਰਨ ਫਲੋਰੀਡਾ ਦੀ ਜੇਲ੍ਹ 'ਚ ਬੰਦ ਹੈ, ਨੇ ਸੋਮਵਾਰ ਨੂੰ ਅਦਾਲਤ 'ਚ ਆਪਣੀ ਪਹਿਲੀ ਪੇਸ਼ੀ ਦੌਰਾਨ ਨਿਰਦੋਸ਼ ਹੋਣ ਦੀ ਪਟੀਸ਼ਨ ਦਾਇਰ ਕੀਤੀ।

ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਉਸ ਨੇ ਫਲੋਰੀਡਾ 'ਚ ਟਰੱਕ ਚਲਾਉਂਦੇ ਸਮੇਂ ਇਕ ਗ਼ਲਤ ਯੂ-ਟਰਨ ਲੈ ਲਿਆ, ਜਿਸ ਕਾਰਨ ਉਸ ਦੇ ਟਰੱਕ 'ਚ ਪਿੱਛੋਂ ਆ ਰਹੀ ਇਕ ਕਾਰ ਦੀ ਭਿਆਨਕ ਟੱਕਰ ਹੋ ਗਈ ਤੇ ਕਾਰ ਸਵਾਰ 3 ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ। ਇਸ ਮਾਮਲੇ 'ਚ ਕਾਰਵਾਈ ਕਰਦਿਆਂ ਪੁਲਿਸ ਨੇ ਉਸ ਨੂੰ ਫਲੋਰੀਡਾ ਦੀ ਸੇਂਟ ਲੂਸੀ ਕਾਉਂਟੀ ਜੇਲ੍ਹ 'ਚ ਬੰਦ ਕੀਤਾ ਹੈ। ਇਸ ਹਾਦਸੇ ਮਗਰੋਂ ਟਰੰਪ ਪ੍ਰਸ਼ਾਸਨ ਨੇ ਅਮਰੀਕਾ 'ਚ ਕਮਰਸ਼ੀਅਲ ਡਰਾਈਵਿੰਗ ਲਾਇਸੰਸ ਬਣਵਾਉਣ ਦੇ ਨਿਯਮਾਂ ਨੂੰ ਹੋਰ ਸਖ਼ਤ ਬਣਾ ਦਿੱਤਾ ਹੈ।

## 82 ਸਾਲਾ ਨੌਜਵਾਨ ਨੇ ਇੰਗਲੈਂਡ 'ਚ ਪਾਈਆਂ ਧੁੰਮਾਂ!



**ਸੈਕਰਾਮੈਂਟੋ, (ਪੰਜਾਬ ਮੇਲ)-** 82 ਸਾਲ ਦੀ ਉਮਰ ਵਿਚ ਮਨੁੱਖ ਨੂੰ ਬਿਨਾਂ ਸਹਾਰੇ ਤੋਂ ਤੁਰਨਾ ਔਖਾ ਹੁੰਦਾ ਹੈ। ਪਰ ਬੇਏਰੀਆ, ਕੈਲੀਫੋਰਨੀਆ ਦੇ ਰਹਿਣ ਵਾਲੇ 82 ਸਾਲਾ ਸ. ਪਿਆਰਾ ਸਿੰਘ ਚਾਨਾ ਹਾਲੇ ਵੀ ਖੇਡ ਮੈਦਾਨ ਵਿਚ ਆਪਣੇ ਜੌਹਰ ਦਿਖਾ ਰਹੇ ਹਨ। ਪਿਛਲੇ ਦਿਨੀਂ ਲੰਡਨ, ਇੰਗਲੈਂਡ 'ਚ ਹੋਏ ਮੁਕਾਬਲਿਆਂ ਵਿਚ ਉਨ੍ਹਾਂ 21 ਕਿਲੋਮੀਟਰ ਦੀ ਰੇਸ ਵਿਚ ਪਹਿਲਾ ਸਥਾਨ ਹਾਸਲ ਕੀਤਾ ਹੈ, ਜੋ ਕਿ ਇਸ ਉਮਰ ਵਿਚ ਬੜੀ ਵੱਡੀ ਪ੍ਰਾਪਤੀ ਹੈ। ਉਨ੍ਹਾਂ ਦੀ ਇਸ ਕਾਮਯਾਬੀ 'ਤੇ ਜਿੱਥੇ ਦੁਨੀਆਂ ਭਰ ਵਿਚ ਖੁਸ਼ੀ ਦੀ ਲਹਿਰ ਹੈ, ਉਥੇ ਮੁਡੈਸਟੋ ਰਹਿੰਦੇ ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰ ਭਾਈ ਮਨਜੀਤ ਸਿੰਘ ਨੇ ਵੀ ਸ. ਪਿਆਰਾ ਸਿੰਘ ਦੀ ਜਿੱਤ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਪੰਜਾਬ ਮੇਲ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ. ਪਿਆਰਾ ਸਿੰਘ ਚਾਨਾ, ਸ. ਫੌਜਾ ਸਿੰਘ ਨੂੰ ਆਪਣਾ ਆਦਰਸ਼ ਮੰਨਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਪ੍ਰਮਾਤਮਾ ਦੀ ਕਿਰਪਾ ਨਾਲ ਇਸੇ ਤਰ੍ਹਾਂ ਹੋਰ ਅੱਗੇ ਵਧਦੇ ਰਹਿਣਗੇ।

## ਸੀਨੀਅਰ ਆਗੂ ਅਨਿਲ ਜੋਸ਼ੀ ਨੇ ਫੜਿਆ ਕਾਂਗਰਸ ਦਾ ਹੱਥ



ਰਾਹੁਲ ਗਾਂਧੀ ਨਾਲ ਮੁਲਾਕਾਤ ਦੌਰਾਨ ਅਨਿਲ ਜੋਸ਼ੀ।

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਅੰਮ੍ਰਿਤਸਰ (ਉੱਤਰੀ) ਤੋਂ ਦੋ ਵਾਰ ਵਿਧਾਇਕ ਰਹੇ ਅਨਿਲ ਜੋਸ਼ੀ ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਆਖ ਕਾਂਗਰਸ 'ਚ ਸ਼ਾਮਲ ਹੋ ਗਏ।

ਜਾਣਕਾਰੀ ਅਨੁਸਾਰ, ਉਨ੍ਹਾਂ ਨੇ ਹਾਲ ਹੀ ਵਿਚ ਦਿੱਲੀ ਵਿਚ ਕਾਂਗਰਸ ਨੇਤਾ ਰਾਹੁਲ ਗਾਂਧੀ ਅਤੇ ਏ.ਆਈ.ਸੀ.ਸੀ. ਦੇ ਜਨਰਲ ਸਕੱਤਰ (ਸੰਗਠਨ) ਕੇ.ਸੀ. ਵੇਣੂਗੋਪਾਲ ਨਾਲ ਮੁਲਾਕਾਤ ਕੀਤੀ। ਇਸ ਮੁਲਾਕਾਤ ਦੌਰਾਨ ਉਨ੍ਹਾਂ ਨੇ ਕਾਂਗਰਸ ਵਿਚ ਸ਼ਾਮਲ ਹੋਣ ਦੀ ਇੱਛਾ ਪ੍ਰਗਟਾਈ।

ਜ਼ਿਕਰਯੋਗ ਹੈ ਕਿ ਅਨਿਲ ਜੋਸ਼ੀ ਨੇ 20 ਨਵੰਬਰ, 2024 ਨੂੰ ਅਕਾਲੀ ਦਲ ਤੋਂ ਅਸਤੀਫਾ ਦੇ ਦਿੱਤਾ ਸੀ। ਹਾਲਾਂਕਿ, ਉਹ ਜੂਨ 2025 ਵਿਚ ਲੁਧਿਆਣਾ (ਪੱਛਮੀ) ਉਪ ਚੋਣ ਦੌਰਾਨ ਅਕਾਲੀ ਦਲ ਵਿਚ ਵਾਪਸ ਆ ਗਏ। ਉਨ੍ਹਾਂ ਨੇ ਉਸੇ ਸਾਲ ਅੰਮ੍ਰਿਤਸਰ ਤੋਂ ਅਕਾਲੀ ਦਲ ਦੀ ਟਿਕਟ 'ਤੇ ਲੋਕ ਸਭਾ ਚੋਣਾਂ ਲੜੀਆਂ ਪਰ ਹਾਰ ਗਏ ਸਨ।

ਇਸ ਤੋਂ ਪਹਿਲਾਂ ਜੋਸ਼ੀ 2007 ਤੋਂ 2017 ਤੱਕ ਭਾਜਪਾ ਦੀ ਟਿਕਟ 'ਤੇ ਲਗਾਤਾਰ ਦੋ ਵਾਰ ਅੰਮ੍ਰਿਤਸਰ (ਉੱਤਰੀ) ਤੋਂ ਵਿਧਾਇਕ ਰਹੇ। 2021 ਵਿਚ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਦੌਰਾਨ ਭਾਜਪਾ ਦੀਆਂ ਨੀਤੀਆਂ ਦੀ ਆਲੋਚਨਾ ਕਰਨ ਕਾਰਨ ਉਨ੍ਹਾਂ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਗਿਆ ਸੀ। ਬਾਅਦ ਵਿਚ ਉਹ ਅਕਾਲੀ ਦਲ ਵਿਚ ਸ਼ਾਮਲ ਹੋ ਗਏ। ਜੋਸ਼ੀ ਨੇ 2012 ਤੋਂ 2017 ਤੱਕ ਅਕਾਲੀ-ਭਾਜਪਾ ਸਰਕਾਰ ਵਿਚ ਸਥਾਨਕ ਸਰਕਾਰਾਂ ਅਤੇ ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ ਵਜੋਂ ਵੀ ਸੇਵਾ ਨਿਭਾਈ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਅਨਿਲ ਜੋਸ਼ੀ ਦੇ ਕਾਂਗਰਸ ਵਿਚ ਸ਼ਾਮਲ ਹੋਣ ਨਾਲ ਅੰਮ੍ਰਿਤਸਰ ਅਤੇ ਆਸ ਪਾਸ ਦੇ ਇਲਾਕਿਆਂ ਵਿਚ ਪਾਰਟੀ ਦੀ ਸਥਿਤੀ ਮਜ਼ਬੂਤ ਹੋ ਸਕਦੀ ਹੈ।



ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਵੱਲੋਂ ਸੈਕਰਾਮੈਂਟੋ ਵਿਖੇ

# ਅੰਤਰਰਾਸ਼ਟਰੀ ਕਬੱਡੀ ਕੱਪ ਕਾਮਯਾਬੀ ਨਾਲ

ਕਰਵਾਉਣ 'ਤੇ ਸਮੂਹ ਖਿਡਾਰੀਆਂ, ਸਪਾਂਸਰਾਂ ਅਤੇ ਸਹਿਯੋਗੀਆਂ ਦਾ

## ਤਹਿ ਦਿਲੋਂ ਧੰਨਵਾਦ।

















**Randhir Singh Nijjar**

**Lakhy Singh | Sajjad Anwar**

**CAMP LOGISTICS**

**TRANSPORATATION & BROKERAGE INC**

9365, Miko Circle, Elk Grove, CA 95624



# ਧੀਰਾ ਨਿੱਝਰ (ਖੇਡ ਪ੍ਰਮੋਟਰ)

Designed By Punjab Mail USA

# Charhda Punjab Club

Sacramento, California

ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਵੱਲੋਂ ਬਰਾਡਸ਼ਾਅ ਰੋਡ, ਸੈਕਰਾਮੈਂਟੋ ਵਿਖੇ ਕਾਮਯਾਬੀ ਨਾਲ ਕਰਵਾਏ ਗਏ

## ਅੰਤਰਰਾਸ਼ਟਰੀ ਕਬੱਡੀ ਕੱਪ

ਦੀਆਂ ਸਮੂਹ ਖਿਡਾਰੀਆਂ, ਕਬੱਡੀ ਪ੍ਰੇਮੀਆਂ, ਸਪਾਂਸਰਾਂ ਅਤੇ ਸਹਿਯੋਗੀਆਂ ਨੂੰ

## ਲੱਖ-ਲੱਖ ਵਧਾਈਆਂ।





Designed By Punjab Mail USA





ਅਸੀਂ ਇੰਟਰਨੈਸ਼ਨਲ ਕਬੱਡੀ ਕੱਪ 'ਚ ਜੇਤੂ ਟੀਮ ਨੂੰ ਪਹਿਲਾ ਇਨਾਮ ਦੇਣ 'ਤੇ ਮਾਣ ਮਹਿਸੂਸ ਕਰਦੇ ਹਾਂ।








# CHARDA PUNJAB CLUB

Sacramento, Ca

# ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਵੱਲੋਂ ਬਰਾਡਸ਼ਾਅ ਰੋਡ, ਸੈਕਰਾਮੈਂਟੋ ਦੀ ਗਰਾਊਂਡ 'ਚ ਕਾਮਯਾਬੀ ਨਾਲ ਕਰਵਾਏ ਗਏ ਅੰਤਰਰਾਸ਼ਟਰੀ ਕਬੱਡੀ ਕੱਪ ਦੀਆਂ ਸਮੂਹ ਖਿਡਾਰੀਆਂ, ਕਬੱਡੀ ਪ੍ਰੇਮੀਆਂ, ਸਪਾਂਸਰਾਂ ਅਤੇ ਸਹਿਯੋਗੀਆਂ ਨੂੰ ਲੱਖ-ਲੱਖ ਵਧਾਈਆਂ।







Designed By Punjab Mail USA









JASSI SHERGILL | PARAMJIT S. KHAIRA | SAM BATH | PALWINDER SHERGILL

## ਜਸਵਿੰਦਰ ਜੱਸੀ ਸ਼ੇਰਗਿੱਲ, ਪਰਮਜੀਤ ਸਿੰਘ ਖਹਿਰਾ, ਸੈਮ ਬਾਠ, ਪਲਵਿੰਦਰ ਸ਼ੇਰਗਿੱਲ

ਪੰਜਾਬੀ ਭਰਾਵਾਂ ਦਾ ਸੈਕਰਾਮੈਂਟੋ ਵਿਚ ਆਪਣੇ ਟਰੱਕ ਸਟਾਪ

**SAC VALLEY VELLERO**

7891, Stockton Blvd, Sacramento, CA 95823

ਟਰੱਕਾਂ ਵਾਲੇ ਭਰਾਵਾਂ ਲਈ ਹਰ ਸਹੂਲਤਾਂ ਨਾਲ ਲੈਸ ਟਰੱਕ ਸਟਾਪ

**WEST SAC AM PM TRUCK STOP**

4790, West Captial Avenue, West Sacramento, CA 95691

ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਵੱਲੋਂ ਬਰਾਡਸ਼ਾਅ ਰੋਡ, ਸੈਕਰਾਮੈਂਟੋ ਦੇ ਮੈਦਾਨ ਵਿਚ ਕਰਵਾਏ ਗਏ **ਅੰਤਰਰਾਸ਼ਟਰੀ ਕਬੱਡੀ ਕੱਪ** ਦੀ ਕਾਮਯਾਬੀ ’ਤੇ ਸਮੂਹ ਖਿਡਾਰੀਆਂ, ਕਬੱਡੀ ਪ੍ਰੇਮੀਆਂ, ਸਪਾਂਸਰਾਂ ਅਤੇ ਸਹਿਯੋਗੀਆਂ ਨੂੰ ਲੱਖ-ਲੱਖ ਵਧਾਈਆਂ।














SHER SINGH



Designed By Punjab Mail USA

# ਸ਼ੇਰ ਸਿੰਘ

## Elk Grove, Sacramento

# ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਵੱਲੋਂ ਸੈਕਰਾਮੈਂਟੋ ਅੰਤਰਰਾਸ਼ਟਰੀ ਕਬੱਡੀ ਕੱਪ ਦੀ ਕਾਮਯਾਬੀ 'ਤੇ ਸਮੂਹ ਖਿਡਾਰੀਆਂ, ਸਪਾਂਸਰਾਂ ਅਤੇ ਸਹਿਯੋਗੀਆਂ ਦਾ ਤਹਿ ਦਿਲੋਂ ਧੰਨਵਾਦ।

















**ਗਾਲਟ ਸਿਟੀ ਦੇ ਵਸਨੀਕਾਂ ਵੱਲੋਂ ਮੈਨੂੰ ਗੋਲਡ ਮੈਡਲ ਦੇਣ 'ਤੇ ਬਹੁਤ ਧੰਨਵਾਦ**













## PARGAT SINGH SANDHU

**Mayor City of GALT, CALIFORNIA**

Designed By Punjab Mail USA


AMERICAN KABADDI FEDERATION & FATEH SPORTS CLUB
PRESENTS
AMERICAN KABADDI FEDERATION
EST. 2024
Fateh
CALIFORNIA
kooner
FLEET MANAGEMENT SOLUTIONS
LEGEND
Transportation, Inc.
PRESENTS:
1ST WORLD KABADDI CUP
USA 2025
at
ADVENTIST HEALTH ARENA STOCKTON CALIFORNIA
1ST WORLD
KABADDI CUP
USA
2025
05 OCT
SUNDAY
FOR MORE INFO:
SANDEEP SINGH 209-513-0508
HARSIMRAN SINGH 209-735-0240
HARMAN BARKANDI 559-917-1078
MANVIR MANGAT 209-456-2088

# ਫਿਨਲੈਂਡ ਵੱਲੋਂ ਟਰੰਪ ਦੀ ਭਾਰਤ 'ਤੇ ਨਵੇਂ ਟੈਰਿਫ ਦੀ ਮੰਗ ਨੂੰ ਸਪੱਸ਼ਟ ਤੌਰ 'ਤੇ ਕੀਤਾ ਰੱਦ

**ਕਿਹਾ: ਈ.ਯੂ. ਭਾਰਤ ਨਾਲ ਵਪਾਰ ਵਧਾਉਣ ਅਤੇ ਟੈਰਿਫ ਘਟਾਉਣ ਲਈ ਕਰ ਰਹੀ ਹੈ ਕੰਮ**



**ਨਵੀਂ ਦਿੱਲੀ, (ਪੰਜਾਬ ਮੇਲ)-** ਫਿਨਲੈਂਡ ਦੀ ਵਿਦੇਸ਼ ਮੰਤਰੀ ਏਲੀਨਾ ਵਾਲਟੋਨੇਨ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਭਾਰਤ 'ਤੇ ਨਵੇਂ ਟੈਰਿਫ ਦੀ ਮੰਗ ਨੂੰ ਸਪੱਸ਼ਟ ਤੌਰ 'ਤੇ ਰੱਦ ਕਰ ਦਿੱਤਾ ਹੈ, ਇਹ ਕਹਿੰਦੇ ਹੋਏ ਕਿ ਯੂਰਪੀਅਨ ਯੂਨੀਅਨ (ਈ.ਯੂ.) ਭਾਰਤ ਨਾਲ ਵਪਾਰ ਵਧਾਉਣ ਅਤੇ ਟੈਰਿਫ ਘਟਾਉਣ ਲਈ ਕੰਮ ਕਰ ਰਹੀ ਹੈ। ਇਹ ਧਿਆਨ ਦੇਣ ਯੋਗ ਹੈ ਕਿ ਫਿਨਲੈਂਡ ਨੂੰ ਅਮਰੀਕਾ ਦਾ ਇੱਕ ਨਜ਼ਦੀਕੀ ਦੇਸ਼ ਮੰਨਿਆ ਜਾਂਦਾ ਹੈ ਅਤੇ ਰਾਸ਼ਟਰਪਤੀ ਅਲੈਗਜ਼ੈਂਡਰ ਸਟੱਬ ਦਾ ਟਰੰਪ ਨਾਲ ਬਹੁਤ ਨਜ਼ਦੀਕੀ ਸਬੰਧ ਹੈ। ਇਸ ਦੇ ਬਾਵਜੂਦ, ਫਿਨਲੈਂਡ ਨੇ ਭਾਰਤ ਦਾ ਸਮਰਥਨ ਕੀਤਾ ਹੈ।

ਰੂਸ ਤੋਂ ਊਰਜਾ ਖਰੀਦਣ ਲਈ ਭਾਰਤ 'ਤੇ ਦੰਡਕਾਰੀ ਟੈਰਿਫ ਲਗਾਉਣ ਦੀ ਟਰੰਪ ਦੀ ਬੇਨਤੀ ਨੂੰ ਰੱਦ ਕਰਦੇ ਹੋਏ, ਵਾਲਟੋਨੇਨ ਨੇ ਸਪੱਸ਼ਟ ਕੀਤਾ ਕਿ ਯੂਰਪੀਅਨ ਯੂਨੀਅਨ ਦੀ ਤਰਜੀਹ ਰੂਸ 'ਤੇ ਸਿੱਧੀਆਂ ਪਾਬੰਦੀਆਂ ਅਤੇ ਟੈਰਿਫ ਲਗਾਉਣਾ ਹੈ, ਨਾ ਕਿ ਭਾਰਤ ਵਰਗੇ ਭਾਈਵਾਲ ਦੇਸ਼ਾਂ 'ਤੇ ਅਜਿਹੀਆਂ ਪਾਬੰਦੀਆਂ।

ਸੰਯੁਕਤ ਰਾਸ਼ਟਰ ਮਹਾਸਭਾ ਦੌਰਾਨ ਇੱਕ ਇੰਟਰਵਿਊ ਵਿਚ, ਉਸਨੇ ਭਾਰਤ ਨਾਲ ਮੁਕਤ ਵਪਾਰ ਸਮਝੌਤੇ (ਐੱਫ.ਟੀ.ਏ.) ਨੂੰ ਤੇਜ਼ ਕਰਨ ਦੀ ਆਪਣੀ ਇੱਛਾ ਪ੍ਰਗਟ ਕੀਤੀ। ਵਾਲਟੋਨੇਨ ਨੇ ਕਿਹਾ ਕਿ ਯੂਰਪ ਦੀ ਰਣਨੀਤੀ ਰੂਸ ਵਿਰੁੱਧ ਸਖ਼ਤ ਪਾਬੰਦੀਆਂ ਅਤੇ ਤੇਲ ਦੀ ਕੀਮਤ ਦੀ ਸੀਮਾ ਵਰਗੇ ਉਪਾਵਾਂ 'ਤੇ ਕੇਂਦ੍ਰਿਤ ਹੈ, ਜਿਸ ਨਾਲ ਰੂਸੀ ਕੱਚੇ ਤੇਲ ਦੀ ਦਰਾਮਦ 90% ਘੱਟ ਗਈ ਹੈ। ਉਸਨੇ ਭਾਰਤ ਅਤੇ ਚੀਨ 'ਤੇ ਸੈਕੰਡਰੀ ਟੈਰਿਫ ਲਗਾਉਣ ਦੀ ਜ਼ਰੂਰਤ ਨੂੰ ਖਾਰਜ ਕਰ ਦਿੱਤਾ, ਇਹ ਕਹਿੰਦੇ ਹੋਏ ਕਿ ਮੌਜੂਦਾ ਪਾਬੰਦੀਆਂ ਨੀਤੀ ਕਾਫ਼ੀ ਪ੍ਰਭਾਵਸ਼ਾਲੀ ਹੈ।

ਵਾਲਟੋਨੇਨ ਨੇ ਭਾਰਤ ਨਾਲ ਆਰਥਿਕ ਸਬੰਧਾਂ ਨੂੰ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ। ਉਸਨੇ ਕਿਹਾ, "ਅਸੀਂ ਭਾਰਤ ਨਾਲ ਵਪਾਰ ਵਧਾਉਣ ਦੀ ਉਮੀਦ ਕਰਦੇ ਹਾਂ। ਨਵੇਂ ਟੈਰਿਫ ਲਗਾਉਣ ਦੀ ਬਜਾਏ, ਅਸੀਂ ਮੌਜੂਦਾ ਟੈਰਿਫਾਂ ਨੂੰ ਘਟਾਉਣਾ ਚਾਹੁੰਦੇ ਹਾਂ ਅਤੇ ਜਲਦੀ ਤੋਂ ਜਲਦੀ ਚੰਗੀ ਭਾਵਨਾ ਨਾਲ ਐੱਫ.ਟੀ.ਏ. ਗੱਲਬਾਤ ਨੂੰ ਪੂਰਾ ਕਰਨਾ ਚਾਹੁੰਦੇ ਹਾਂ।" ਹਾਲਾਂਕਿ, ਉਸਨੇ ਇਹ ਵੀ ਕਿਹਾ ਕਿ ਯੂਰਪ ਨੂੰ ਉਮੀਦ ਹੈ ਕਿ ਭਾਰਤ ਭੂ-ਰਣਨੀਤਕ ਦ੍ਰਿਸ਼ਟੀਕੋਣ ਤੋਂ ਈ.ਯੂ. ਦੀ ਵਿਦੇਸ਼ ਨੀਤੀ ਨਾਲ ਵਧੇਰੇ ਇਕਸਾਰ ਹੋ ਜਾਵੇਗਾ।

ਟਰੰਪ ਦੀ ਮੰਗ ਦਾ ਜਵਾਬ ਦਿੰਦੇ ਹੋਏ, ਵਾਲਟੋਨੇਨ ਨੇ ਕਿਹਾ ਕਿ ਯੂਰਪ ਆਪਣੀ ਸੁਤੰਤਰ ਪਾਬੰਦੀਆਂ ਨੀਤੀ ਨੂੰ ਕਾਇਮ ਰੱਖਦਾ ਹੈ। ਉਸਨੇ ਕਿਹਾ, "ਸਾਡਾ ਮੁੱਖ ਹਥਿਆਰ ਰੂਸ ਵਿਰੁੱਧ ਪ੍ਰਭਾਵਸ਼ਾਲੀ ਪਾਬੰਦੀਆਂ ਹਨ। ਅਸੀਂ ਟੈਰਿਫਾਂ 'ਤੇ ਵਿਚਾਰ ਕਰ ਰਹੇ ਹਾਂ, ਪਰ ਇਹ ਸਿੱਧੇ ਤੌਰ 'ਤੇ ਰੂਸ 'ਤੇ ਲਗਾਏ ਜਾਣਗੇ, ਕਿਉਂਕਿ ਯੂਰਪ ਅਜੇ ਵੀ ਰੂਸ ਤੋਂ ਕੁਝ ਚੀਜ਼ਾਂ ਅਤੇ ਸੇਵਾਵਾਂ ਆਯਾਤ ਕਰਦਾ ਹੈ।" ਉਨ੍ਹਾਂ ਇਹ ਵੀ ਕਿਹਾ ਕਿ ਯੂਰਪ ਨੇ ਰੂਸ ਤੋਂ ਤੇਲ ਦਰਾਮਦ ਵਿਚ ਕਾਫ਼ੀ ਕਮੀ ਕੀਤੀ ਹੈ ਅਤੇ ਅਜਿਹਾ ਕਰਨਾ ਜਾਰੀ ਰੱਖੇਗਾ।

ਭਾਰਤ ਅਤੇ ਚੀਨ 'ਤੇ ਸੈਕੰਡਰੀ ਟੈਰਿਫ ਦੇ ਸਵਾਲ ਦੇ ਸੰਬੰਧ ਵਿਚ, ਵਾਲਟੋਨੇਨ ਨੇ ਕਿਹਾ, "ਅਸੀਂ ਨਵੀਆਂ ਸੰਭਾਵਨਾਵਾਂ ਦੀ ਪੜਚੋਲ ਕਰਨ ਲਈ ਉਤਸੁਕ ਹਾਂ, ਪਰ ਹੁਣ ਲਈ, ਅਸੀਂ ਮੌਜੂਦਾ ਪਾਬੰਦੀਆਂ ਨੀਤੀ ਅਤੇ ਤੇਲ ਕੀਮਤ ਸੀਮਾ ਨੂੰ ਕਾਫ਼ੀ ਮੰਨਦੇ ਹਾਂ।" ਉਨ੍ਹਾਂ ਨੇ ਯੂਕਰੇਨ ਸੰਘਰਸ਼ ਨੂੰ ਖਤਮ ਕਰਨ ਵਿਚ ਭਾਰਤ ਦੀ ਵਧਦੀ ਭੂਮਿਕਾ ਦੀ ਪ੍ਰਸ਼ੰਸਾ ਕੀਤੀ, ਖਾਸ ਤੌਰ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਫਿਨਲੈਂਡ ਦੇ ਰਾਸ਼ਟਰਪਤੀ ਅਲੈਗਜ਼ੈਂਡਰ ਸਟੱਬ ਵਿਚਕਾਰ ਹਾਲ ਹੀ ਵਿਚ ਹੋਈ ਫ਼ੋਨ ਗੱਲਬਾਤ ਦਾ ਹਵਾਲਾ ਦਿੰਦੇ ਹੋਏ।

ਅਮਰੀਕਾ ਨੇ ਪਹਿਲਾਂ ਹੀ ਭਾਰਤ 'ਤੇ 50% ਟੈਰਿਫ ਲਗਾਇਆ ਹੈ, ਜਿਸ ਵਿਚੋਂ 25% ਖਾਸ ਤੌਰ 'ਤੇ ਰੂਸੀ ਤੇਲ ਖਰੀਦਣ ਲਈ ਹੈ, ਦੋਸ਼ ਲਗਾਇਆ ਹੈ ਕਿ ਭਾਰਤ ਅਸਿੱਧੇ ਤੌਰ 'ਤੇ ਰੂਸ ਦੇ ਯੂਕਰੇਨ ਯੁੱਧ ਨੂੰ ਫੰਡ ਦੇ ਰਿਹਾ ਹੈ। ਹਾਲਾਂਕਿ, ਯੂਰਪ ਨੇ ਇੱਕ ਵੱਖਰਾ ਤਰੀਕਾ ਚੁਣਿਆ ਹੈ, ਜੋ ਭਾਰਤ ਨਾਲ ਸਹਿਯੋਗ ਅਤੇ ਵਪਾਰ ਵਧਾਉਣ 'ਤੇ ਕੇਂਦ੍ਰਿਤ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

# ਟਰੰਪ ਵੱਲੋਂ ਹੁਣ ਫਿਲਮਾਂ 'ਤੇ 100 ਫੀਸਦੀ ਟੈਰਿਫ ਲਗਾਉਣ ਦਾ ਐਲਾਨ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਮਵਾਰ ਨੂੰ ਪੂਰੀ ਦੁਨੀਆ ਨੂੰ ਵੱਡਾ ਝਟਕਾ ਦਿੱਤਾ। ਉਨ੍ਹਾਂ ਨੇ ਅਮਰੀਕਾ ਤੋਂ ਬਾਹਰ ਬਣੀਆਂ ਫਿਲਮਾਂ 'ਤੇ 100 ਫੀਸਦੀ ਟੈਰਿਫ ਲਗਾਉਣ ਦਾ ਐਲਾਨ ਕੀਤਾ। ਮੰਨਿਆ ਜਾ ਰਿਹਾ ਹੈ ਕਿ ਇਸ ਫੈਸਲੇ ਦਾ ਭਾਰਤ ਵਿਚ ਬਣੀਆਂ ਫਿਲਮਾਂ 'ਤੇ ਵੀ ਅਸਰ ਪਵੇਗਾ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਮਵਾਰ ਨੂੰ 'ਟਰੂਥ ਸੋਸ਼ਲ' 'ਤੇ ਇਕ ਪੋਸਟ ਸਾਂਝੀ ਕੀਤੀ, ਜਿਸ ਵਿਚ ਵਿਦੇਸ਼ਾਂ 'ਚ ਬਣੀਆਂ ਸਾਰੀਆਂ ਫਿਲਮਾਂ 'ਤੇ 100 ਫੀਸਦੀ ਟੈਰਿਫ ਲਗਾਉਣ ਦਾ ਐਲਾਨ ਕੀਤਾ ਗਿਆ। ਉਨ੍ਹਾਂ ਨੇ ਆਪਣੀ ਪੋਸਟ ਵਿਚ ਕਿਹਾ ਕਿ ਸਾਡੇ ਫਿਲਮ ਉਦਯੋਗ ਨੂੰ ਦੂਜੇ ਦੇਸ਼ਾਂ ਨੇ ਅਮਰੀਕਾ ਤੋਂ ਲੁੱਟ ਲਿਆ ਹੈ, ਜਿਵੇਂ ਇਕ ਬੱਚੇ ਤੋਂ ਉਸ ਦੀ ਕੈਂਡੀ ਖੋਹ ਲਈ ਜਾਂਦੀ ਹੈ।

ਉਨ੍ਹਾਂ ਇਹ ਵੀ ਕਿਹਾ ਕਿ ਕੈਲੀਫੋਰਨੀਆ ਆਪਣੇ ਕਮਜ਼ੋਰ ਅਤੇ ਅਯੋਗ ਗਵਰਨਰ ਕਾਰਨ ਇਸ ਸਮੱਸਿਆ ਤੋਂ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ। ਇਸ ਲਈ ਇਸ ਲੰਬੇ ਸਮੇਂ ਤੋਂ ਚੱਲੀ ਆ ਰਹੀ ਅਣਸੁਲਝੀ ਸਮੱਸਿਆ ਨੂੰ ਹੱਲ ਕਰਨ ਲਈ ਮੈਂ ਵਿਦੇਸ਼ਾਂ 'ਚ ਬਣੀਆਂ ਸਾਰੀਆਂ ਫਿਲਮਾਂ 'ਤੇ 100 ਫੀਸਦੀ ਟੈਰਿਫ ਲਗਾਵਾਂਗਾ।

ਇਸ ਤੋਂ ਥੋੜ੍ਹੀ ਦੇਰ ਬਾਅਦ ਇਕ ਹੋਰ ਪੋਸਟ 'ਚ ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਉੱਤਰੀ ਕੈਰੋਲੀਨਾ, ਜਿਸ ਨੇ ਆਪਣਾ ਫਰਨੀਚਰ ਉਦਯੋਗ ਪੂਰੀ ਤਰ੍ਹਾਂ ਚੀਨ ਅਤੇ ਹੋਰ ਦੇਸ਼ਾਂ ਹੱਥੋਂ ਗੁਆ ਦਿੱਤਾ ਹੈ, ਨੂੰ ਦੁਬਾਰਾ ਮਹਾਨ ਬਣਾਉਣ ਲਈ ਉਹ ਉਨ੍ਹਾਂ ਸਾਰੇ ਦੇਸ਼ਾਂ 'ਤੇ ਟੈਰਿਫ ਲਗਾਉਣਗੇ, ਜੋ ਅਮਰੀਕਾ 'ਚ ਆਪਣਾ ਫਰਨੀਚਰ ਨਹੀਂ ਬਣਾਉਂਦੇ। ਉਨ੍ਹਾਂ ਅੱਗੇ ਕਿਹਾ ਕਿ ਹੋਰ ਵੇਰਵੇ ਬਾਅਦ 'ਚ ਦਿੱਤੇ ਜਾਣਗੇ।

ਜ਼ਿਕਰਯੋਗ ਹੈ ਕਿ ਪਿਛਲੇ ਕੁਝ ਸਾਲਾਂ 'ਚ ਅਮਰੀਕਾ 'ਚ ਭਾਰਤੀ ਫਿਲਮ ਕਾਰੋਬਾਰ ਲਗਭਗ 20 ਅਰਬ ਡਾਲਰ ਤੱਕ ਪਹੁੰਚ ਗਿਆ ਹੈ। ਜੇਕਰ ਭਾਰਤੀ ਫਿਲਮਾਂ 'ਤੇ 100 ਫੀਸਦੀ ਟੈਰਿਫ ਲਗਾਇਆ ਜਾਂਦਾ ਹੈ, ਤਾਂ ਇਸ ਦਾ ਅਸਰ ਭਾਰਤੀ ਫਿਲਮ ਉਦਯੋਗ 'ਤੇ ਵੀ ਪਵੇਗਾ।




# ਡੋਨਾਲਡ ਟਰੰਪ ਦੇ ਬਿਆਨ ਨੇ ਅਮਰੀਕੀ ਰਾਜਨੀਤਿਕ ਹਲਕਿਆਂ ਵਿਚ ਮਚਾਈ ਹਲਚਲ



■ ਕਿਹਾ: ਮੈਂ ਜੋ ਕਹਿੰਦਾ ਹਾਂ, ਉਸ ਬਾਰੇ ਜ਼ਿਆਦਾ ਸੋਚਦਾ ਨਹੀਂ...

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਹਫ਼ਤੇ ਆਪਣੇ ਬਿਆਨਾਂ ਨਾਲ ਇੱਕ ਵਾਰ ਫਿਰ ਮੀਡੀਆ ਅਤੇ ਜਨਤਾ ਨੂੰ ਹੈਰਾਨ ਕਰ ਦਿੱਤਾ। ਇੱਕ ਤਾਜ਼ਾ ਬਿਆਨ 'ਚ ਟਰੰਪ ਨੇ ਕਿਹਾ ਕਿ ਮੈਂ ਜੋ ਕਹਿੰਦਾ ਹਾਂ ਉਸ ਬਾਰੇ ਜ਼ਿਆਦਾ ਸੋਚਦਾ ਨਹੀਂ," ਜਿਸਨੇ ਅਮਰੀਕੀ ਰਾਜਨੀਤਿਕ ਹਲਕਿਆਂ ਵਿਚ ਹਲਚਲ ਮਚਾ ਦਿੱਤੀ। ਇਹ ਬਿਆਨ ਦਰਸਾਉਂਦਾ ਹੈ ਕਿ ਉਹ ਹੁਣ ਆਪਣੀ ਹਰ ਟਿੱਪਣੀ ਨਾਲ ਪਹਿਲਾਂ ਵਾਂਗ ਸਾਵਧਾਨ ਨਹੀਂ ਹਨ ਤੇ ਵਧੇਰੇ ਆਤਮਵਿਸ਼ਵਾਸੀ ਅਤੇ ਬੇਪਰਵਾਹ ਹੋ ਗਏ ਹਨ। ਇੱਕ ਨਿਊਜ਼ ਕਾਨਫਰੰਸ ਦੌਰਾਨ, ਉਸਨੇ ਇਹ ਸਨਸਨੀਖੇਜ਼ ਦਾਅਵਾ ਕੀਤਾ ਕਿ ਉਸਨੂੰ ਔਟਿਜ਼ਮ ਦਾ "ਜਵਾਬ" ਮਿਲ ਗਿਆ ਹੈ, ਇਹ ਕਹਿੰਦੇ ਹੋਏ: "ਬੌਬੀ (ਕੈਨੇਡੀ) ਆਪਣੇ ਸ਼ਬਦਾਂ ਨਾਲ ਬਹੁਤ ਸਾਵਧਾਨ ਹੈ, ਪਰ ਮੈਂ ਆਪਣੇ ਸ਼ਬਦਾਂ ਨਾਲ ਇੰਨਾ ਸਾਵਧਾਨ ਨਹੀਂ ਹਾਂ।"

ਟਰੰਪ ਦੇ ਬਿਆਨ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਉਹ ਹੁਣ ਪੂਰੀ ਤਰ੍ਹਾਂ ਬੇਦਾਗ ਹੈ, ਰਵਾਇਤੀ ਰਾਜਨੀਤਿਕ ਸ਼ਿਸ਼ਟਾਚਾਰ ਅਤੇ ਸਾਵਧਾਨੀ ਦੀ ਅਣਦੇਖੀ ਕਰਦਾ ਹੈ। ਕੁਝ ਦਿਨ ਪਹਿਲਾਂ, ਚਾਰਲੀ ਕਿਰਕ ਦੀ ਵਿਧਵਾ, ਏਰਿਕਾ ਨੇ ਆਪਣੇ ਪਤੀ ਦੇ ਕਾਤਲ ਨੂੰ ਮਾਫ਼ ਕਰ ਦਿੱਤਾ। ਟਰੰਪ ਨੇ ਇਸ ਮੌਕੇ ਮ੍ਰਿਤਕ ਲਈ ਯਾਦਗਾਰੀ ਸੇਵਾ ਵਿਚ ਸ਼ਿਰਕਤ ਕੀਤੀ। ਉਸਨੇ ਲੋਕਾਂ ਨੂੰ ਕਿਹਾ ਕਿ ਉਹ ਆਪਣੇ ਵਿਰੋਧੀਆਂ ਨੂੰ "ਨਫ਼ਰਤ" ਕਰਦਾ ਹੈ। ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਟਰੰਪ ਦਾ ਇਹ ਅੰਦਾਜ਼ ਉਨ੍ਹਾਂ ਨੂੰ ਉਨ੍ਹਾਂ ਦੇ ਸਮਰਥਕਾਂ ਵਿਚ ਵਧੇਰੇ ਪ੍ਰਸਿੱਧ ਬਣਾ ਰਿਹਾ ਹੈ, ਜਦੋਂ ਕਿ ਵਿਰੋਧੀ ਪਾਰਟੀਆਂ ਇਸਨੂੰ ਖ਼ਤਰਨਾਕ ਅਤੇ ਅਸੰਵੇਦਨਸ਼ੀਲ ਮੰਨਦੀਆਂ ਹਨ। ਰਾਜਨੀਤਿਕ ਵਿਸ਼ਲੇਸ਼ਕਾਂ ਦਾ ਸੁਝਾਅ ਹੈ ਕਿ ਟਰੰਪ ਹੁਣ ਜਨਤਕ ਪਲੇਟਫਾਰਮਾਂ 'ਤੇ ਆਪਣੇ ਵਿਚਾਰ ਬਹੁਤ ਜ਼ਿਆਦਾ ਵਿਸ਼ਵਾਸ ਨਾਲ ਪ੍ਰਗਟ ਕਰ ਰਹੇ ਹਨ।

ਰਾਜਨੀਤਿਕ ਮਾਹਰ ਕਹਿੰਦੇ ਹਨ ਕਿ ਇਹ ਪਹੁੰਚ ਉਨ੍ਹਾਂ ਦੇ ਸਮਰਥਕਾਂ ਨੂੰ ਊਰਜਾਵਾਨ ਬਣਾਉਣ ਲਈ ਹੈ, ਜਦੋਂ ਕਿ ਵਿਰੋਧੀ ਪਾਰਟੀਆਂ ਇਸਨੂੰ ਆਲੋਚਨਾਤਮਕ ਤੌਰ 'ਤੇ ਦੇਖਦੀਆਂ ਹਨ। ਟਰੰਪ ਦੇ ਰਾਜਨੀਤਿਕ ਵਿਰੋਧੀ ਚਿੰਤਤ ਹਨ ਕਿ ਉਨ੍ਹਾਂ ਦੀਆਂ ਬੇਫਿਕਰ ਟਿੱਪਣੀਆਂ ਅਮਰੀਕੀ ਰਾਜਨੀਤੀ ਵਿਚ ਤਣਾਅ ਨੂੰ ਹੋਰ ਧਰੁਵੀਕਰਨ ਅਤੇ ਵਧਾ ਸਕਦੀਆਂ ਹਨ। ਟਰੰਪ ਨੇ ਆਪਣੇ ਬਿਆਨ 'ਚ ਇਹ ਵੀ ਸੰਕੇਤ ਦਿੱਤਾ ਕਿ ਉਹ ਹੁਣ ਰਵਾਇਤੀ ਪ੍ਰੋਟੋਕੋਲ ਜਾਂ ਮੀਡੀਆ ਦੀ ਚਿੰਤਾ ਕੀਤੇ ਬਿਨਾਂ ਜਨਤਾ ਨਾਲ ਸਿੱਧਾ ਸੰਚਾਰ ਕਰ ਸਕਦੇ ਹਨ। ਪਹਿਲਾਂ, ਟਰੰਪ ਸੋਸ਼ਲ ਮੀਡੀਆ ਤੇ ਜਨਤਕ ਮੀਟਿੰਗਾਂ 'ਚ ਆਪਣੇ ਸਿੱਧੇ ਤੇ ਵਿਵਾਦਪੂਰਨ ਬਿਆਨਾਂ ਨਾਲ ਅਕਸਰ ਸੁਰਖੀਆਂ ਵਿਚ ਰਹੇ ਹਨ। ਮਾਹਰਾਂ ਦਾ ਮੰਨਣਾ ਹੈ ਕਿ ਟਰੰਪ ਇਸ ਸਮੇਂ 2025 ਤੇ ਉਸ ਤੋਂ ਬਾਅਦ ਸੰਭਾਵੀ ਰਾਜਨੀਤਿਕ ਲੜਾਈਆਂ ਲਈ ਆਪਣੀ ਰਣਨੀਤੀ ਨੂੰ ਮਜ਼ਬੂਤ ਕਰ ਰਹੇ ਹਨ। ਉਨ੍ਹਾਂ ਦਾ ਬਿਆਨ ਅਮਰੀਕੀ ਰਾਸ਼ਟਰਪਤੀ ਚੋਣਾਂ ਅਤੇ ਪਾਰਟੀ ਦੇ ਅੰਦਰ ਸ਼ਕਤੀ ਸੰਤੁਲਨ ਨੂੰ ਪ੍ਰਭਾਵਿਤ ਕਰ ਸਕਦਾ ਹੈ।

# ਸਾਊਥ ਏਸ਼ੀਅਨ ਬਾਰ ਐਸੋਸੀਏਸ਼ਨ ਵੱਲੋਂ ਐੱਚ-1ਬੀ ਵੀਜ਼ਾ ਫੀਸ ਵਧਾਉਣ ਦਾ ਫੈਸਲਾ ਵਾਪਸ ਲੈਣ ਦੀ ਮੰਗ




**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਸਾਊਥ ਏਸ਼ੀਅਨ ਬਾਰ ਐਸੋਸੀਏਸ਼ਨ ਆਫ ਨਾਰਥ ਅਮਰੀਕਾ ਫਾਊਂਡੇਸ਼ਨ ਨੇ ਜਾਰੀ ਇੱਕ ਬਿਆਨ ਵਿਚ ਐੱਚ-1ਬੀ ਵੀਜ਼ਾ ਫੀਸ 1 ਲੱਖ ਡਾਲਰ ਕਰਨ ਦੀ ਤਿੱਖੀ ਆਲੋਚਨਾ ਕਰਦਿਆਂ ਕਿਹਾ ਹੈ ਕਿ ਇਹ ਕਦਮ ਅਣਉਚਿੱਤ ਹੈ ਤੇ ਇਸ ਨਾਲ ਹਜ਼ਾਰਾਂ ਪ੍ਰਵਾਸੀਆਂ ਵਿਚ ਰੋਹ ਤੇ ਗੁੱਸੇ ਦੀ ਭਾਵਨਾ ਪਾਈ ਜਾ ਰਹੀ ਹੈ। ਫਾਊਂਡੇਸ਼ਨ ਦੀ ਪ੍ਰਧਾਨ ਗੀਤੂ ਕੁਮਾਰ ਨੇ ਕਿਹਾ ਹੈ ਕਿ ਟਰੰਪ ਪ੍ਰਸ਼ਾਸਨ ਦੀ ਪ੍ਰਵਾਸੀਆਂ ਪ੍ਰਤੀ ਨੀਤੀ ਨੇ ਭੰਬਲਭੂਸਾ ਤੇ ਡਰ ਦੀ ਭਾਵਨਾ ਪੈਦਾ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਹ ਕਦਮ ਨਾ ਕੇਵਲ ਦਖਣ ਏਸ਼ੀਆਈ ਲੋਕਾਂ ਲਈ ਖਤਰਨਾਕ ਹੈ, ਬਲਕਿ ਇਸ ਨੇ ਨਿਆਂਸੰਗਤ ਅਮਰੀਕੀ ਕਦਰਾਂ-ਕੀਮਤਾਂ ਦਾ ਵੀ ਘਾਣ ਕੀਤਾ ਹੈ। ਐਸੋਸੀਏਸ਼ਨ ਨੇ ਕਿਹਾ ਹੈ ਕਿ ਫੀਸ ਵਧਾਉਣ ਦਾ ਕੋਈ ਕਾਨੂੰਨੀ ਆਧਾਰ ਨਹੀਂ ਹੈ ਤੇ ਟਰੰਪ ਪ੍ਰਸ਼ਾਸਨ ਦੇ ਇਸ ਕਦਮ ਨਾਲ ਸਿਹਤ ਸੰਭਾਲ, ਤਕਨੀਕ ਤੇ ਖੋਜ਼ ਸਮੇਤ ਅਮਰੀਕੀ ਅਰਥ ਵਿਵਸਥਾ ਦੇ ਪ੍ਰਮੁੱਖ ਖੇਤਰਾਂ ਉਪਰ ਬੁਰਾ ਅਸਰ ਪਵੇਗਾ। ਇਸ ਕਦਮ ਨੇ ਇਹ ਸੁਨੇਹਾ ਦਿੱਤਾ ਹੈ ਕਿ ਪ੍ਰਵਾਸੀਆਂ ਦੇ ਹੁਨਰ, ਸਖਤ ਮਿਹਨਤ ਤੇ ਸਮਰਪਿਤ ਭਾਵਨਾ ਦੀ ਕੋਈ ਕਦਰ ਨਹੀਂ ਹੈ। ਫਾਊਂਡੇਸ਼ਨ ਨੇ ਅਮਰੀਕੀ ਨੀਤੀ ਘਾੜਿਆਂ ਤੋਂ ਮੰਗ ਕੀਤੀ ਹੈ ਕਿ ਉਹ ਫੀਸ ਵਧਾਉਣ ਦੇ ਨਿਰਣੇ ਨੂੰ ਵਾਪਸ ਲੈਣ ਤੇ ਮਾਨਵ ਪੱਖੀ ਇਮੀਗ੍ਰੇਸ਼ਨ ਸੁਧਾਰ ਕਰਨ ਜਿਨ੍ਹਾਂ ਨਾਲ ਸਾਰੇ ਵਰਕਰਾਂ ਦਾ ਮਾਣ-ਸਨਮਾਨ ਕਾਇਮ ਹੁੰਦਾ ਹੋਵੇ। ਫਾਊਂਡੇਸ਼ਨ ਆਗੂਆਂ ਨੇ ਨਵੀਂ ਨੀਤੀ ਨਾਲ ਪ੍ਰਭਾਵਿਤ ਭਾਈਚਾਰਿਆਂ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਉਹ ਟਰੰਪ ਪ੍ਰਸ਼ਾਸਨ ਦੀ ਗਲਤ ਪਹੁੰਚ ਵਿਰੁੱਧ ਜੱਦੋ-ਜਹਿਦ ਕਰਦੇ ਰਹਿਣਗੇ।

# ਐੱਚ-1ਬੀ ਵੀਜ਼ਾ ਪ੍ਰਕਿਰਿਆ 'ਚ 2026 ਤੋਂ ਪਹਿਲਾਂ ਵੱਡੇ ਬਦਲਾਅ ਦੇ ਸੰਕੇਤ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਵਣਜ ਮੰਤਰੀ ਹਾਵਰਡ ਲੁਟਨਿਕ ਨੇ ਕਿਹਾ ਹੈ ਕਿ ਫਰਵਰੀ 2026 'ਚ ਐੱਚ-1ਬੀ ਵੀਜ਼ਾ ਮਾਮਲੇ 'ਚ ਇਕ ਲੱਖ ਡਾਲਰ ਦੀ ਨਵੀਂ ਫੀਸ ਲਾਗੂ ਹੋਣ ਤੋਂ ਪਹਿਲਾਂ ਵੀਜ਼ਾ ਪ੍ਰਕਿਰਿਆ 'ਚ ਕਾਫੀ ਬਦਲਾਅ ਹੋਣਗੇ। ਉਨ੍ਹਾਂ 'ਸਸਤੇ' ਤਕਨੀਕੀ ਸਲਾਹਕਾਰਾਂ ਦੇ ਮੁਲਕ 'ਚ ਆਉਣ ਅਤੇ ਪਰਿਵਾਰਾਂ ਨੂੰ ਨਾਲ ਲਿਆਉਣ ਦੇ ਵਿਚਾਰ ਨੂੰ ਗਲਤ ਠਹਿਰਾਇਆ। ਟਰੰਪ ਪ੍ਰਸ਼ਾਸਨ ਨੇ ਇਸ ਮਹੀਨੇ ਨਵੇਂ ਐੱਚ-1ਬੀ ਵਰਕ ਵੀਜ਼ੇ ਲਈ ਇਕ ਲੱਖ ਡਾਲਰ ਦੀ ਯਕਮੁਸ਼ਤ ਫੀਸ ਦਾ ਐਲਾਨ ਕੀਤਾ ਹੈ। ਇਸ ਹੁਕਮ ਦਾ ਅਸਰ ਆਰਜ਼ੀ ਵੀਜ਼ਿਆਂ 'ਤੇ ਅਮਰੀਕਾ 'ਚ ਕੰਮ ਕਰਨ ਦੇ ਇੱਛੁਕ ਭਾਰਤੀ ਮਾਹਿਰਾਂ 'ਤੇ ਪੈਣ ਦੀ ਸੰਭਾਵਨਾ ਹੈ। ਲੁਟਨਿਕ ਨੇ ਇੰਟਰਵਿਊ ਦੌਰਾਨ ਕਿਹਾ ਕਿ ਐੱਚ-1ਬੀ ਵੀਜ਼ਾ ਪ੍ਰਕਿਰਿਆ 'ਚ ਕਈ ਬਦਲਾਅ ਹੋਣਗੇ ਅਤੇ ਇਹ ਲਾਟਰੀ ਨਹੀਂ ਰਹੇਗੀ। ਉਨ੍ਹਾਂ ਸਵਾਲ ਕੀਤਾ ਕਿ ਹੁਨਰਮੰਦ ਕਾਮਿਆਂ ਨੂੰ ਮੁਲਕ 'ਚ ਲਾਟਰੀ ਯੋਜਨਾ ਰਾਹੀਂ ਕਿਉਂ ਲਿਆਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ 1990 'ਚ ਬਣੀ ਐੱਚ-1ਬੀ ਪ੍ਰਕਿਰਿਆ 'ਚ ਬਦਲਾਅ ਲਈ ਸਾਰਿਆਂ ਨੇ ਸਹਿਮਤੀ ਜਤਾਈ ਹੈ। ਲੁਟਨਿਕ ਨੇ ਕਿਹਾ ਕਿ ਐੱਚ-1ਬੀ ਲਾਟਰੀ ਪ੍ਰਣਾਲੀ ਨੂੰ ਸੁਧਾਰਨ ਦੀ ਲੋੜ ਹੈ ਅਤੇ ਅਮਰੀਕਾ ਨੂੰ ਸਿਰਫ਼ ਵੱਧ ਹੁਨਰਮੰਦ ਵਿਅਕਤੀਆਂ ਨੂੰ ਨੌਕਰੀਆਂ ਦੇਣੀਆਂ ਚਾਹੀਦੀਆਂ ਹਨ।

Global Allianz
ਕਾਨੂੰਨੀ ਸਲਾਹਾਂ
LAW FIRM LLP
■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ 'ਤੇ ਸੱਟ ਲਗਣਾ
Asylum & Deportation Defense

Atul Kapoor
C.E.O

Neat Allen Sawyer
Attorney at law
Designed By Punjab Mail USA
555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਡੋਨਲਡ ਟਰੰਪ ਵੱਲੋਂ ਸੰਯੁਕਤ ਰਾਸ਼ਟਰ ’ਚ ‘ਤਿਹਰੀ ਸਾਜ਼ਿਸ਼’ ਦੀ ਜਾਂਚ ਦੀ ਮੰਗ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸੰਯੁਕਤ ਰਾਸ਼ਟਰ ਦੇ ਮੁੱਖ ਦਫ਼ਤਰ ਵਿਚ ਹੋਈਆਂ ਤਿੰਨ ਖ਼ਤਰਨਾਕ ਘਟਨਾਵਾਂ ਦੀ ਜਾਂਚ ਦੀ ਮੰਗ ਕੀਤੀ ਹੈ, ਜਿਨ੍ਹਾਂ ਵਿਚੋਂ ਇੱਕ ਘਟਨਾ ਉਦੋਂ ਵਾਪਰੀ, ਜਦੋਂ ਉਹ ਅਤੇ ਫਸਟ ਲੇਡੀ ਮੇਲਾਨੀਆ ਟਰੰਪ ਐਸਕੇਲੇਟਰ ’ਤੇ ਸਨ ਅਤੇ ਉਹ ਅਚਾਨਕ ਰੁਕ ਗਿਆ। ਉਨ੍ਹਾਂ ਨੇ ਇਸ ਨੂੰ ‘ਤਿਹਰੀ ਸਾਜ਼ਿਸ਼’ ਦੱਸਿਆ ਹੈ।

ਟਰੰਪ ਨੇ ‘ਟਰੂਥ ਸੋਸ਼ਲ’ ’ਤੇ ਇੱਕ ਪੋਸਟ ਵਿਚ ਇਹ ਵੀ ਕਿਹਾ ਕਿ ਸੰਯੁਕਤ ਰਾਸ਼ਟਰ ਨੂੰ ਆਪਣੇ ਆਪ ’ਤੇ ‘ਸ਼ਰਮ’ ਆਉਣੀ ਚਾਹੀਦੀ ਹੈ। ਉਨ੍ਹਾਂ ਕਿਹਾ, “ਸੰਯੁਕਤ ਰਾਸ਼ਟਰ ਵਿਚ ਵੱਡੀਆਂ ਬੇਇੱਜ਼ਤੀ ਵਾਲੀਆਂ ਘਟਨਾਵਾਂ ਹੋਈਆਂ – ਇੱਕ ਨਹੀਂ, ਦੋ ਨਹੀਂ, ਸਗੋਂ ਤਿੰਨ ਬਹੁਤ ਭਿਆਨਕ ਘਟਨਾਵਾਂ।”

ਪਹਿਲੀ ਘਟਨਾ ਉਦੋਂ ਵਾਪਰੀ, ਜਦੋਂ ਟਰੰਪ ਅਤੇ ਫਸਟ ਲੇਡੀ ਮੇਲਾਨੀਆ ਟਰੰਪ ਮੁੱਖ ਆਡੀਟੋਰੀਅਮ ਤੱਕ ਜਾਣ ਲਈ ਐਸਕੇਲੇਟਰ ’ਤੇ ਚੜ੍ਹੇ, ਤਾਂ ਆਟੋਮੈਟਿਕ ਪੌੜੀਆਂ ਅਚਾਨਕ ਰੁੱਕ ਗਈਆਂ, ਜਿਸ ਕਾਰਨ ਦੋਵਾਂ ਨੂੰ ਪੈਦਲ ਚੱਲ ਕੇ ਉੱਪਰ ਜਾਣਾ ਪਿਆ। ਅਮਰੀਕੀ ਰਾਸ਼ਟਰਪਤੀ ਨੇ ਕਿਹਾ, “ਇਹ ਪਲਕ ਝਪਕਦੇ ਹੀ ਰੁੱਕ ਗਿਆ। ਗਨੀਮਤ ਰਹੀ ਕਿ



ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਚਾਰਲੀ ਕਿਰਕ ਦੀ ਯਾਦ ਵਿਚ ਰੱਖੇ ਸਮਾਗਮ ਨੂੰ ਸੰਬੋਧਨ ਕਰਦੇ ਹੋਏ।

ਮੇਲਾਨੀਆ ਅਤੇ ਮੈਂ ਮੂੰਹ ਦੇ ਭਾਰ ਅੱਗੇ ਨਹੀਂ ਡਿੱਗੇ। ਅਸੀਂ ਦੋਵਾਂ ਨੇ ਮਜ਼ਬੂਤੀ ਨਾਲ ਹੈਂਡਰੇਲ ਫੜਿਆ ਹੋਇਆ ਸੀ, ਨਹੀਂ ਤਾਂ ਇੱਕ ਵੱਡਾ ਹਾਦਸਾ ਹੋ ਜਾਂਦਾ। ਇਹ ਪੂਰੀ ਤਰ੍ਹਾਂ ਨਾਲ ਸਾਜ਼ਿਸ਼ ਸੀ।” ਟਰੰਪ ਨੇ ਕਿਹਾ ਕਿ ਇਸ ਘਟਨਾ ਲਈ ਜ਼ਿੰਮੇਵਾਰ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਾਣਾ ਚਾਹੀਦਾ ਹੈ।

ਇਸ ਤੋਂ ਬਾਅਦ ਜਦੋਂ ਟਰੰਪ ਸੰਯੁਕਤ ਰਾਸ਼ਟਰ ਮਹਾਸਭਾ ਦੇ ਉੱਚ ਪੱਧਰੀ 80ਵੇਂ ਸੈਸ਼ਨ ਨੂੰ ਸੰਬੋਧਨ ਕਰਨ ਲਈ ਮੰਚ ’ਤੇ ਚੜ੍ਹੇ ਤਾਂ ਟੈਲੀਪ੍ਰੌਂਪਟਰ ਖ਼ਰਾਬ ਹੋ ਗਿਆ। ਟਰੰਪ ਨੇ ਬਿਨਾਂ ਟੈਲੀਪ੍ਰੌਂਪਟਰ ਦੇ 57 ਮਿੰਟ ਦਾ ਭਾਸ਼ਣ ਦਿੱਤਾ। ਹਾਲਾਂਕਿ 15 ਮਿੰਟ ਬਾਅਦ ਟੈਲੀਪ੍ਰੌਂਪਟਰ ਦੁਬਾਰਾ ਕੰਮ ਕਰਨ ਲੱਗਾ। ਉਨ੍ਹਾਂ ਕਿਹਾ, “ਚੰਗੀ ਗੱਲ ਇਹ ਹੈ ਕਿ ਭਾਸ਼ਣ ਨੂੰ ਸ਼ਾਨਦਾਰ ਸਮੀਖਿਆਵਾਂ ਮਿਲੀਆਂ ਹਨ। ਸ਼ਾਇਦ ਲੋਕ ਇਸ ਗੱਲ ਦੀ ਕਦਰ ਕਰਦੇ ਹਨ ਕਿ ਬਹੁਤ ਘੱਟ ਲੋਕ ਉਹ ਕਰ ਸਕਦੇ ਸਨ, ਜੋ ਮੈਂ ਕੀਤਾ।”

ਤੀਜੀ ਘਟਨਾ, ਟਰੰਪ ਨੇ ਕਿਹਾ ਕਿ ਉਨ੍ਹਾਂ ਨੂੰ ਆਪਣਾ ਭਾਸ਼ਣ ਖ਼ਤਮ ਕਰਨ ਤੋਂ ਬਾਅਦ ਦੱਸਿਆ ਗਿਆ ਕਿ ਮਹਾਸਭਾ ਦੇ ਆਡੀਟੋਰੀਅਮ ਵਿਚ ਆਵਾਜ਼ ਪੂਰੀ ਤਰ੍ਹਾਂ ਬੰਦ ਸੀ ਅਤੇ ਵਿਸ਼ਵ ਦੇ ਨੇਤਾ ਸਿਵਾਏ ਦੁਭਾਸ਼ੀਏ ਦੇ ਈਅਰਪੀਸ ਦੀ ਵਰਤੋਂ ਦੇ ਕੁਝ ਵੀ ਸੁਣ ਨਹੀਂ ਪਾ ਰਹੇ ਸਨ। ਉਨ੍ਹਾਂ ਕਿਹਾ ਕਿ ਜਦੋਂ ਭਾਸ਼ਣ ਖ਼ਤਮ ਕਰਨ ਤੋਂ ਬਾਅਦ ਉਨ੍ਹਾਂ ਨੇ ਮੇਲਾਨੀਆ ਤੋਂ ਪੁੱਛਿਆ, “ਮੈਂ ਕਿਵੇਂ ਕੀਤਾ? ਤਾਂ ਉਨ੍ਹਾਂ ਕਿਹਾ ਕਿ ‘ਮੈਨੂੰ ਤੁਹਾਡੀ ਇੱਕ ਵੀ ਗੱਲ ਨਹੀਂ ਸੁਣੀ।” ਟਰੰਪ ਨੇ ਕਿਹਾ ਕਿ ਇਹ ਘਟਨਾਵਾਂ ਮਹਿਜ਼ ਇਤਫ਼ਾਕ ਨਹੀਂ ਸਨ, ਬਲਕਿ ਸੰਯੁਕਤ ਰਾਸ਼ਟਰ ਵਿਚ ‘ਤਿਹਰੀ ਸਾਜ਼ਿਸ਼’ ਸਨ ਅਤੇ ਇਸ ਸੰਸਥਾ ਨੂੰ ਆਪਣੇ ਆਪ ’ਤੇ ‘ਸ਼ਰਮ’ ਆਉਣੀ ਚਾਹੀਦੀ ਹੈ। ਉਨ੍ਹਾਂ ਕਿਹਾ, “ਮੈਂ ਇਸ ਪੱਤਰ ਦੀ ਇੱਕ ਕਾਪੀ ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਨੂੰ ਭੇਜ ਰਿਹਾ ਹਾਂ, ਅਤੇ ਮੈਂ ਤੁਰੰਤ ਜਾਂਚ ਦੀ ਮੰਗ ਕਰਦਾ ਹਾਂ। ਇਸ ਵਿਚ ਹੈਰਾਨੀ ਨਹੀਂ ਹੈ ਕਿ ਸੰਯੁਕਤ ਰਾਸ਼ਟਰ ਉਹ ਕੰਮ ਨਹੀਂ ਕਰ ਸਕਿਆ, ਜਿਸ ਲਈ ਇਸ ਨੂੰ ਸਥਾਪਿਤ ਕੀਤਾ ਗਿਆ ਸੀ।”

# ਸੰਯੁਕਤ ਰਾਸ਼ਟਰ ਨੇ ਈਰਾਨ ’ਤੇ ਮੁੜ ਸਖ਼ਤ ਪਾਬੰਦੀਆਂ ਲਗਾਈਆਂ

ਵਾਸ਼ਿੰਗਟਨ, (ਪੰਜਾਬ ਮੇਲ)- ਸੰਯੁਕਤ ਰਾਸ਼ਟਰ ਨੇ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਨੂੰ ਲੈ ਕੇ ਐਤਵਾਰ ਤੜਕੇ ਉਸ ’ਤੇ ਮੁੜ ਪਾਬੰਦੀਆਂ ਲਗਾ ਦਿੱਤੀਆਂ, ਜਿਸ ਤੋਂ ਬਾਅਦ ਪਹਿਲਾਂ ਹੀ ਮੁਸ਼ਕਲਾਂ ਨਾਲ ਜੂਝ ਰਹੇ ਦੇਸ਼ ਦੇ ਲੋਕਾਂ ਦੀਆਂ ਭਵਿੱਖ ਨੂੰ ਲੈ ਕੇ ਚਿੰਤਾਵਾਂ ਵਧ ਗਈਆਂ ਹਨ।

ਸੰਯੁਕਤ ਰਾਸ਼ਟਰ ’ਚ ਆਖਰੀ ਸਮੇਂ ’ਚ ਕੂਟਨੀਤਕ ਕੋਸ਼ਿਸ਼ਾਂ ਅਸਫਲ ਹੋਣ ਤੋਂ ਬਾਅਦ ਐਤਵਾਰ ਨੂੰ ਈਰਾਨ ’ਤੇ ਪਾਬੰਦੀਆਂ ਲਾਗੂ ਹੋ ਗਈਆਂ। ਈਰਾਨ ਨੂੰ ਹੁਣ ਕਈ ਤਰ੍ਹਾਂ ਦੀਆਂ ਪਾਬੰਦੀਆਂ ਦਾ ਸਾਹਮਣਾ ਕਰਨਾ ਪਵੇਗਾ, ਜਿਨ੍ਹਾਂ ’ਚ ਵਿਦੇਸ਼ ’ਚ ਜਾਇਦਾਦਾਂ ’ਤੇ ਰੋਕ, ਹਥਿਆਰਾਂ ਦੇ ਸੌਦਿਆਂ ’ਤੇ ਪਾਬੰਦੀ ਅਤੇ ਬੈਲਿਸਟਿਕ ਮਿਜ਼ਾਈਲ ਪ੍ਰੋਗਰਾਮ ਅੱਗੇ ਵਧਾਉਣ ’ਤੇ ਜੁਰਮਾਨਾ ਲਾਇਆ ਜਾਣਾ ਸ਼ਾਮਲ ਹਨ।

ਇਹ ਪਾਬੰਦੀਆਂ ਅਜਿਹੇ ਸਮੇਂ ’ਚ ਲਾਈਆਂ ਗਈਆਂ ਹਨ, ਜਦੋਂ ਈਰਾਨ ਆਰਥਿਕ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਈਰਾਨ ਦੀ ਮੁਦਰਾ ਰਿਆਲ ਡਿੱਗ ਗਈ ਹੈ, ਭੋਜਨ ਦੀਆਂ ਕੀਮਤਾਂ ਵੱਧ ਰਹੀਆਂ ਹਨ, ਅਤੇ ਰੋਜ਼ਾਨਾ ਜੀਵਨ ਹੋਰ ਵੀ ਚੁਣੌਤੀਪੂਰਨ ਹੋ ਗਿਆ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com

# ਨਿਊਜਰਸੀ ’ਚ ਤਿਜੌਰੀ ਤੋੜ ਕੇ 13,000 ਹਜ਼ਾਰ ਡਾਲਰ ਚੋਰੀ ਕਰਕੇ ਲੈ ਗਏ

ਨਿਊਜਰਸੀ, (ਰਾਜ ਗੋਗਨਾ/ ਪੰਜਾਬ ਮੇਲ)- ਬੀਤੀ ਰਾਤ ਨਿਊਜਰਸੀ ਸੂਬੇ ਦੀ ਐਟਲਾਂਟਿਕ ਕਾਉਂਟੀ ਦੇ ਐੱਗ ਹਾਰਬਰ ਟਾਊਨਸ਼ਿਪ ਵਿਚ ਇੱਕ ਗੁਜਰਾਤੀ-ਭਾਰਤੀ ਦੇ ਸਟੋਰ ਤੋਂ ਤਿਜੌਰੀ ਵਿਚ ਡ੍ਰਿਲ ਕਰਕੇ ਚੋਰ 13,000 ਹਜ਼ਾਰ ਡਾਲਰ ਲੁੱਟ ਕੇ ਲੈ ਗਏ। ਸਥਾਨਕ ਮੀਡੀਆ ਰਿਪੋਰਟਾਂ ਅਨੁਸਾਰ, ਚੋਰੀ ਐਤਵਾਰ ਨੂੰ ਐੱਮ. ਐਂਡ ਐੱਸ ਪ੍ਰੋਡਿਊਸ ਅਤੇ ਡੇਲੀ ਆਊਟਲੈਟ ਨਾਂ ਦੇ ਸਟੋਰ ਵਿਚ ਹੋਈ। ਸਟੋਰ ਦੇ ਮਾਲਕ ਦੀਪੇਨ ਪਟੇਲ ਨੇ ਮੀਡੀਆ ਨੂੰ ਦੱਸਿਆ ਕਿ ਚੋਰ ਸੁਰੱਖਿਆ ਪ੍ਰਣਾਲੀ ਨੂੰ ਅਯੋਗ ਕਰਕੇ ਅਤੇ ਇੱਕ ਮੋਰੀ ਕਰਕੇ ਸਟੋਰ ਵਿਚ ਦਾਖਲ ਹੋਏ ਅਤੇ 13,000 ਹਜ਼ਾਰ ਡਾਲਰ ਦੀ ਨਗਦੀ ਦੇ ਨਾਲ ਕੈਮਰਾ ਸਿਸਟਮ ਵੀ ਨਾਲ ਲੈ ਕੇ ਫਰਾਰ ਹੋ ਗਏ। ਸਟੋਰ ਮਾਲਕ ਦੀਪੇਨ ਪਟੇਲ ਨੇ ਇਹ ਵੀ ਸ਼ੱਕ ਪ੍ਰਗਟ ਕੀਤਾ ਹੈ ਕਿ ਇਸ ਘਟਨਾ ਵਿਚ ਕੋਈ ਅੰਦਰੂਨੀ ਭੇਤੀ ਵਿਅਕਤੀ ਸ਼ਾਮਲ ਹੋ ਸਕਦਾ ਹੈ। ਕਿਉਂਕਿ ਜਿਸ ਤਰੀਕੇ ਨਾਲ ਸੁਰੱਖਿਆ ਪ੍ਰਣਾਲੀ ਬੰਦ ਕੀਤੀ ਗਈ ਸੀ, ਉਸ ਤਰੀਕੇ ਨਾਲ ਕਿਸੇ ਅਣਜਾਣ ਵਿਅਕਤੀ ਲਈ ਚੋਰੀ ਨੂੰ ਅੰਜਾਮ ਦੇਣਾ ਬਹੁਤ ਮੁਸ਼ਕਲ ਹੋਵੇਗਾ। ਦੀਪੇਨ ਪਟੇਲ ਨੇ ਕਿਹਾ ਕਿ ਸਟੋਰ ਵਿਚ ਦਾਖਲ ਹੋਏ ਚੋਰ ਕੈਸ਼ੀਅਰ ਕੋਲ ਗਏ ਅਤੇ ਆਪਣਾ ਕੰਮ ਪੂਰਾ ਕਰਨ ਤੋਂ ਬਾਅਦ ਚਲੇ ਗਏ। ਪਟੇਲ ਅਨੁਸਾਰ ਸਟੋਰ ਵਿਚ ਦਾਖਲ ਹੋਏ ਚੋਰਾਂ ਨੇ ਬਿਜਲੀ ਸਪਲਾਈ ਬੰਦ ਕਰ ਦਿੱਤੀ ਅਤੇ ਕੈਮਰਾ ਸਰਵਰ ਅਤੇ 13,000 ਹਜ਼ਾਰ ਡਾਲਰ ਦੀ ਨਕਦੀ ਲੈ ਕੇ ਭੱਜ ਗਏ। ਰਾਤ ਨੂੰ ਚੋਰੀ ਤੋਂ ਬਾਅਦ, ਕਰਮਚਾਰੀ ਸਵੇਰੇ 7 ਵਜੇ ਸਟੋਰ ਖੋਲ੍ਹਣ ਲਈ ਪਹੁੰਚੇ ਅਤੇ ਪਤਾ ਲੱਗਾ ਕਿ ਚੋਰੀ ਹੋ ਗਈ ਹੈ।



Jaspreet Singh
Attorney at Law
ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ



ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ

SACRAMENTO
5855 Auburn Blvd,
Sacramento, CA 95841,
+1-916-307-4620

FRESNO
1625 E Shaw Ave
#122, Fresno,
CA 93726
559-271-5511

FREMONT
3155 KEARNEY ST,
SUITE #248,
FREMONT, CA 94538.
+1-510-657-6444

NEWYORK
108-14 Jamaica Ave,
Richmond Hill,
NY 11418
Phone: 718-533-8444

Designed By Punjab Mail USA

# ਅਮਰੀਕਾ 'ਚ ਗ੍ਰਿਫ਼ਤਾਰ ਪੰਜਾਬੀ ਨੌਜਵਾਨ ਨੂੰ ਕੀਤਾ ਜਾਵੇਗਾ ਡਿਪੋਰਟ !

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਕੈਲੀਫੋਰਨੀਆ 'ਚ ਇੱਕ ਸਾਲ ਪਹਿਲਾਂ ਕਈ ਵਾਹਨਾਂ ਨੂੰ ਟੱਕਰ ਮਾਰਨ ਦੇ ਦੋਸ਼ ਵਿਚ ਗ੍ਰਿਫਤਾਰ ਭਾਰਤੀ ਮੂਲ ਦੇ ਟਰੱਕ ਡਰਾਈਵਰ ਪ੍ਰਤਾਪ ਸਿੰਘ ਨੂੰ ਡਿਪੋਰਟ ਕਰਨ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਇਸ ਹਾਦਸੇ 'ਚ 5 ਸਾਲ ਦੀ ਬੱਚੀ ਗੰਭੀਰ ਜ਼ਖਮੀ ਹੋ ਗਈ ਸੀ। ਪ੍ਰਤਾਪ ਸਿੰਘ 2022 ਵਿਚ ਮੈਕਸੀਕੋ ਸਰਹੱਦ ਨੂੰ ਪਾਰ ਕਰਕੇ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਆਇਆ ਸੀ।




ਕੈਲੀਫੋਰਨੀਆ ਹਾਈਵੇਅ ਪੈਟਰੋਲ ਦੀ ਇੱਕ ਰਿਪੋਰਟ ਦੇ ਅਨੁਸਾਰ, ਪ੍ਰਤਾਪ ਸਿੰਘ ਤੇਜ਼ ਰਫ਼ਤਾਰ ਨਾਲ ਗੱਡੀ ਚਲਾ ਰਿਹਾ ਸੀ ਅਤੇ ਟ੍ਰੈਫਿਕ ਅਤੇ ਉਸਾਰੀ ਸੰਬੰਧੀ ਚੇਤਾਵਨੀਆਂ ਦੀ ਅਣਦੇਖੀ ਕਰ ਰਿਹਾ ਸੀ, ਜਿਸ ਕਾਰਨ ਇਹ ਹਾਦਸਾ ਵਾਪਰਿਆ। ਇਹ ਹਾਦਸਾ 20 ਜੂਨ 2024 ਨੂੰ ਕੈਲੀਫੋਰਨੀਆ ਵਿਚ ਵਾਪਰਿਆ ਸੀ। ਹਾਦਸੇ ਤੋਂ ਇੱਕ ਸਾਲ ਬਾਅਦ, ਅਗਸਤ 2025 ਵਿਚ ਪ੍ਰਤਾਪ ਸਿੰਘ ਨੂੰ ਕੈਲੀਫੋਰਨੀਆ ਤੋਂ ਯੂ.ਐੱਸ ਇਮੀਗ੍ਰੇਸ਼ਨ ਐਂਡ ਕਸਟਮਸ ਇਨਫੋਰਸਮੈਂਟ ਨੇ ਹਿਰਾਸਤ ਵਿਚ ਲੈ ਲਿਆ ਸੀ ਅਤੇ ਉਹ ਇਸ ਸਮੇਂ ਜੇਲ੍ਹ ਵਿਚ ਨਜ਼ਰਬੰਦ ਹੈ। ਕਿਉਂਕਿ ਉਸ 'ਤੇ ਇੱਕ ਗੰਭੀਰ ਹਾਦਸੇ ਦਾ ਦੋਸ਼ ਲੱਗਿਆ ਹੈ, ਇਸ ਲਈ ਹੁਣ ਜੇਲ੍ਹ ਤੋਂ ਰਿਹਾਅ ਹੋਣਾ ਵੀ ਮੁਸ਼ਕਲ ਹੈ ਅਤੇ ਇਸ ਗੱਲ ਦੀ ਬਹੁਤ ਸੰਭਾਵਨਾ ਹੈ ਕਿ ਉਸਨੂੰ ਭਾਰਤ ਡਿਪੋਰਟ ਕੀਤਾ ਜਾਵੇਗਾ।

## ਸ਼ੀ ਜਿਨਪਿੰਗ ਵੱਲੋਂ ਟਿਕਟਾਕ ਨੂੰ ਅਮਰੀਕੀ ਮਾਲਕੀ ਹੇਠ ਲਿਆਉਣ ਲਈ ਪ੍ਰਸਤਾਵਿਤ ਸੌਦੇ ਨੂੰ ਮਨਜ਼ੂਰੀ : ਟਰੰਪ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇੱਕ ਸ਼ਾਸਕੀ ਹੁਕਮ 'ਤੇ ਦਸਤਖਤ ਕੀਤੇ ਹਨ, ਜਿਸ ਅਨੁਸਾਰ ਸੋਸ਼ਲ ਮੀਡੀਆ ਪਲੇਟਫਾਰਮ 'ਟਿਕਟਾਕ' ਨੂੰ ਅਮਰੀਕਾ ਦੇ ਕਾਨੂੰਨਾਂ ਰਾਹੀਂ ਤੈਅ ਕੀਤੀਆਂ ਗਈਆਂ ਕੌਮੀ ਸੁਰੱਖਿਆ ਚਿੰਤਾਵਾਂ ਨੂੰ ਪੂਰਾ ਕਰਦੇ ਹੋਏ ਇੱਥੇ ਸੰਚਾਲਨ ਜਾਰੀ ਰੱਖਣ ਦੀ ਇਜਾਜ਼ਤ ਹੋਵੇਗੀ। ਸਾਬਕਾ ਰਾਸ਼ਟਰਪਤੀ ਜੋਅ ਬਾਇਡਨ ਨੇ ਪਿਛਲੇ ਸਾਲ ਇੱਕ ਕਾਨੂੰਨ ਪਾਸ ਕੀਤਾ ਸੀ, ਜਿਸ ਵਿਚ ਚੀਨੀ ਕੰਪਨੀ 'ਬਾਈਟਡਾਂਸ' ਨੂੰ ਨਿਰਦੇਸ਼ ਦਿੱਤਾ ਗਿਆ ਸੀ ਕਿ ਉਹ 'ਟਿਕਟਾਕ' ਦੀਆਂ ਸੰਪਤੀਆਂ ਕਿਸੇ ਅਮਰੀਕੀ ਕੰਪਨੀ ਨੂੰ ਵੇਚ ਦੇਵੇ, ਨਹੀਂ ਤਾਂ ਪੂਰੇ ਦੇਸ਼ ਵਿਚ ਐਪ ਉੱਤੇ ਪਾਬੰਦੀ ਲਗਾ ਦਿੱਤੀ ਜਾਵੇਗੀ।

ਹਾਲਾਂਕਿ, ਟਰੰਪ ਵਾਰ-ਵਾਰ ਅਜਿਹੇ ਆਦੇਸ਼ ਜਾਰੀ ਕਰਦੇ ਰਹੇ ਹਨ, ਜਿਨ੍ਹਾਂ ਨਾਲ 'ਟਿਕਟਾਕ' ਨੂੰ ਅਮਰੀਕਾ ਵਿਚ ਕੰਮ ਕਰਨ ਦੀ ਇਜਾਜ਼ਤ ਮਿਲਦੀ ਰਹੀ ਹੈ।

ਇਸ ਸਮਝੌਤੇ ਬਾਰੇ ਅਜੇ ਵੀ ਬਹੁਤ ਕੁਝ ਸਪੱਸ਼ਟ ਨਹੀਂ ਹੈ, ਪਰ ਟਰੰਪ ਨੇ ਵੀਰਵਾਰ ਨੂੰ ਕਿਹਾ ਕਿ ਚੀਨ ਦੇ ਰਾਸ਼ਟਰਪਤੀ ਸ਼ੀ ਚਿਨਫਿੰਗ ਨੇ ਇਸ ਨੂੰ ਮਨਜ਼ੂਰੀ ਦੇ ਦਿੱਤੀ ਹੈ। ਉੱਥੇ ਹੀ, ਵਾਸ਼ਿੰਗਟਨ ਸਥਿਤ ਚੀਨੀ ਦੂਤਾਵਾਸ ਨੇ 'ਐਸੋਸੀਏਟਡ ਪ੍ਰੈੱਸ' ਦੇ ਉਸ ਸਵਾਲ ਦਾ ਫਿਲਹਾਲ ਕੋਈ ਜਵਾਬ ਨਹੀਂ ਦਿੱਤਾ, ਜਿਸ ਵਿਚ ਪ੍ਰਸਤਾਵਿਤ ਸਮਝੌਤੇ 'ਤੇ ਚੀਨ ਦੀ ਮਨਜ਼ੂਰੀ ਦੀ ਪੁਸ਼ਟੀ ਮੰਗੀ ਗਈ ਸੀ। ਉਪ ਰਾਸ਼ਟਰਪਤੀ ਜੇਡੀ ਵੈਂਸ ਨੇ ਕਿਹਾ ਕਿ ਨਵੀਂ ਅਮਰੀਕੀ ਕੰਪਨੀ ਦਾ ਮੁੱਲ ਲਗਪਗ 14 ਬਿਲੀਅਨ ਡਾਲਰ ਹੋਵੇਗਾ, ਜੋ ਕਿ ਪ੍ਰਸਿੱਧ ਛੋਟੇ ਵੀਡੀਓ ਐਪ ਲਈ ਕੁਝ ਵਿਸ਼ਲੇਸ਼ਕਾਂ ਦੇ ਅੰਦਾਜ਼ਿਆਂ ਨਾਲੋਂ ਬਹੁਤ ਘੱਟ ਕੀਮਤ ਹੈ।

## ਅਮਰੀਕੀ ਸੁਪਰੀਮ ਕੋਰਟ ਨੇ ਟਰੰਪ ਦੇ ਵਿਦੇਸ਼ੀ ਸਹਾਇਤਾ ਫੰਡਿੰਗ ਨੂੰ ਫ੍ਰੀਜ਼ ਕਰਨ ਦੇ ਫੈਸਲੇ ਦੀ ਮਿਆਦ ਵਧਾਈ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਸੁਪਰੀਮ ਕੋਰਟ ਨੇ ਉਸ ਆਦੇਸ਼ ਦੀ ਮਿਆਦ ਵਧਾ ਦਿੱਤੀ ਹੈ, ਜੋ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨੂੰ ਲਗਭਗ 5 ਅਰਬ ਡਾਲਰ ਦੀ ਵਿਦੇਸ਼ੀ ਸਹਾਇਤਾ ਨੂੰ ਫ੍ਰੀਜ਼ ਕਰਨ ਦੀ ਆਗਿਆ ਦਿੰਦਾ ਹੈ। ਇਹ ਫੈਸਲਾ ਰਾਸ਼ਟਰਪਤੀ ਦੇ ਅਧਿਕਾਰ 'ਤੇ ਵਿਵਾਦ ਵਿਚ ਟਰੰਪ ਲਈ ਇੱਕ ਹੋਰ ਜਿੱਤ ਹੈ।

ਤਿੰਨ ਉਦਾਰਵਾਦੀ ਜੱਜਾਂ ਦੀ ਅਸਹਿਮਤੀ ਵਿਚਕਾਰ, ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਕਾਂਗਰਸ ਦੁਆਰਾ ਪ੍ਰਵਾਨਿਤ ਅਰਬਾਂ ਡਾਲਰ ਦੀ ਸਹਾਇਤਾ ਨਾਲ ਸਬੰਧਤ ਇੱਕ ਮਾਮਲੇ ਵਿਚ ਟਰੰਪ ਪ੍ਰਸ਼ਾਸਨ ਦੀ ਐਮਰਜੈਂਸੀ ਅਪੀਲ ਨੂੰ ਮਨਜ਼ੂਰੀ ਦੇ ਦਿੱਤੀ। ਟਰੰਪ ਨੇ ਪਿਛਲੇ ਮਹੀਨੇ ਕਿਹਾ ਸੀ ਕਿ ਉਹ ਫੰਡ ਖਰਚ ਨਹੀਂ ਕਰਨਗੇ ਅਤੇ ਇਸ ਲਈ ਉਨ੍ਹਾਂ ਨੇ ਇੱਕ ਵਿਵਾਦਪੂਰਨ ਅਧਿਕਾਰ ਦਾ ਹਵਾਲਾ ਦਿੱਤਾ, ਜਿਸ ਦੀ ਵਰਤੋਂ ਆਖਰੀ ਵਾਰ ਲਗਭਗ 50 ਸਾਲ ਪਹਿਲਾਂ ਕਿਸੇ ਰਾਸ਼ਟਰਪਤੀ ਨੇ ਕੀਤੀ ਸੀ।

## ਭੁਲੱਥ ਦੇ 23 ਸਾਲਾ ਦੇ ਨੌਜਵਾਨ ਕਰਨਬੀਰ ਸਿੰਘ ਨੇ ਵਧਾਇਆ ਭੁਲੱਥ ਅਤੇ ਮਾਪਿਆ ਦਾ ਮਾਣ ਅਮਰੀਕਾ

### ■ ਏਅਰਫੋਰਸ 'ਚ ਬਣਿਆ ਲਾਅ ਇਨਫੋਰਸਮੈਂਟ ਅਫ਼ਸਰ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਬੀਤੇ ਦਿਨੀਂ ਅਮਰੀਕਾ ਦੇ ਸ਼ਹਿਰ ਬੋਸਟਨ 'ਚ ਰਹਿੰਦੇ ਭੁਲੱਥ ਦੇ ਨੌਜਵਾਨ ਕਰਨਬੀਰ ਸਿੰਘ ਨੇ ਅਮਰੀਕਾ ਦੀ ਏਅਰਫੋਰਸ ਵਿਚ ਆਪਣੀ ਲਗਨ ਅਤੇ ਪੜ੍ਹਾਈ ਦੇ ਨਾਲ ਮੁਕਾਮ ਹਾਸਲ ਕਰਕੇ ਏਅਰਫੋਰਸ ਵਿਚ 23 ਕੁ ਸਾਲ ਦੀ ਉਮਰ 'ਚ ਅਫਸਰ ਬਣਿਆ ਹੈ। ਕਰਨਬੀਰ ਸਿੰਘ ਸਪੁੱਤਰ ਬਲਜਿੰਦਰ ਸਿੰਘ ਭੁਲੱਥ ਜੋ ਸੰਨ 2013 'ਚ ਅਮਰੀਕਾ ਦੇ ਸੂਬੇ ਮੈਸੇਚਿਉਸੇਟਸ ਦੇ ਸ਼ਹਿਰ ਬੋਸਟਨ ਵਿਚ ਆਇਆ ਸੀ, ਜਿੱਥੇ ਉਸ ਨੇ ਆਪਣੀ ਮਿਹਨਤ ਲਗਨ ਦੇ ਨਾਲ ਪੜ੍ਹਾਈ ਕਰਕੇ ਯੂ.ਐੱਸ.ਏ. ਏਅਰਫੋਰਸ ਵਿਚ ਭਰਤੀ ਹੋ ਕੇ ਮਾਪਿਆਂ ਅਤੇ ਭੁਲੱਥ ਦਾ ਮਾਣ ਵਧਾਇਆ ਹੈ। ਕਰਨਬੀਰ ਸਿੰਘ ਮੁਤਾਬਕ ਉਸ ਨੇ ਆਪਣੀ ਹਾਈ ਸਕੂਲ ਦੀ ਪੜ੍ਹਾਈ ਉੱਤਰੀ ਐਂਡੋਵਰ ਜੋ ਮੈਸੇਚਿਉਸੇਟਸ ਰਾਜ ਦੇ



ਸਕੂਲ ਤੋਂ ਕਰਨ ਉਪਰੰਤ ਅੰਡਰ ਗ੍ਰੈਜੂਏਟ ਯੂਨੀਵਰਸਿਟੀ ਬੋਸਟਨ ਤੋਂ ਕ੍ਰਿਮੀਨਲ ਜਸਟਿਸ (ਲਾਅ) ਦੀ ਡਿਗਰੀ ਪ੍ਰਾਪਤ ਕਰਕੇ, ਅਮਰੀਕਾ ਦੇ ਟੈਕਸਾਸ ਰਾਜ ਦੇ ਏਅਰਫੋਰਸ ਹੈੱਡਕੁਆਟਰ ਤੋਂ ਟ੍ਰੇਨਿੰਗ ਕਰਕੇ, ਇਹ ਪ੍ਰਾਪਤੀ ਹਾਸਲ ਕੀਤੀ। ਨੌਜਵਾਨ ਕਰਨਬੀਰ ਸਿੰਘ ਭੁਲੱਥ ਦੇ ਸਰਪੰਚ ਅਤੇ ਬਾਅਦ 'ਚ ਨੰਬਰਦਾਰ ਰਹੇ ਸਵ: ਖਜਾਨ ਸਿੰਘ ਦਾ ਪੋਤਰਾ ਹੈ। ਕਰਨਬੀਰ ਸਿੰਘ ਨੇ ਦੱਸਿਆ ਕਿ ਉਸ ਦੀ ਤਾਇਨਾਤੀ 30 ਨਵੰਬਰ 2025 ਨੂੰ ਇਟਲੀ ਦੇ ਐਵੀਆਨੋ ਟਾਊਨ ਦੇ ਏਅਰਬੇਸ ਵਿਚ ਹੋਈ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**




EXPO
Furniture Gallery
We offer 0% interest financing and carry all major brands.
ਸੈਕਰਾਮੈਂਟੋ 'ਚ ਵਧੀਆ ਫਰਨੀਚਰ ਲੈਣ ਲਈ
ਸਾਡੀ ਲੋਕੇਸ਼ਨ 'ਤੇ ਇਕ ਵਾਰੀ ਜ਼ਰੂਰ ਆਓ
In business for over 30 years
SPECIAL SALE
Best price guaranteed.
Designed By Punjab Mail USA
7310 HOME LEISURE PLAZA, SACRAMENTO, CA 95823
(916) 392-3233
www.expofurnituregallery.com

# ਡੇਅਟਨ ਦੇ ਗੁਰਦੁਆਰਾ ਸਾਹਿਬ ਵਿਖੇ ਬਾਬਾ ਸ਼ੇਖ਼ ਫ਼ਰੀਦ ਜੀ ਦਾ ਆਗਮਨ ਪੁਰਬ ਬੜੀ ਸ਼ਰਧਾਪੂਰਵਕ ਮਨਾਇਆ ਗਿਆ





**ਡੇਅਟਨ, (ਪੰਜਾਬ ਮੇਲ)-** ਗੁਰਦੁਆਰਾ ਸਿੱਖ ਸੁਸਾਇਟੀ ਆਫ ਡੇਅਟਨ ਦੇ ਗੁਰੂ ਘਰ ਵਿਖੇ ਨੌਜੁਆਨ ਸਭਾ ਵਲੋਂ ਬਾਬਾ ਸ਼ੇਖ਼ ਫ਼ਰੀਦ ਜੀ ਦਾ ਆਗਮਨ ਪੁਰਬ ਬੜੀ ਸ਼ਰਧਾ ਨਾਲ ਮਨਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੇ ਭੋਗ ਉਪਰੰਤ ਪਹਿਲਾਂ ਬੱਚਿਆਂ ਵਲੋਂ ਤੇ ਫਿਰ ਗੁਰੂ ਘਰ ਦੇ ਜਥੇ ਭਾਈ ਪ੍ਰੇਮ ਸਿੰਘ ਤੇ ਭਾਈ ਹੇਮ ਸਿੰਘ ਦੇ ਜਥੇ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ। ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਬਾਬਾ ਸ਼ੇਖ਼ ਫ਼ਰੀਦ ਜੀ ਦੇ ਜੀਵਨ 'ਤੇ ਚਾਨਣਾ ਪਾਇਆ। ਇਸ ਸਾਲ ਬਾਬਾ ਸ਼ੇਖ਼ ਫ਼ਰੀਦ ਜੀ ਦੇ ਆਗਮਨ ਪੁਰਬ ਨੂੰ ਪੰਜਾਬੀ ਭਾਸ਼ਾ ਦਿਵਸ ਦੇ ਤੌਰ 'ਤੇ ਸੰਸਾਰ ਵਿਚ ਮਨਾਇਆ ਗਿਆ ਕਿਉਂਕਿ ਬਾਬਾ ਸ਼ੇਖ਼ ਫ਼ਰੀਦ ਜੀ ਦੀ ਬਾਣੀ ਜੋ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਉਹ ਸਭ ਤੋਂ ਪੁਰਾਣੀ ਹੈ। ਇਸ ਬਾਰੇ ਗੁਮਟਾਲਾ ਨੇ ਚਾਨਣਾ ਪਾਇਆ ਤੇ ਸੰਗਤ ਨੂੰ ਅਪੀਲ ਕੀਤੀ ਕਿ ਅਮਰੀਕਾ ਵਿਚ ਰਹਿੰਦੇ ਹੋਏ ਸਾਨੂੰ ਆਪਣੇ ਬੱਚਿਆਂ ਨੂੰ ਗੁਰਮੁੱਖੀ ਜ਼ਰੂਰ ਪੜ੍ਹਾਉਣੀ ਚਾਹੀਦੀ ਹੈ। ਸ. ਅਵਤਾਰ ਸਿੰਘ ਸਪਰਿੰਗਫ਼ੀਲਡ ਨੇ ਨੌਜੁਆਨ ਸਭਾ, ਸੰਗਤ, ਗੁਰੂ ਘਰ ਦੇ ਗ੍ਰੰਥੀ ਸਿੰਘਾਂ ਤੇ ਬੱਚਿਆਂ ਵਲੋਂ ਅਖੰਡ ਪਾਠ ਵਿਚ ਯੋਗਦਾਨ ਪਾਉਣ, ਕੀਰਤਨ ਕਰਨ, ਲੰਗਰ ਆਦਿ ਦੀ ਸੇਵਾ ਲਈ ਧੰਨਵਾਦ ਕੀਤਾ।

ਕਮੇਟੀ ਮੈਂਬਰ ਕਰਤਾਰ ਸਿੰਘ ਨੇ ਪੰਜਾਬ ਵਿਚ ਆਏ ਹੜ੍ਹਾਂ ਦੇ ਪੀੜਤ ਲੋਕਾਂ ਲਈ ਵੱਧ ਤੋਂ ਵੱਧ ਮਾਇਆ ਭੇਟ ਕਰਨ ਲਈ ਅਪੀਲ ਕੀਤੀ।

# ਨੈਸ਼ਨਲ ਟਰੱਕ ਡਰਾਈਵਰ ਸਕੂਲ ਸੈਕਰਾਮੈਂਟੋ ਵਲੋਂ ਪਹਿਲਵਾਨਾਂ ਦਾ ਸਨਮਾਨ



**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਅਮਰੀਕਾ ਦੇ ਵੱਖ-ਵੱਖ ਕਬੱਡੀ ਦੇ ਮੈਦਾਨਾਂ ਵਿਚ ਆਪਣਾ ਜ਼ੋਰ ਅਜਮਾਉਣ ਅਮਰੀਕਾ ਪਹੁੰਚੇ ਨਾਮਵਰ ਭਲਵਾਨ ਜੱਸਾ ਪੱਟੀ ਤੇ ਕਮਲਜੀਤ ਡੂਮਛੇੜੀ ਆਪਣੇ ਦੌਰੇ ਦੌਰਾਨ ਸੈਕਰਾਮੈਂਟੋ ਦੇ ਨਾਮਵਰ ਨੈਸ਼ਨਲ ਟਰੱਕ ਡਰਾਈਵਰ ਸਕੂਲ ਸੈਕਰਾਮੈਂਟੋ ਦੇ ਕੈਂਪ ਵਿਚ ਪਹੁੰਚੇ, ਜਿਥੇ ਵੱਖ-ਵੱਖ ਬਿਜ਼ਨਸਮੈਨਾਂ ਨੇ ਉਨ੍ਹਾਂ ਦਾ ਸਵਾਗਤ ਕੀਤਾ। ਇਸ ਦੌਰਾਨ ਸਕੂਲ ਦੇ ਡਾਇਰੈਕਟਰ ਕਸ਼ਮੀਰ ਸਿੰਘ ਥਾਂਦੀ ਵਲੋਂ ਉਨ੍ਹਾਂ ਨੂੰ ਬਣਦਾ ਮਾਣ ਦਿੱਤਾ। ਇਸ ਮੌਕੇ ਨੇਕਵੀਰ ਭੰਡਾਲ, ਅਮਰੀਕ ਭੰਡਾਲ, ਨਵਿੰਦਰ ਭੰਡਾਲ, ਬਲਵਿੰਦਰ ਗਿੱਲ, ਰਾਮ ਗੁਪਲ਼, ਕੇ.ਡੀ. ਰਾਣੂੰ, ਜਾਨੀ ਕਾਹਲੋਂ, ਦਲਜੀਤ ਬਾਜਵਾ, ਗਗਨਦੀਪ ਸਿੰਘ ਥਾਂਦੀ ਆਦਿ ਵੀ ਹਾਜ਼ਰ ਸਨ। ਇਸ ਮੌਕੇ ਭਲਵਾਨ ਜੱਸਾ ਪੱਟੀ ਤੇ ਕਮਲਜੀਤ ਡੂਮਛੇੜੀ ਵਲੋਂ ਕੁਝ ਵਿਚਾਰ ਵੀ ਸਾਂਝੇ ਕੀਤੇ ਗਏ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਟਰੰਪ ਵਲੋਂ ਦਾਇਰ ਮੁਕੱਦਮੇ ਦੇ ਨਿਪਟਾਰੇ ਲਈ ਯੂ-ਟਿਊਬ 2.45 ਕਰੋੜ ਡਾਲਰ ਦਾ ਭੁਗਤਾਨ ਕਰਨ 'ਤੇ ਸਹਿਮਤ

**ਤਹਿਰਾਨ, (ਪੰਜਾਬ ਮੇਲ)-** ਗੂਗਲ ਦੇ ਵੀਡੀਓ ਪਲੇਟਫਾਰਮ ਯੂ-ਟਿਊਬ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ 6 ਜਨਵਰੀ, 2021 ਨੂੰ ਯੂ.ਐੱਸ. ਕੈਪੀਟਲ 'ਤੇ ਹੋਏ ਹਮਲੇ ਤੋਂ ਬਾਅਦ 2021 'ਚ ਉਨ੍ਹਾਂ ਦਾ ਅਕਾਊਂਟ ਮੁਅੱਤਲ ਕਰਨ ਨਾਲ ਸੰਬੰਧਤ ਮੁਕੱਦਮੇ ਦਾ ਨਿਪਟਾਰਾ ਕਰਨ ਲਈ 2.45 ਕਰੋੜ ਡਾਲਰ ਦਾ ਭੁਗਤਾਨ ਕਰਨ 'ਤੇ ਸਹਿਮਤੀ ਜ਼ਾਹਰ ਕੀਤੀ ਹੈ। ਕੈਲੀਫੋਰਨੀਆ ਦੀ ਅਦਾਲਤ 'ਚ ਦਾਇਰ ਦਸਤਾਵੇਜ਼ਾਂ ਅਨੁਸਾਰ, ਇਸ ਸਮਝੌਤੇ ਦੇ ਅਧੀਨ 2.2 ਕਰੋੜ ਡਾਲਰ ਦੀ ਰਾਸ਼ੀ ਨੈਸ਼ਨਲ ਮਾਲ ਟਰੱਸਟ ਨੂੰ ਦਾਨ ਕੀਤੀ ਜਾਵੇਗੀ ਅਤੇ ਬਾਕੀ ਰਾਸ਼ੀ ਅਮਰੀਕਨ ਕੰਜ਼ਰਵੇਟਿਵ ਯੂਨੀਅਨ ਸਣੇ ਹੋਰ ਵਾਦੀਆਂ ਨੂੰ ਜਾਵੇਗੀ।

ਟਰੰਪ ਵਲੋਂ ਦਾਇਰ ਮੁਕੱਦਮਿਆਂ ਦਾ ਨਿਪਟਾਰਾ ਕਰਨ ਵਾਲੀਆਂ ਕੰਪਨੀਆਂ 'ਚ ਗੂਗਲ ਨਵੀ ਵੱਡੀ ਟੇਕ ਕੰਪਨੀ ਹੈ। ਜਨਵਰੀ 'ਚ, ਮੈਟਾ ਪਲੇਟਫਾਰਮਸ ਨੇ ਫੇਸਬੁੱਕ ਤੋਂ 2021 'ਚ ਉਨ੍ਹਾਂ ਦੇ ਮੁਅੱਤਲ ਨਾਲ ਸੰਬੰਧਤ ਮੁਕੱਦਮੇ ਦਾ ਨਿਪਟਾਰਾ ਕਰਨ ਲਈ 2.5 ਕਰੋੜ ਡਾਲਰ ਦਾ ਭੁਗਤਾਨ ਕਰਨ 'ਤੇ ਸਹਿਮਤੀ ਜ਼ਾਹਰ ਕੀਤੀ ਸੀ।

# ਕੈਨੇਡਾ 'ਚ ਪੰਜਾਬੀ ਨੌਜਵਾਨ ਦੇ ਕਾਤਲ ਨੂੰ ਸਾਢੇ 9 ਸਾਲ ਦੀ ਕੈਦ

**ਬ੍ਰਿਟਿਸ਼ ਕੋਲੰਬੀਆ, (ਪੰਜਾਬ ਮੇਲ)-** ਨਿਊਵੈਸਟਮਿਨਸਟਰ ਸਥਿਤ ਬ੍ਰਿਟਿਸ਼ ਕੋਲੰਬੀਆ ਸੁਪਰੀਮ ਕੋਰਟ ਨੇ ਤਕਰੀਬਨ ਸਾਢੇ 3 ਸਾਲ ਪਹਿਲਾਂ ਕਤਲ ਕੀਤੇ ਗਏ ਪੰਜਾਬੀ ਨੌਜਵਾਨ ਯੁਵਰਲ ਜੱਬਲ ਦੇ ਕਾਤਲ 26 ਸਾਲਾ ਯੂਸਫ ਕੋਨਟੋਸ ਨੂੰ 9 ਸਾਲ 5 ਮਹੀਨੇ ਤੇ 24 ਦਿਨ ਕੈਦ ਦੀ ਸਜ਼ਾ ਸੁਣਾਈ ਹੈ। ਯੂਸਫ ਨੇ ਬੀਤੀ 18 ਸਤੰਬਰ ਨੂੰ ਅਦਾਲਤ 'ਚ ਯੁਵਰਲ ਜੱਬਲ ਦੇ ਕਤਲ ਦਾ ਗੁਨਾਹ ਸਵੀਕਾਰ ਕਰ ਲਿਆ ਸੀ। ਘਟਨਾ 8 ਫਰਵਰੀ 2022 ਦੀ ਹੈ, ਜਦੋਂ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਨੂੰ ਫਰੇਜ਼ਰ ਹਾਈਟਸ ਇਲਾਕੇ 'ਚ ਗੋਲੀ ਚੱਲਣ ਦੀ ਘਟਨਾ ਦੀ ਸੂਚਨਾ ਮਿਲੀ ਸੀ।

# ਕੈਨੇਡਾ ਵੱਲੋਂ ਆਪਣੇ ਨਾਗਰਿਕਾਂ ਲਈ ਭਾਰਤ ਯਾਤਰਾ ਸੰਬੰਧੀ ਨਵੀਂ ਐਡਵਾਇਜ਼ਰੀ ਜਾਰੀ

- **ਕਈ ਭਾਰਤੀ ਇਲਾਕਿਆਂ 'ਚ ਯਾਤਰਾ ਨਾ ਕਰਨ ਦੀ ਦਿੱਤੀ ਸਲਾਹ**

**ਵਿਨੀਪੈਗ, (ਪੰਜਾਬ ਮੇਲ)-** ਕੈਨੇਡੀਅਨ ਸਰਕਾਰ ਨੇ ਆਪਣੇ ਨਾਗਰਿਕਾਂ ਲਈ ਇੱਕ ਨਵੀਂ ਐਡਵਾਇਜ਼ਰੀ ਜਾਰੀ ਕੀਤੀ ਹੈ। ਕੈਨੇਡਾ ਨੇ ਸਪੱਸ਼ਟ ਕੀਤਾ ਕਿ ਭਾਰਤ ਦੇ ਕੁਝ ਹਿੱਸਿਆਂ ਵਿਚ ਸੁਰੱਖਿਆ ਖ਼ਤਰੇ ਬਹੁਤ ਜ਼ਿਆਦਾ ਹਨ ਅਤੇ ਉੱਥੇ ਯਾਤਰਾ ਕਰਦੇ ਸਮੇਂ ਸਾਵਧਾਨੀ ਵਰਤਣੀ ਜ਼ਰੂਰੀ ਹੈ।

ਐਡਵਾਇਜ਼ਰੀ ਮੁਤਾਬਕ ਜੰਮੂ ਕਸ਼ਮੀਰ ਦੀ ਯਾਤਰਾ ਦੀ ਸਿਫ਼ਾਰਸ਼ ਨਹੀਂ ਕੀਤੀ ਜਾਂਦੀ, ਉੱਥੇ ਅੱਤਵਾਦ, ਬਗ਼ਾਵਤ ਅਤੇ ਸਿਵਲ ਅਸ਼ਾਂਤੀ ਦੇ ਖ਼ਤਰੇ ਹਨ।

ਇਸ ਵਿਚ ਕਿਹਾ ਗਿਆ ਕਿ ਕੱਟੜਪੰਥੀ ਅਤੇ ਵਿਦਰੋਹੀ ਸਮੂਹ ਆਮ ਤੌਰ 'ਤੇ ਸਰਕਾਰ ਅਤੇ ਸੁਰੱਖਿਆ ਬਲਾਂ ਅਤੇ ਕਈ ਵਾਰ ਰੇਲ ਗੱਡੀਆਂ ਅਤੇ ਰੇਲਵੇ ਟਰੈਕਾਂ ਨੂੰ ਨਿਸ਼ਾਨਾ ਬਣਾਉਂਦੇ ਹਨ। ਹਾਲਾਂਕਿ ਸੈਲਾਨੀਆਂ ਨੂੰ ਆਮ ਤੌਰ 'ਤੇ ਨਿਸ਼ਾਨਾ ਨਹੀਂ ਬਣਾਇਆ ਜਾਂਦਾ ਪਰ ਰਾਹਗੀਰ ਪ੍ਰਭਾਵਿਤ ਹੋ ਸਕਦੇ ਹਨ। ਗਣਤੰਤਰ ਦਿਵਸ (26 ਜਨਵਰੀ), ਈਦ ਤੇ ਦੀਵਾਲੀ ਮੌਕੇ ਵਿਸ਼ੇਸ਼ ਤੌਰ 'ਤੇ ਚੌਕਸ ਰਹਿਣ ਲਈ ਕਿਹਾ ਗਿਆ ਹੈ।

ਉੱਤਰ-ਪੂਰਬੀ ਰਾਜਾਂ ਵਿਚੋਂ ਅਸਾਮ ਅਤੇ ਮਨੀਪੁਰ ਨੂੰ ਜ਼ੋਖ਼ਮ ਭਰੇ ਇਲਾਕੇ ਵਜੋਂ ਪਛਾਣਿਆ ਗਿਆ ਹੈ। ਅੱਤਵਾਦ ਅਤੇ ਬਗ਼ਾਵਤ ਕਾਰਨ ਇਨ੍ਹਾਂ ਖੇਤਰਾਂ ਵਿਚ ਗੈਰ-ਜ਼ਰੂਰੀ ਯਾਤਰਾ ਤੋਂ ਬਚਣ ਦੀ ਸਲਾਹ ਦਿੱਤੀ ਗਈ ਹੈ। ਭਾਰਤ-ਪਾਕਿਸਤਾਨ ਸਰਹੱਦ ਨੇੜਲੇ ਖੇਤਰ ਜਿਵੇਂ ਗੁਜਰਾਤ, ਪੰਜਾਬ ਅਤੇ ਰਾਜਸਥਾਨ ਨੂੰ ਵੀ ਖ਼ਤਰਨਾਕ ਮੰਨਿਆ ਜਾਂਦਾ ਹੈ। ਇਨ੍ਹਾਂ ਇਲਾਕਿਆਂ ਵਿਚ ਬਾਰੂਦੀ ਸੁਰੰਗਾਂ ਫਟਣ ਅਤੇ ਧਮਾਕੇ ਹੋਣ ਦੇ ਖ਼ਤਰੇ ਹਨ। ਇਸ ਤੋਂ ਇਲਾਵਾ ਅਟਾਰੀ-ਵਾਹਗਾ ਸਰਹੱਦ ਇਸ ਸਮੇਂ ਬੰਦ ਹੈ। ਦਿੱਲੀ ਅਤੇ ਗੋਆ ਵਿਚ ਖ਼ਾਸ ਕਰਕੇ ਔਰਤਾਂ ਨੂੰ ਸਾਵਧਾਨੀ ਵਰਤਣ ਦੀ ਸਲਾਹ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਭੀੜ ਤੋਂ ਦੂਰ ਰਹਿਣ ਅਤੇ ਚੌਕਸ ਰਹਿਣ। ਸਰਹੱਦ ਦੇ 10 ਕਿਲੋਮੀਟਰ ਦੇ ਅੰਦਰ ਯਾਤਰਾ ਕਰਨ ਖ਼ਿਲਾਫ਼ ਸਖ਼ਤ ਸਲਾਹ ਦਿੱਤੀ ਹੈ।

ਐਡਵਾਇਜ਼ਰੀ ਮੁਤਾਬਕ ਲੱਦਾਖ਼, ਕੇਰਲ ਅਤੇ ਅੰਡੇਮਾਨ ਵਰਗੇ ਖੇਤਰਾਂ ਨੂੰ ਸੁਰੱਖਿਅਤ ਮੰਨਿਆ ਗਿਆ ਹੈ।

# ਕੈਨੇਡਾ 'ਚ ਕੰਜ਼ਰਵੇਟਿਵ ਮੈਂਬਰ ਅਰਪਣ ਖੰਨਾ ਵੱਲੋਂ 'ਬੇਲ ਨਹੀਂ ਜੇਲ੍ਹ' ਬਿੱਲ ਸੰਸਦ 'ਚ ਪੇਸ਼

- **ਜ਼ਮਾਨਤ ਦੇ ਨਿਯਮ ਸਖ਼ਤ ਕਰਨ ਲਈ ਲਿਆਂਦਾ ਸੀ-242 ਬਿੱਲ**
- **ਲਿਬਰਲ ਸਰਕਾਰ ਨੇ 2019 'ਚ ਕੀਤੀ ਸੀ ਕਾਨੂੰਨ 'ਚ ਤੁਰੰਤ ਜ਼ਮਾਨਤ ਵਾਲੀ ਸੋਧ**



**ਵੈਨਕੂਵਰ, (ਪੰਜਾਬ ਮੇਲ)-** ਕੈਨੇਡਾ ਵਿਚ ਮੁੱਖ ਵਿਰੋਧੀ ਪਾਰਟੀ ਕੰਜ਼ਰਵੇਟਿਵ ਦੇ ਸੰਸਦ ਮੈਂਬਰ ਅਰਪਣ ਖੰਨਾ ਨੇ ਅਪਰਾਧੀਆਂ ਨੂੰ ਜ਼ਮਾਨਤ ਦੇਣ ਵਾਲੇ ਨਿਯਮ ਸਖ਼ਤ ਕਰਨ ਦੇ ਮੰਤਵ ਨਾਲ 'ਬੇਲ ਨਹੀਂ ਜੇਲ੍ਹ' ਸਿਰਲੇਖ ਹੇਠ ਬਿੱਲ ਸੀ-242 ਸੰਸਦ ਵਿਚ ਪੇਸ਼ ਕੀਤਾ, ਜਿਸ 'ਤੇ ਅਗਲੇ ਦਿਨਾਂ ਵਿਚ ਬਹਿਸ ਹੋਣ ਅਤੇ ਉਸ ਮਗਰੋਂ ਪਾਸ ਹੋਣ ਦੇ ਕਿਆਫੇ ਲੱਗਣੇ ਸ਼ੁਰੂ ਹੋ ਗਏ ਹਨ।

ਸੰਸਦ 'ਚ ਬਿੱਲ ਪੇਸ਼ ਕਰਦਿਆਂ ਖੰਨਾ ਨੇ ਕਿਹਾ ਕਿ ਕੈਨੇਡਾ ਦੇ ਅਮਨ-ਪਸੰਦ ਲੋਕ ਅਜਿਹੀ ਨਿਆਂ ਪ੍ਰਣਾਲੀ ਚਾਹੁੰਦੇ ਹਨ, ਜੋ ਉਨ੍ਹਾਂ ਦੇ ਦਿਨ ਦਾ ਚੈਨ ਤੇ ਰਾਤਾਂ ਦੀ ਨੀਂਦ ਖਰਾਬ ਨਾ ਹੋਣ ਦੇਵੇ। ਉਨ੍ਹਾਂ ਕਿਹਾ ਕਿ ਜੇਕਰ ਟਰੂਡੋ ਸਰਕਾਰ 2019 ਵਿਚ ਜ਼ਮਾਨਤ ਨੇਮਾਂ ਵਿਚ ਛੋਟ ਵਾਲਾ ਬਿੱਲ ਸੀ-75 ਪਾਸ ਨਾ ਕਰਦੀ, ਦੇਸ਼ ਵਿਚ ਵੱਖ-ਵੱਖ ਅਪਰਾਧਾਂ ਦੀਆਂ ਘਟਨਾਵਾਂ 'ਚ ਵੱਡੇ ਪੱਧਰ 'ਤੇ ਵਾਧਾ ਨਾ ਹੁੰਦਾ ਤੇ ਲੋਕਾਂ ਨੂੰ ਆਪਣੀ ਸੁਰੱਖਿਆ ਬਾਰੇ ਸੋਚਣ ਲਈ ਮਜਬੂਰ ਨਾ ਹੋਣਾ ਪੈਂਦਾ। ਜ਼ਿਕਰਯੋਗ ਹੈ ਕਿ ਕੁਝ ਸੂਬਿਆਂ ਦੇ ਮੁੱਖ ਮੰਤਰੀ, ਦਰਜਨਾਂ ਸ਼ਹਿਰਾਂ ਦੇ ਮੇਅਰ ਤੇ ਕਈ ਵੱਡੇ ਸਿਆਸੀ ਆਗੂ ਪਿਛਲੇ ਸਾਲ ਤੋਂ ਮੰਗ ਕਰ ਰਹੇ ਹਨ ਕਿ ਅਪਰਾਧੀਆਂ ਨੂੰ ਜ਼ਮਾਨਤ ਦੇਣ ਦੇ ਨਿਯਮ ਸਖ਼ਤ ਕੀਤੇ ਜਾਣ, ਤਾਂ ਜੋ ਉਹ ਅਪਰਾਧ ਕਰਕੇ ਫੜੇ ਜਾਣ ਦੇ ਅਗਲੇ ਹੀ ਦਿਨ ਬਾਹਰ ਆ ਕੇ ਹੋਰ ਜੁਰਮਾਂ ਦੀ ਖੁੱਲ੍ਹ ਨਾ ਮਾਣ ਸਕਣ। ਮੁੱਖ ਮੰਤਰੀਆਂ ਨੇ ਆਪਣੇ ਖੇਤਰਾਂ 'ਚ ਵਧੇ ਅਪਰਾਧ ਦਰ ਦੇ ਅੰਕੜੇ ਵੀ ਪੇਸ਼ ਕੀਤੇ ਸਨ। ਲੋਕ ਸੁਰੱਖਿਆ ਮੰਤਰੀ ਉਨ੍ਹਾਂ ਨੂੰ ਪੱਤਝੜ ਸੈਸ਼ਨ ਵਿਚ ਇਸ 'ਤੇ ਵਿਚਾਰ ਕਰਨ ਦਾ ਭਰੋਸਾ ਦਿੰਦੇ ਆ ਰਹੇ ਹਨ। ਸੰਸਦ ਮੈਂਬਰ ਅਰਪਣ ਖੰਨਾ ਨੇ ਇਸ ਬਾਰੇ ਬੋਲਦਿਆਂ ਕਿਹਾ ਕਿ ਜ਼ਮਾਨਤ ਦੇ ਨਰਮ ਨਿਯਮ ਮਾਰੂ ਸਾਬਤ ਹੋ ਚੁੱਕੇ ਹਨ, ਜਿਸ 'ਚ ਸੋਧ ਦੀ ਹੋਰ ਉਡੀਕ ਦੇਸ਼ ਵਾਸੀਆਂ ਦੇ ਨਾਲ-ਨਾਲ ਮੁਲਕ ਦੀ ਸੁਰੱਖਿਆ ਲਈ ਵੀ ਘਾਤਕ ਸਾਬਤ ਹੋ ਸਕਦੀ ਹੈ।


## Editorial Board

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit
Ishu Hallan
Vijay
Surbhi Sharma
Ranjit Singh


**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਸਰੱਬਤ ਦਾ ਭਲਾ ਟਰੱਸਟ ਨੇ ਸਰਹੱਦੀ ਪਿੰਡਾਂ 'ਚ 20 ਟਨ ਪਸ਼ੂ-ਚਾਰਾ ਵੰਡਿਆ



ਹੜ੍ਹ ਪ੍ਰਭਾਵਿਤ ਪਸ਼ੂ ਪਾਲਕਾਂ ਨੂੰ ਸੁੱਕਾ ਚਾਰਾ ਵੰਡਣ ਮੌਕੇ ਪ੍ਰਧਾਨ ਸੁਖਜਿੰਦਰ ਸਿੰਘ ਹੇਰ ਨਾਲ ਸਾਬਕਾ ਸਰਪੰਚ ਜਰਨੈਲ ਸਿੰਘ ਜ਼ੈਲਦਾਰ ਤੇ ਹੋਰ।

ਅਜਨਾਲਾ/ਅੰਮ੍ਰਿਤਸਰ, (ਪੰਜਾਬ ਮੇਲ)- ਹੜ੍ਹਾਂ ਦੀ ਮਾਰ ਝੱਲ ਰਹੇ ਲੋਕਾਂ ਲਈ ਨਿਰੰਤਰ ਸੇਵਾ ਕਾਰਜ ਨਿਭਾ ਰਹੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਅਤੇ ਦੁਬਈ ਦੇ ਉੱਘੇ ਕਾਰੋਬਾਰੀ ਡਾ. ਐੱਸ.ਪੀ. ਸਿੰਘ ਓਬਰਾਏ ਵੱਲੋਂ ਆਪਣੇ ਸੇਵਾ ਕਾਰਜਾਂ ਨੂੰ ਨਿਰੰਤਰ ਜਾਰੀ ਰੱਖਦਿਆਂ ਹੋਇਆਂ ਹਲਕਾ ਅਜਨਾਲਾ ਦੇ ਵੱਖ-ਵੱਖ ਪਿੰਡਾਂ ਦੇ ਹੜ੍ਹ ਪੀੜਤ ਪਸ਼ੂ ਪਾਲਕਾਂ ਨੂੰ 20 ਟਨ ਸੁੱਕਾ ਚਾਰਾ ਵੰਡਿਆ ਗਿਆ।



ਡਾ. ਐੱਸ.ਪੀ. ਸਿੰਘ ਓਬਰਾਏ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਡਾ. ਐੱਸ.ਪੀ. ਓਬਰਾਏ ਨੇ ਦੱਸਿਆ ਕਿ ਪੰਜਾਬ ਦੇ ਸਮੁੱਚੇ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਉਨ੍ਹਾਂ ਦੀਆਂ ਟੀਮਾਂ ਨਿਰੰਤਰ ਸੇਵਾ ਕਾਰਜ ਨਿਭਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਇਸੇ ਤਹਿਤ ਹੀ ਟਰੱਸਟ ਦੇ ਪੰਜਾਬ ਪ੍ਰਧਾਨ ਸੁਖਜਿੰਦਰ ਸਿੰਘ ਹੇਰ ਦੀ ਮੌਜੂਦਗੀ 'ਚ ਅਜਨਾਲਾ ਹਲਕੇ ਦੇ ਪਿੰਡ ਗੱਗੋਮਾਹਲ, ਬਾਵਾ ਕਿਲ੍ਹਾ, ਨਾਨੋਕੇ, ਹਰੜ ਕਲਾਂ, ਕੱਲੋਮਾਹਲ, ਗੁੱਜਰਪੁਰਾ, ਸਾਰੰਗਦੇਵ, ਜਸਤਰਵਾਲ ਆਦਿ ਦੇ ਪ੍ਰਭਾਵਿਤ ਪਸ਼ੂ ਪਾਲਕਾਂ ਨੂੰ 20 ਟਨ ਸੁੱਕਾ ਚਾਰਾ ਵੰਡਿਆ ਗਿਆ ਹੈ। ਇਸ ਦੌਰਾਨ ਸਾਬਕਾ ਸਰਪੰਚ ਜਰਨੈਲ ਸਿੰਘ ਜ਼ੈਲਦਾਰ, ਨੰਬਰਦਾਰ ਅਵਤਾਰ ਸਿੰਘ ਚਮਿਆਰੀ, ਬਾਬਾ ਰਤਨ ਸਿੰਘ ਸਮੇਤ ਪਸ਼ੂਆਂ ਦਾ ਚਾਰਾ ਪ੍ਰਾਪਤ ਕਰਨ ਵਾਲੇ ਪਸ਼ੂ ਪਾਲਕਾਂ ਨੇ ਡਾ. ਓਬਰਾਏ ਦਾ ਇਸ ਵਿਸ਼ੇਸ਼ ਉਪਰਾਲੇ ਲਈ ਧੰਨਵਾਦ ਵੀ ਕੀਤਾ।

# ਡਾ. ਐੱਸ.ਪੀ. ਸਿੰਘ ਓਬਰਾਏ ਵਲੋਂ ਅੰਗਹੀਣਾਂ ਦੀ ਸਹਾਇਤਾ ਰਾਸ਼ੀ ਜਾਰੀ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)-** ਡਾ. ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਸ. ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ਼੍ਰੀ ਮੁਕਤਸਰ ਸਾਹਿਬ ਟੀਮ ਵੱਲੋਂ ਮਹੰਤ ਕਸ਼ਮੀਰ ਸਿੰਘ ਦੀ ਰਹਿਨੁਮਾਈ ਹੇਠ 42 ਅੰਗਹੀਣ ਵਿਅਕਤੀਆਂ ਨੂੰ ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਭੇਜੀ 31500 ਦੀ ਸਹਾਇਤਾ ਰਾਸ਼ੀ ਇੱਕ ਸਮਾਗਮ ਦੌਰਾਨ ਦਿੱਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਅੰਗਹੀਣ ਵਿਅਕਤੀ ਕੰਮ ਕਰਨ ਤੋਂ ਅਸਮਰਥ ਹਨ ਅਤੇ ਕਈ ਵੱਖ-ਵੱਖ ਬੀਮਾਰੀਆਂ ਤੋਂ ਵੀ ਪੀੜਤ ਹਨ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਬੀਮਾਰੀਆਂ ਤੋਂ ਪੀੜ੍ਹਤ ਅੰਗਹੀਣਾਂ ਨੂੰ ਦਵਾਈਆਂ ਆਦਿ ਲਈ ਵੀ ਸਹਾਇਤਾ ਰਾਸ਼ੀ ਦਿੱਤੀ ਜਾਂਦੀ ਹੈ। ਸਹਾਇਤਾ ਰਾਸ਼ੀ ਲੈਣ ਉਪਰੰਤ ਅੰਗਹੀਣ ਵਿਅਕਤੀਆਂ ਵੱਲੋਂ ਡਾ. ਐੱਸ.ਪੀ. ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਡਾ. ਓਬਰਾਏ ਹਮੇਸ਼ਾ ਲਾਠੀ ਬਣਕੇ ਸਾਡੇ ਨਾਲ ਖੜ੍ਹਦੇ ਹਨ ਅਤੇ ਸਾਡੀ ਕੀਤੀ ਗਈ ਫਰਿਆਦ ਨੂੰ ਪਹਿਲ ਦੇ ਆਧਾਰ 'ਤੇ ਸੁਣਦੇ ਹਨ। ਇਸ ਮੌਕੇ ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ, ਗੁਰਪਾਲ ਸਿੰਘ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਚਰਨਜੀਤ ਸਿੰਘ, ਸੁਖਬੀਰ ਸਿੰਘ ਜੈਲਦਾਰ, ਬਰਨੇਕ ਸਿੰਘ ਰਿਟਾ. ਲੈਕਚਰਾਰ, ਸੋਮਨਾਥ, ਮਾਸਟਰ ਰਾਜਿੰਦਰ ਸਿੰਘ, ਅਸ਼ੋਕ ਕੁਮਾਰ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ ਮੈਨੇਜਰ ਸਹਿਬ, ਗੁਰਜੀਤ ਸਿੰਘ ਜੀਤਾ, ਪਰਮਜੀਤ ਕੌਰ ਬਰਾੜ, ਬਲਜੀਤ ਸਿੰਘ ਮਾਨ ਰਿਟਾ. ਪ੍ਰਿੰਸੀਪਲ, ਸੁਖਦਰਸ਼ਨ ਸਿੰਘ ਬੇਦੀ ਰਿਟਾ. ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਆਦਿ ਹਾਜ਼ਰ ਸਨ।



ਡਾ. ਐੱਸ.ਪੀ. ਸਿੰਘ ਓਬਰਾਏ।




FOR SALE & PURCHASE OF ANY KIND OF PROPERTY



RE/MAX
Outstanding Agents
Outstanding Results
DRE Lic. # 01215931 (Broker)

Gurjatinder S. Randhawa
REALTOR CA DRE licence # 01490567
916-320-9444

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਲੋੜਵੰਦ ਮਰੀਜ਼ਾਂ ਨੂੰ ਦਿੱਤੀ ਸਹਾਇਤਾ ਰਾਸ਼ੀ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਵਿਚ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ 18 ਲੋੜਵੰਦ ਮਰੀਜ਼ਾਂ ਨੂੰ ਸ੍ਰੀ ਮੁਕਤਸਰ ਸਾਹਿਬ ਵਿਖੇ ਦਵਾਈਆਂ ਖਰੀਦਣ ਲਈ 20500 ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਲੋੜਵੰਦ ਮਰੀਜ਼ ਵੱਖ-ਵੱਖ ਬੀਮਾਰੀਆਂ ਤੋਂ ਲੰਮੇ ਸਮੇਂ ਤੋਂ ਪੀੜਤ ਹਨ, ਕੰਮ ਕਰਨ ਤੋਂ ਅਸਮਰਥ ਹਨ, ਇਨ੍ਹਾਂ ਲੋੜਵੰਦ ਮਰੀਜ਼ਾਂ ਵੱਲੋਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ



ਡਾ. ਐੱਸ.ਪੀ. ਸਿੰਘ ਓਬਰਾਏ।

ਰਾਹੀਂ ਦਵਾਈਆਂ ਖਰੀਦਣ ਲਈ ਡਾਕਟਰ ਐੱਸ.ਪੀ. ਸਿੰਘ ਓਬਰਾਏ ਨੂੰ ਬੇਨਤੀ ਕੀਤੀ ਗਈ ਸੀ। ਡਾ. ਓਬਰਾਏ ਵਲੋਂ ਇਨ੍ਹਾਂ ਲੋੜਵੰਦ ਮਰੀਜ਼ਾਂ ਦੀ ਹਾਲਾਤ ਨੂੰ ਦੇਖਦੇ ਹੋਏ ਤੁਰੰਤ ਰਾਸ਼ੀ ਰਿਲੀਜ਼ ਕੀਤੀ ਗਈ। ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦਾਂ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ, ਗੁਰਪਾਲ ਸਿੰਘ ਪਾਲੀ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਸੋਮ ਨਾਥ, ਮਾਸਟਰ ਰਾਜਿੰਦਰ ਸਿੰਘ, ਬਲਜੀਤ ਸਿੰਘ ਮਾਨ ਰਿਟਾ. ਪ੍ਰਿੰਸੀਪਲ, ਅਸ਼ੋਕ ਕੁਮਾਰ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ ਮੈਨੇਜਰ ਸਹਿਬ, ਗੁਰਜੀਤ ਸਿੰਘ ਜੀਤਾ, ਪਰਮਜੀਤ ਕੌਰ ਬਰਾੜ, ਚਰਨਜੀਤ ਸਿੰਘ, ਸੁਖਬੀਰ ਸਿੰਘ ਜੈਲਦਾਰ, ਹਰਭਗਵਾਨ ਸਿੰਘ ਖੱਪਿਆਂਵਾਲ਼ੀ ਵਾਲੀ, ਬਰਨੇਕ ਸਿੰਘ ਰਿਟਾ. ਲੈਕਚਰਾਰ ਆਦਿ ਹਾਜ਼ਰ ਸਨ।

# ਅਮਰੀਕਾ ਦੀ ਡੌਂਕੀ ਲਾਉਂਦੇ ਪੰਜਾਬੀ ਮੁੰਡੇ ਦੀ ਮੈਕਸੀਕੋ 'ਚ ਮੌਤ

## ਏਜੰਟਾਂ ਨੇ ਪਰਿਵਾਰ ਤੋਂ ਅਮਰੀਕਾ ਭੇਜਣ ਦੇ ਨਾਂ 'ਤੇ 37 ਲੱਖ ਰੁਪਏ ਹੜਪੇ

**ਡੇਰਾਬਸੀ, (ਪੰਜਾਬ ਮੇਲ)**- ਡੇਰਾਬਸੀ ਬਲਾਕ ਦੇ ਪਿੰਡ ਸਮਗੌਲੀ ਦੇ ਨੌਜਵਾਨ ਹਰਦੀਪ ਸਿੰਘ ਦੀ ਮੈਕਸੀਕੋ ਵਿਚ ਸ਼ੱਕੀ ਹਾਲਾਤਾਂ 'ਚ ਮੌਤ ਹੋ ਗਈ, ਜਦਕਿ ਪਰਿਵਾਰ ਤੋਂ ਏਜੰਟਾਂ ਨੇ ਅਮਰੀਕਾ ਭੇਜਣ ਦੇ ਨਾਂ 'ਤੇ 37 ਲੱਖ ਰੁਪਏ ਹੜਪ ਲਏ।

ਮ੍ਰਿਤਕ ਦੇ ਭਰਾ ਮਲਕੀਤ ਸਿੰਘ ਅਨੁਸਾਰ, ਉਸਦਾ ਭਰਾ ਹਰਦੀਪ ਸਿੰਘ ਜੁਲਾਈ 2024 ਵਿਚ ਘਰੋਂ ਨਿਕਲਿਆ ਸੀ। ਏਜੰਟਾਂ ਨੇ ਭਰੋਸਾ ਦਿਵਾਇਆ ਸੀ ਕਿ ਉਸਨੂੰ ਡੌਂਕੀ ਰਾਹੀਂ ਮੈਕਸੀਕੋ ਰਾਹੀਂ ਅਮਰੀਕਾ ਭੇਜਿਆ ਜਾਵੇਗਾ ਪਰ ਮੈਕਸੀਕੋ ਪਹੁੰਚਣ ਤੋਂ ਬਾਅਦ ਡੌਂਕਰਾਂ ਨੇ ਉਸਨੂੰ ਇਕ ਕਮਰੇ ਵਿਚ ਭੁੱਖਾ ਪਿਆਸਾ ਬੰਦੀ ਬਣਾਈ ਰੱਖਿਆ। ਪਰਿਵਾਰ ਵੱਲੋਂ 37 ਲੱਖ ਦੇਣ ਦੇ ਬਾਵਜੂਦ ਉੱਥੇ ਖਰਚਾ ਨਾ ਭੇਜਿਆ ਗਿਆ, ਜਿਸ ਕਾਰਨ ਮਜਬੂਰੀ ਵਿਚ 4 ਲੱਖ ਰੁਪਏ ਹੋਰ ਭੇਜਣੇ ਪਏ।

ਸ਼ਨੀਵਾਰ ਰਾਤ ਪਰਿਵਾਰ ਨੂੰ ਖ਼ਬਰ ਮਿਲੀ ਕਿ ਹਰਦੀਪ ਸਿੰਘ ਦੀ ਮੌਤ ਹੋ ਗਈ ਹੈ। ਮੌਤ ਤੋਂ ਕੁਝ ਦਿਨ ਪਹਿਲਾਂ ਉਸ ਨੇ ਇੱਕ ਵੀਡੀਓ ਵੀ ਜਾਰੀ ਕੀਤੀ ਸੀ, ਜਿਸ ਵਿਚ ਉਸ ਨੇ ਏਜੰਟਾਂ ਉੱਤੇ ਠੱਗੀ ਦੇ ਗੰਭੀਰ ਦੋਸ਼ ਲਗਾਏ ਸਨ। ਪਰਿਵਾਰ ਵਿਚ ਗ਼ਮ ਦਾ ਮਾਹੌਲ ਹੈ। ਇਸ ਤੋਂ ਪਹਿਲਾਂ ਹਰਦੀਪ ਆਪਣੇ ਭਰਾ ਨਾਲ ਮਿਲ ਕੇ ਮੈਡੀਕਲ ਸਟੋਰ ਚਲਾਉਂਦਾ ਸੀ, ਜਦਕਿ ਉਸਦਾ ਦੂਜਾ ਭਰਾ ਪੁਰਤਗਾਲ ਵਿਚ ਵੱਸਦਾ ਹੈ।

# ਪੰਜਾਬ ਵਿਧਾਨ ਸਭਾ 'ਚ ਮੌਸਮ ਵਿਭਾਗ ਤੇ ਬੀ.ਬੀ.ਐੱਮ.ਬੀ. ਖ਼ਿਲਾਫ਼ ਐੱਫ.ਆਈ.ਆਰ. ਦੀ ਉੱਠੀ ਮੰਗ

**ਚੰਡੀਗੜ੍ਹ (ਪੰਜਾਬ ਮੇਲ)**- ਪੰਜਾਬ ਵਿਧਾਨ ਸਭਾ ਦੇ ਸਪੈਸ਼ਲ ਸੈਸ਼ਨ ਦੌਰਾਨ ਭਾਰਤੀ ਮੌਸਮ ਵਿਭਾਗ (ਆਈ.ਐੱਮ.ਡੀ.) ਤੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐੱਮ.ਬੀ.) ਦੇ ਖ਼ਿਲਾਫ਼ ਪਰਚਾ ਦਰਜ ਕਰਨ ਦੀ ਮੰਗ ਕੀਤੀ ਗਈ। ਜਲੰਧਰ ਛਾਉਣੀ ਤੋਂ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪਰਗਟ ਸਿੰਘ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਬੀ.ਬੀ.ਐੱਮ.ਬੀ. ਤੇ ਆਈ.ਐੱਮ.ਡੀ. ਨੇ ਪੰਜਾਬ ਨਾਲ ਬਹੁਤ ਵੱਡਾ ਧੋਖਾ ਕੀਤਾ ਹੈ। ਉਨ੍ਹਾਂ ਕਿਹਾ ਕਿ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਨੇ ਬੀ.ਬੀ.ਐੱਮ.ਬੀ. 'ਤੇ ਐੱਫ.ਆਈ.ਆਰ. ਦਰਜ ਕੀਤੀ ਹੈ ਤੇ ਪੰਜਾਬ ਵਿਚ ਵੀ ਅਜਿਹਾ ਹੋਣਾ ਚਾਹੀਦਾ ਹੈ।

ਪਰਗਟ ਸਿੰਘ ਨੇ ਕਿਹਾ ਕਿ ਸਿਰਫ਼ ਇੱਥੇ ਮਤੇ ਪਾਉਣ ਨਾਲ ਕੁਝ ਨਹੀਂ ਹੋਣਾ, ਸਾਨੂੰ ਸਿਆਸੀ ਲੜਾਈ ਵੀ ਨਾਲ ਹੀ ਲੜਣ ਦੀ ਲੋੜ ਹੈ। ਜੇ ਬੀ.ਬੀ.ਐੱਮ.ਬੀ. ਤੇ ਆਈ.ਐੱਮ.ਡੀ. ਖ਼ਿਲਾਫ਼ ਪਰਚਾ ਦਰਜ ਨਾ ਕੀਤਾ ਗਿਆ, ਤਾਂ ਸਾਡੇ ਨਾਲ ਭਵਿੱਖ ਵਿਚ ਵੀ ਅਜਿਹਾ ਹੀ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਮਤੇ ਕਿਸੇ ਬਾਬੂ ਕੋਲ ਹੀ ਨਾ ਪਏ ਰਹਿ ਜਾਣ। ਅਸੀਂ ਸ਼ੁੱਭਕਰਨ ਦੇ ਮਾਮਲੇ ਵਿਚ ਵੀ ਹਰਿਆਣਾ ਦੀ ਭਾਜਪਾ ਸਰਕਾਰ ਦੇ ਖ਼ਿਲਾਫ਼ ਪਰਚਾ ਦਰਜ ਨਹੀਂ ਸੀ ਕਰ ਸਕੇ। ਉਨ੍ਹਾਂ ਪੰਜਾਬ ਸਰਕਾਰ ਨੂੰ ਡੈਮ ਸੇਫਟੀ ਐਕਟ ਲਿਆਉਣ ਦੀ ਵੀ ਅਪੀਲ ਕੀਤੀ ਤੇ ਕਿਹਾ ਕਿ ਉਸ ਲਈ ਸਾਰੇ ਇਕੱਠੇ ਹੋ ਕੇ ਉੱਥੇ ਜਾਣ ਲਈ ਤਿਆਰ ਹਾਂ।

# ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ 'ਚ ਦਾਖਲ ਹੋਏ 120 ਈਰਾਨੀਆਂ ਨੂੰ ਭੇਜਿਆ ਜਾਵੇਗਾ ਵਾਪਸ

**ਤਹਿਰਾਨ, (ਪੰਜਾਬ ਮੇਲ)**- ਈਰਾਨੀ ਸਰਕਾਰ ਨੇ ਮੰਗਲਵਾਰ ਨੂੰ ਐਲਾਨ ਕੀਤਾ ਕਿ ਅਮਰੀਕਾ 'ਚ ਗੈਰ-ਕਾਨੂੰਨੀ ਤੌਰ 'ਤੇ ਦਾਖਲ ਹੋਣ ਦੇ ਦੋਸ਼ ਵਿਚ ਹਿਰਾਸਤ ਵਿਚ ਲਏ ਗਏ 120 ਈਰਾਨੀਆਂ ਨੂੰ ਆਉਣ ਵਾਲੇ ਦਿਨਾਂ ਵਿਚ ਵਾਪਸ ਭੇਜਿਆ ਜਾਵੇਗਾ। ਈਰਾਨ ਦੇ ਸਰਕਾਰੀ ਟੈਲੀਵਿਜ਼ਨ ਚੈਨਲ ਨੇ ਵਿਦੇਸ਼ ਮੰਤਰਾਲੇ ਵਿਚ ਸੰਸਦੀ ਮਾਮਲਿਆਂ ਦੇ ਡਾਇਰੈਕਟਰ ਜਨਰਲ ਹੁਸੈਨ ਨੌਸ਼ਾਬਾਦੀ ਦੇ ਹਵਾਲੇ ਨਾਲ ਕਿਹਾ ਕਿ ਅਮਰੀਕਾ ਨਾਲ ਹੋਏ ਸਮਝੌਤੇ ਦੇ ਤਹਿਤ ਲਗਭਗ 400 ਈਰਾਨੀਆਂ ਨੂੰ ਵਾਪਸ ਭੇਜਿਆ ਜਾਵੇਗਾ। ਈਰਾਨੀਆਂ ਨੂੰ ਲੈ ਕੇ ਜਾਣ ਵਾਲਾ ਪਹਿਲਾ ਜਹਾਜ਼ ਇੱਕ ਜਾਂ ਦੋ ਦਿਨਾਂ ਦੇ ਅੰਦਰ ਤਹਿਰਾਨ ਪਹੁੰਚਣ ਦੀ ਉਮੀਦ ਹੈ।



# ਪੰਜਾਬ ਸਰਕਾਰ ਦਰਿਆ 'ਚ ਫਿਰ ਮਾਈਨਿੰਗ ਸ਼ੁਰੂ ਕਰਨ ਲਈ ਕਾਹਲੀ



**■ ਮਾਈਨਿੰਗ ਵਿਭਾਗ ਵੱਲੋਂ ਦਰਿਆ ਦਾ ਦੌਰਾ**

**ਚਮਕੌਰ ਸਾਹਿਬ, (ਪੰਜਾਬ ਮੇਲ)-** ਚਮਕੌਰ ਸਾਹਿਬ ਮੋਰਚੇ ਦੇ ਆਗੂਆਂ ਅਤੇ ਹੋਰ ਵਾਤਾਵਰਣ ਪ੍ਰੇਮੀਆਂ ਨੇ ਪੰਜਾਬ ਸਰਕਾਰ ਵੱਲੋਂ ਪਿੰਡ ਦਾਊਦਪੁਰ ਤੇ ਫੱਸਿਆਂ ਵਿਖੇ ਫਿਰ ਮਾਈਨਿੰਗ ਸ਼ੁਰੂ ਕਰਨ ਲਈ ਇਤਰਾਜ਼ ਤੇ ਸੁਝਾਅ ਮੰਗਣ ਸਬੰਧੀ ਜਾਰੀ ਪਬਲਿਕ ਨੋਟਿਸ ਦਾ ਸਖ਼ਤ ਨੋਟਿਸ ਲਿਆ ਹੈ। ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਮੁੜ ਸੰਘਰਸ਼ ਲਈ ਲਾਮਬੰਦ ਹੋਣ ਦਾ ਸੱਦਾ ਦਿੰਦਿਆਂ ਚਿਤਾਵਨੀ ਦਿੱਤੀ ਹੈ ਕਿ ਸਰਕਾਰ ਵੱਲੋਂ ਪ੍ਰਸਤਾਵਿਤ ਥਾਵਾਂ 'ਤੇ ਮਾਈਨਿੰਗ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ।

ਇਸ ਸਬੰਧੀ ਮੋਰਚੇ ਦੇ ਆਗੂਆਂ ਖੁਸ਼ਵਿੰਦਰ ਸਿੰਘ, ਲਖਬੀਰ ਸਿੰਘ ਹਾਫਿਜ਼ਾਬਾਦ, ਜੁਝਾਰ ਸਿੰਘ ਅਤੇ ਜਸਪ੍ਰੀਤ ਸਿੰਘ ਜੱਸਾ ਨੇ ਦੱਸਿਆ ਕਿ ਮਾਈਨਿੰਗ ਵਿਭਾਗ ਦੇ ਰੂਪਨਗਰ ਦਫ਼ਤਰ ਵੱਲੋਂ ਅਖ਼ਬਾਰਾਂ ਵਿਚ ਇਸ਼ਤਿਹਾਰ ਦੇ ਕੇ ਪਿੰਡ ਦਾਊਦਪੁਰ ਤੇ ਫੱਸਿਆਂ ਨੇੜੇ ਸਤਲੁਜ ਦਰਿਆ ਵਿਚ ਰੇਤੇ ਦਾ ਸਰਕਾਰੀ ਟੱਕ ਚਲਾਉਣ ਲਈ ਸੁਝਾਅ ਅਤੇ ਇਤਰਾਜ਼ ਮੰਗੇ ਗਏ ਹਨ।

ਉਨ੍ਹਾਂ ਦੱਸਿਆ ਕਿ ਇਸ ਸਬੰਧੀ ਡਿਪਟੀ ਕਮਿਸ਼ਨਰ ਰੂਪਨਗਰ ਦੀ ਅਗਵਾਈ ਹੇਠ ਸਬ-ਡਵੀਜ਼ਨ ਪੱਧਰ ਤੇ ਬਣੀ ਕਮੇਟੀ ਵੱਲੋਂ 15 ਮਈ 2025 ਨੂੰ ਉਕਤ ਥਾਂ ਦਾ ਦੌਰਾ ਕਰਕੇ ਸਰਕਾਰੀ ਤੌਰ 'ਤੇ ਰੇਤੇ ਦੀ ਖੱਡ ਚਲਾਉਣ ਲਈ ਸਿਫ਼ਾਰਸ਼ ਕੀਤੀ ਗਈ ਸੀ। ਜਿਸ ਦੇ ਆਧਾਰ 'ਤੇ ਪੰਜਾਬ ਸਰਕਾਰ ਦੇ ਮਾਈਨਜ਼ ਅਤੇ ਜਿਓਲੋਜੀ ਵਿਭਾਗ ਜ਼ਿਲ੍ਹਾ ਰੂਪਨਗਰ 'ਚ ਸਾਈਟਾਂ ਦੀ ਕਮੇਟੀ ਵੱਲੋਂ ਮਾਈਨਿੰਗ ਵਿਭਾਗ ਨੇ ਰੇਤੇ ਦਾ ਸਰਕਾਰੀ ਟੱਕ ਚਲਾਉਣ ਲਈ ਮੰਗੇ ਸੁਝਾਅ ਤੇ ਇਤਰਾਜ਼ ਮੰਗੇ ਹਨ।

ਉਨ੍ਹਾਂ ਦੱਸਿਆ ਕਿ ਮਾਈਨਿੰਗ ਵਿਭਾਗ ਦੀਆਂ ਵਿਜ਼ਿਟ ਰਿਪੋਰਟਾਂ ਦੇ ਆਧਾਰ 'ਤੇ ਇਤਰਾਜ ਅਤੇ ਸੁਝਾਅ ਲੈਣ ਲਈ ਜਾਰੀ ਇਸ਼ਤਿਹਾਰ ਵਿਚ ਪਿੰਡ ਦਾਊਦਪੁਰ (ਬੇਚਰਾਗ ਮੌਜਾ ਮੁਲਾਣਾ) ਆਦਿ ਰਕਬੇ ਦੀ ਸਾਈਟ ਸਰਕਾਰ ਵੱਲੋਂ ਮਨਜ਼ੂਰ ਕੀਤੀ ਗਈ ਹੈ। ਇਸ ਸਬੰਧੀ ਇਲਾਕੇ ਦੇ ਲੋਕਾਂ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ ਇੱਥੋਂ ਰੇਤਾ ਚੁੱਕਣ ਲਈ ਸੁਝਾਅ ਅਤੇ ਇਤਰਾਜ਼ ਮੰਗੇ ਗਏ ਹਨ।

ਮੋਰਚੇ ਦੇ ਆਗੂਆਂ ਨੇ ਇਸ ਸਬੰਧੀ ਸਪੱਸ਼ਟ ਸਟੈਂਡ ਲੈਂਦਿਆ ਕਿਹਾ ਕਿ ਥੋੜ੍ਹਾ ਸਮਾਂ ਪਹਿਲਾਂ ਪਿੰਡ ਦਾਊਦਪੁਰ ਅਤੇ ਫੱਸਿਆਂ ਵਿਖੇ ਸਤਲੁਜ ਦਰਿਆ ਦੇ ਬੰਨ੍ਹ ਵਿਚ ਖ਼ਾਰ ਪੈਣ ਕਾਰਨ ਬੰਨ੍ਹ ਟੁੱਟਣ ਦੇ ਕਿਨਾਰੇ ਪਹੁੰਚ ਗਿਆ ਸੀ, ਜਿਸ ਨੂੰ ਬਚਾਉਣ ਲਈ ਇਲਾਕੇ ਦੇ ਨੌਜਵਾਨਾਂ ਅਤੇ ਫ਼ੌਜ ਨੇ ਦਿਨ-ਰਾਤ ਮਿੱਟੀ ਅਤੇ ਮਿੱਟੀ ਦੇ ਥੈਲੇ ਭਰ ਕੇ ਲਗਾ ਕੇ ਟੁੱਟਣ ਤੋਂ ਬਚਾਇਆ।

ਉਨ੍ਹਾਂ ਦੱਸਿਆ ਕਿ ਇਸ ਬੰਨ੍ਹ ਦੇ ਦੂਜੇ ਪਾਸੇ ਜੰਗਲਾਤ ਵਿਭਾਗ ਦੀ ਜ਼ਮੀਨ ਵਿਚ ਲੋਕਾਂ ਨੇ ਦਰਿਆ ਦਾ ਪਾਣੀ ਸਿੱਧਾ ਕਰਨ ਅਤੇ ਦਰਿਆ ਵਿਚੋਂ ਬਰੇਤੀ ਨੂੰ ਹਟਾ ਕੇ ਡਰੇਨ ਬਣਾਉਣ ਦੀ ਮੰਗ ਨੂੰ ਲੈ ਕੇ ਰੂਪਨਗਰ 'ਚ ਧਰਨਾ ਵੀ ਦਿੱਤਾ ਗਿਆ ਸੀ, ਪ੍ਰੰਤੂ ਡਰੇਨ ਪੁੱਟਣ ਲਈ ਜ਼ਿਲ੍ਹਾ ਪ੍ਰਸ਼ਾਸ਼ਨ ਤੇ ਮਾਈਨਿੰਗ ਵਿਭਾਗ ਹੁਣ ਤੱਕ ਵੀ ਆਨਾਕਾਨੀ ਕਰਦਾ ਆ ਰਿਹਾ ਹੈ। ਦੂਜੇ ਪਾਸੇ ਹੁਣ ਉਸੇ ਥਾਂ 'ਤੇ ਹੀ ਮਾਈਨਿੰਗ ਸ਼ੁਰੂ ਕਰਨ ਲਈ ਕਾਹਲਾ ਹੈ। ਆਗੂਆਂ ਨੇ ਦੋਸ਼ ਲਗਾਇਆ ਕਿ ਪਿੰਡ ਦਾਊਦਪੁਰ ਅਤੇ ਫੱਸਿਆਂ ਦੇ ਬੰਨ੍ਹ ਦੇ ਜੋ ਟੁੱਟਣ ਵਾਲੇ ਹਾਲਾਤ ਬਣੇ ਹੋਏ ਸਨ, ਉਹ ਇਥੇ ਬੀਤੇ ਕਈ ਸਾਲਾਂ ਤੋਂ ਚੱਲਦੀ ਗੈਰ ਕਾਨੂੰਨੀ ਮਾਈਨਿੰਗ ਕਾਰਨ ਹੀ ਬਣੇ ਸਨ।

ਜਦੋਂ ਇਸ ਸਬੰਧੀ ਐੱਸ.ਡੀ.ਐੱਮ. ਅਮਰੀਕ ਸਿੰਘ ਸਿੱਧੂ ਨਾਲ ਗੱਲ ਕੀਤੀ, ਤਾਂ ਉਨ੍ਹਾਂ ਦੱਸਿਆ ਕਿ ਸਬੰਧਤ ਵਿਭਾਗ ਵੱਲੋਂ ਸਰਕਾਰ ਦੇ ਹੁਕਮਾਂ ਅਨੁਸਾਰ ਦਰਿਆ 'ਚ ਉਕਤ ਥਾਵਾਂ 'ਤੇ ਵਿਜ਼ਿਟ ਕੀਤੀ ਗਈ ਹੈ ਅਤੇ ਨੇੜਲੇ ਪਿੰਡਾਂ ਦੇ ਲੋਕ ਜੋ ਵੀ ਸੁਝਾਅ ਦੇਣਗੇ, ਉਨ੍ਹਾਂ ਸੁਝਾਵਾਂ ਨੂੰ ਕਲਮਬੱਧ ਕਰਕੇ ਸਾਰੀ ਰਿਪੋਰਟ ਜਲਦੀ ਹੀ ਸਰਕਾਰ ਨੂੰ ਭੇਜ ਦਿੱਤੀ ਜਾਵੇਗੀ।

# ਪੰਜਾਬ ਕਾਂਗਰਸ 'ਚ ਡੂੰਘੀ ਹੋ ਰਹੀ ਧੜੇਬੰਦੀ 'ਤੇ ਹਾਈਕਮਾਨ ਚਿੰਤਾ 'ਚ



**ਜਲੰਧਰ, (ਪੰਜਾਬ ਮੇਲ)-** ਸੰਗਠਨ ਨਿਰਮਾਣ ਮੁਹਿੰਮ ਦੇ ਹਿੱਸੇ ਵਜੋਂ ਜ਼ਿਲ੍ਹਾ ਕਾਂਗਰਸ ਸ਼ਹਿਰੀ ਪ੍ਰਧਾਨ ਦੇ ਅਹੁਦੇ ਲਈ ਤਿੱਖੀ ਲੜਾਈ ਬੇਰੋਕ ਜਾਰੀ ਹੈ। ਬੀਤੇ ਦਿਨੀਂ ਕਾਂਗਰਸ ਭਵਨ ਜਲੰਧਰ ਵਿਖੇ ਆਲ ਇੰਡੀਆ ਕਾਂਗਰਸ ਕਮੇਟੀ ਵੱਲੋਂ ਨਿਯੁਕਤ ਨਿਗਰਾਨ ਰਾਜੇਸ਼ ਲਿਲੋਠੀਆ ਨੇ ਸਾਰੇ ਦਾਅਵੇਦਾਰਾਂ ਨਾਲ ਇਕ ਹੋਰ ਮਹੱਤਵਪੂਰਨ ਮੀਟਿੰਗ ਕੀਤੀ, ਤਾਂ ਜੋ ਇਕ ਪੈਨਲ ਦੇ ਗਠਨ ਬਾਰੇ ਚਰਚਾ ਕੀਤੀ ਜਾ ਸਕੇ। ਪੰਜਾਬ ਪ੍ਰਦੇਸ਼ ਕਾਂਗਰਸ ਵੱਲੋਂ ਨਿਯੁਕਤ ਸਹਿ-ਨਿਗਰਾਨ ਟੀਨਾ ਚੌਧਰੀ, ਵਿਕਾਸ ਸੋਨੀ ਅਤੇ ਸ਼ਾਮ ਸੁੰਦਰ ਅਰੋੜਾ ਵੀ ਮੌਜੂਦ ਸਨ।

ਮੀਟਿੰਗ ਤੋਂ ਇਲਾਵਾ ਨਿਗਰਾਨ ਅਤੇ ਸਹਿ-ਨਿਗਰਾਨ ਕਈ ਕੌਂਸਲਰਾਂ, ਵੱਖ-ਵੱਖ ਸੈੱਲਾਂ ਦੇ ਅਧਿਕਾਰੀਆਂ ਅਤੇ ਕਾਂਗਰਸੀ ਵਰਕਰਾਂ ਨਾਲ ਵੀ ਮਿਲੇ। ਇਸ ਨਾਲ ਜ਼ਮੀਨੀ ਪੱਧਰ 'ਤੇ ਸੰਗਠਨਾਤਮਕ ਸਥਿਤੀ ਦਾ ਸੰਖੇਪ ਜਾਣਕਾਰੀ ਮਿਲੀ। ਹਾਲਾਂਕਿ ਕਈ ਦਾਅਵੇਦਾਰ ਆਪਣੀਆਂ-ਆਪਣੀਆਂ ਸੂਚੀਆਂ ਅਤੇ ਸਮਰਥਕਾਂ ਨਾਲ ਆਪਣਾ ਦਬਦਬਾ ਵਿਖਾਉਂਦੇ ਹੋਏ ਵੇਖੇ ਗਏ। ਹਾਲਾਂਕਿ ਹਾਈਕਮਾਨ ਕਿਸ 'ਤੇ ਭਰੋਸਾ ਕਰੇਗੀ, ਇਹ ਆਉਣ ਵਾਲੇ ਦਿਨਾਂ ਵਿਚ ਸਪੱਸ਼ਟ ਹੋ ਜਾਵੇਗਾ। ਇਹ ਗੱਲ ਪੱਕੀ ਹੈ ਕਿ ਇਸ ਟਕਰਾਅ ਨੇ ਕਾਂਗਰਸ ਸੰਗਠਨ ਦੇ ਅੰਦਰ ਅੰਦਰੂਨੀ ਕਮਜ਼ੋਰੀਆਂ ਅਤੇ ਧੜੇਬੰਦੀ ਨੂੰ ਪੂਰੀ ਤਰ੍ਹਾਂ ਉਜਾਗਰ ਕਰ ਦਿੱਤਾ ਹੈ। ਨਿਗਰਾਨ ਨਾਲ ਮੁਲਾਕਾਤ ਕਰਨ ਵਾਲੇ ਦਾਅਵੇਦਾਰਾਂ ਵਿਚ ਜ਼ਿਲ੍ਹਾ ਕਾਂਗਰਸ ਸ਼ਹਿਰੀ ਪ੍ਰਧਾਨ ਰਾਜਿੰਦਰ ਬੇਰੀ, ਸੂਬਾ ਯੂਥ ਕਾਂਗਰਸ ਜਨਰਲ ਸਕੱਤਰ ਦੀਪਕ ਖੋਸਲਾ, ਸੂਬਾ ਕਾਂਗਰਸ ਜਨਰਲ ਸਕੱਤਰ ਮਨੂ ਬੜਿੰਗ, ਮਹਿਲਾ ਕਾਂਗਰਸ ਕੋਆਰਡੀਨੇਟਰ ਡਾ. ਜਸਲੀਨ ਸੇਠੀ, ਸਾਬਕਾ ਕੌਂਸਲਰ ਦੇ ਪਤੀ ਰਵੀ ਸੈਣੀ, ਕੌਂਸਲਰ ਬੰਟੀ ਨੀਲਕੰਠ, ਕੌਂਸਲਰ ਪਵਨ ਕੁਮਾਰ, ਕਾਂਗਰਸ ਅਤੇ ਰਾਜੇਸ਼ ਭੱਟੀ ਅਤੇ ਰਾਜਕੁਮਾਰ ਰਾਜੂ, ਯੂਥ ਆਗੂ ਸੰਜੇ ਸਹਿਗਲ, ਦਿਨੇਸ਼ ਕੁਮਾਰ, ਹਾਮਿਦ ਮਸੀਹ ਅਤੇ ਹੋਰ ਸ਼ਾਮਲ ਸਨ।

# ਭਾਰਤ ਨੇ ਪਾਕਿਸਤਾਨੀ ਜਹਾਜ਼ਾਂ ਲਈ ਹਵਾਈ ਖੇਤਰ 'ਤੇ ਪਾਬੰਦੀ 24 ਅਕਤੂਬਰ ਤਕ ਵਧਾਈ



**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ ਨੇ ਪਾਕਿਸਤਾਨੀ ਨਾਗਰਿਕ ਅਤੇ ਫੌਜੀ ਜਹਾਜ਼ਾਂ ਲਈ ਆਪਣੇ ਹਵਾਈ ਖੇਤਰ ਦੀ ਪਾਬੰਦੀ ਨੂੰ 24 ਅਕਤੂਬਰ ਤੱਕ ਵਧਾ ਦਿੱਤਾ ਹੈ। ਪਾਕਿਸਤਾਨ ਨੇ ਵੀ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਅਪ੍ਰੈਲ ਤੋਂ ਆਪਣੇ ਹਵਾਈ ਖੇਤਰ ਨੂੰ ਭਾਰਤੀ ਜਹਾਜ਼ਾਂ ਲਈ ਬੰਦ ਕੀਤਾ ਹੋਇਆ ਹੈ। ਦੋਵਾਂ ਦੇਸ਼ਾਂ ਨੇ ਹੁਣ 24 ਅਕਤੂਬਰ ਤੱਕ ਇਸ ਪਾਬੰਦੀ ਨੂੰ ਵਧਾਉਣ ਲਈ ਵੱਖ-ਵੱਖ 'ਨੋਟਿਸ ਟੂ ਏਅਰਮੈਨ' ਜਾਰੀ ਕੀਤੇ ਹਨ।

23 ਸਤੰਬਰ ਨੂੰ ਜਾਰੀ ਕੀਤੇ ਗਏ ਨੋਟਿਸ ਅਨੁਸਾਰ ਭਾਰਤੀ ਹਵਾਈ ਖੇਤਰ ਪਾਕਿਸਤਾਨ ਵਿਚ ਰਜਿਸਟਰਡ ਜਹਾਜ਼ਾਂ ਅਤੇ ਪਾਕਿਸਤਾਨੀ ਏਅਰਲਾਈਨਾਂ ਜਾਂ ਆਪਰੇਟਰਾਂ ਦੁਆਰਾ ਚਲਾਏ ਜਾਂ ਮਲਕੀਅਤ ਵਾਲੇ ਜਾਂ ਲੀਜ਼ 'ਤੇ ਲਏ ਗਏ ਜਹਾਜ਼ਾਂ ਲਈ ਉਪਲਬਧ ਨਹੀਂ ਹੋਵੇਗਾ, ਜਿਸ ਵਿਚ ਫੌਜੀ ਉਡਾਣਾਂ ਵੀ ਸ਼ਾਮਲ ਹਨ। ਇਹ ਹਵਾਈ ਖੇਤਰ 23 ਅਕਤੂਬਰ ਦੀ ਰਾਤ 23:59 ਵਜੇ ਤੱਕ ਬੰਦ ਰਹੇਗਾ, ਜੋ ਕਿ 24 ਅਕਤੂਬਰ ਨੂੰ ਸਵੇਰੇ 05:30 ਵਜੇ ਬਣਦਾ ਹੈ। 22 ਅਪ੍ਰੈਲ ਨੂੰ ਪਹਿਲਗਾਮ ਵਿਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਨੇ 30 ਅਪ੍ਰੈਲ ਤੋਂ ਪਾਕਿਸਤਾਨੀ ਜਹਾਜ਼ਾਂ 'ਤੇ ਪਾਬੰਦੀਆਂ ਲਗਾਈਆਂ ਸਨ। ਉਦੋਂ ਤੋਂ ਇਹ ਪਾਬੰਦੀਆਂ ਵਧਾਈਆਂ ਜਾ ਰਹੀਆਂ ਹਨ। ਆਮ ਤੌਰ 'ਤੇ 'ਨੋਟਿਸ ਟੂ ਏਅਰਮੈਨ' ਇਕ ਅਜਿਹਾ ਨੋਟਿਸ ਹੁੰਦਾ ਹੈ, ਜਿਸ ਵਿਚ ਉਡਾਣ ਸੰਚਾਲਨ 'ਚ ਸ਼ਾਮਲ ਕਰਮਚਾਰੀਆਂ ਲਈ ਜ਼ਰੂਰੀ ਜਾਣਕਾਰੀ ਹੁੰਦੀ ਹੈ।




# ਦਿੱਲੀ ਏਅਰਪੋਰਟ 'ਤੇ ਸਿੱਖ ਆਗੂ ਨਾਲ ਨਫ਼ਰਤੀ ਵਤੀਰਾ; ਦਸਤਾਰ 'ਤੇ ਚੁੱਕੇ ਸਵਾਲ

**ਨਵੀਂ ਦਿੱਲੀ, (ਪੰਜਾਬ ਮੇਲ)-** ਨਵੀਂ ਦਿੱਲੀ ਕੌਮਾਂਤਰੀ ਹਵਾਈ ਅੱਡੇ 'ਤੇ ਚੈੱਕ-ਇਨ ਕਾਊਂਟਰ ਨੰਬਰ 5 'ਤੇ ਸਰਦਾਰ ਜੀਵਨ ਸਿੰਘ, ਜੋ ਸਿੰਗਾਪੁਰ ਜਾਣ ਵਾਲੀ ਫਲਾਈਟ ਲਈ ਚੈੱਕ-ਇਨ ਕਰ ਰਹੇ ਸਨ, ਨੂੰ ਅਪਮਾਨਜਨਕ ਅਤੇ ਵਿਤਕਰੇ ਵਾਲੇ ਵਿਵਹਾਰ ਦਾ ਸਾਹਮਣਾ ਕਰਨਾ ਪਿਆ।

ਇਹ ਘਟਨਾ ਨਾ ਸਿਰਫ਼ ਵਿਅਕਤੀਗਤ ਤੌਰ 'ਤੇ ਅਪਮਾਨਜਨਕ ਸੀ, ਸਗੋਂ ਭਾਰਤੀ ਸੰਵਿਧਾਨ ਦੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਵੀ ਹੈ। ਇਹ ਘਟਨਾ 24 ਸਤੰਬਰ 2025 ਨੂੰ ਸਵੇਰੇ 7:45 ਤੋਂ 8:30 ਵਜੇ ਦੇ ਵਿਚਕਾਰ ਵਾਪਰੀ, ਜਦੋਂ ਜੀਵਨ ਸਿੰਘ ਨੇ ਆਪਣਾ ਪਾਸਪੋਰਟ ਗਰਾਊਂਡ ਸਟਾਫ ਮੈਂਬਰ

**■ ਅਧਿਕਾਰੀਆਂ ਨੇ ਬੋਰਡਿੰਗ ਪਾਸ ਜਾਰੀ ਕਰਨ ਤੋਂ ਇਨਕਾਰ**



ਸ਼੍ਰੀਮਤੀ ਸਤੂਤੀ ਨੂੰ ਸੌਂਪਿਆ, ਜਿਸ ਨੇ ਆਈਡੀ ਕਾਰਡ ਨਹੀਂ ਪਾਇਆ ਸੀ, ਤਾਂ ਉਸ ਨੇ ਅਪਮਾਨਜਨਕ ਟਿੱਪਣੀਆਂ ਕੀਤੀਆਂ।

ਉਸ ਨੂੰ ਪਾਸਪੋਰਟ 'ਤੇ ਚਿਹਰੇ ਦੀ ਪੁਸ਼ਟੀ ਬਾਰੇ ਸਵਾਲ ਕੀਤਾ ਅਤੇ ਅਪਮਾਨਜਨਕ ਢੰਗ ਨਾਲ ਪੁੱਛਿਆ, "ਤੁਹਾਡਾ ਪਤਾ ਤਾਮਿਲਨਾਡੂ ਵਿਚ ਹੈ ਪਰ ਤੁਸੀਂ ਸਿੱਖ ਪੱਗ ਕਿਉਂ ਪਹਿਨੀ ਹੋਈ ਹੈ।" ਜੀਵਨ ਸਿੰਘ ਨੇ ਵਾਧੂ ਪੁਸ਼ਟੀ ਲਈ ਆਪਣਾ ਚੋਣ ਆਈ.ਡੀ. ਕਾਰਡ ਪੇਸ਼ ਕੀਤਾ ਪਰ ਮਾਮਲੇ ਨੂੰ ਪੇਸ਼ੇਵਰ ਢੰਗ ਨਾਲ ਹੱਲ ਕਰਨ ਦੀ ਬਜਾਏ ਸਟਾਫ ਨੇ ਸ਼ੱਕ ਵਧਾ ਦਿੱਤਾ। ਇਸ ਦੌਰਾਨ ਏਅਰ ਇੰਡੀਆ ਦੇ ਇੰਚਾਰਜ ਅਧਿਕਾਰੀ ਸ਼੍ਰੀ ਮੁਕੇਸ਼ ਵੀ ਸ਼ਾਮਲ ਹੋਏ ਅਤੇ 100 ਤੋਂ ਵੱਧ ਯਾਤਰੀਆਂ ਦੇ ਸਾਹਮਣੇ ਜੀਵਨ ਸਿੰਘ 'ਤੇ ਅਪਮਾਨਜਨਕ ਸਵਾਲਾਂ ਦੀ ਝੜੀ ਲਗਾ ਦਿੱਤੀ। ਉਸ ਨੇ ਪੁੱਛਿਆ, "ਤੁਸੀਂ ਸਿੰਗਾਪੁਰ ਕਿਉਂ ਜਾ ਰਹੇ ਹੋ?", "ਤੁਹਾਡੇ ਹੱਥ ਵਿਚ ਕਿੰਨੇ ਪੈਸੇ ਹਨ?", "ਆਪਣੇ ਬੈਂਕ ਖਾਤੇ ਦੇ ਵੇਰਵੇ ਦਿਖਾਓ", "ਤੁਸੀਂ ਪੱਗ ਕਿਉਂ ਬੰਨ੍ਹੀ ਹੈ?", "ਤੁਸੀਂ ਕਾਲੇ ਕਿਉਂ ਹੋ?", ਅਤੇ "ਤੁਸੀਂ ਕਿਸ ਜਾਤ ਤੋਂ ਸਿੱਖ ਬਣੇ?"। ਇਹ ਸਵਾਲ ਨਾ ਸਿਰਫ਼ ਅਪਮਾਨਜਨਕ ਸਨ, ਸਗੋਂ ਧਰਮ, ਜਾਤ ਅਤੇ ਦਿੱਖ 'ਤੇ ਆਧਾਰਿਤ ਵਿਤਕਰੇ ਨੂੰ ਦਰਸਾਉਂਦੇ ਸਨ।

ਜੀਵਨ ਸਿੰਘ ਨੇ ਹਰ ਸਵਾਲ ਦਾ ਜਵਾਬ ਦਿੱਤਾ, ਪਰ ਸਟਾਫ ਨੇ ਆਪਣੇ ਵਿਵਹਾਰ ਨੂੰ ਨਹੀਂ ਸੁਧਾਰਿਆ ਅਤੇ ਬੋਰਡਿੰਗ ਪਾਸ ਜਾਰੀ ਕਰਨ ਤੋਂ ਇਨਕਾਰ ਕਰ ਦਿੱਤਾ। ਜੀਵਨ ਸਿੰਘ, ਜੋ ਸੁਪਰੀਮ ਕੋਰਟ ਵਿਚ ਪ੍ਰੈਕਟਿਸ ਕਰਨ ਵਾਲੇ ਵਕੀਲ ਹਨ, ਨੇ ਸਟਾਫ ਨੂੰ ਯਾਦ ਦਿਵਾਇਆ ਕਿ ਏਅਰਲਾਈਨ ਸਟਾਫ ਨੂੰ ਧਰਮ, ਜਾਤ, ਪਛਾਣ ਜਾਂ ਵਿੱਤੀ ਸਥਿਤੀ 'ਤੇ ਸਵਾਲ ਉਠਾਉਣ ਦਾ ਕੋਈ ਕਾਨੂੰਨੀ ਅਧਿਕਾਰ ਨਹੀਂ ਹੈ।

# ਜਥੇਦਾਰ ਗੜਗੱਜ ਵੱਲੋਂ ਏਅਰ ਇੰਡੀਆ ਸਟਾਫ ਦੇ ਵਤੀਰੇ ਦੀ ਆਲੋਚਨਾ

**ਅੰਮ੍ਰਿਤਸਰ, (ਪੰਜਾਬ ਮੇਲ)-** ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਤਾਮਿਲ ਸਿੱਖ ਤੇ ਸੁਪਰੀਮ ਕੋਰਟ ਦੇ ਵਕੀਲ ਜੀਵਨ ਸਿੰਘ ਵਿਰੁੱਧ ਬੀਤੇ ਦਿਨੀਂ ਨਵੀਂ ਦਿੱਲੀ ਦੇ ਹਵਾਈ ਅੱਡੇ ਉੱਤੇ ਏਅਰ ਇੰਡੀਆ ਦੇ ਸਟਾਫ਼ ਵੱਲੋਂ ਕੀਤੇ ਗਏ ਵਿਤਕਰੇ ਤੇ ਅਪਮਾਨਜਨਕ ਵਤੀਰੇ ਦੀ ਕਰੜੀ ਆਲੋਚਨਾ ਕੀਤੀ ਹੈ।

ਉਨ੍ਹਾਂ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਅੱਜ ਜਦੋਂ ਸਮੁੱਚਾ ਦੇਸ਼ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ, ਜਿਨ੍ਹਾਂ ਨੇ ਧਾਰਮਿਕ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਲਈ ਸ਼ਹਾਦਤ ਦਿੱਤੀ, ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਮਨਾ ਰਿਹਾ ਹੈ, ਉਦੋਂ ਉਨ੍ਹਾਂ ਦੇ ਸਿੱਖਾਂ ਨਾਲ ਆਜ਼ਾਦ ਦੇਸ਼ ਅੰਦਰ ਅਪਮਾਨਜਨਕ ਵਿਤਕਰਾ ਕੀਤਾ ਜਾ ਰਿਹਾ ਹੈ। ਜਥੇਦਾਰ ਨੇ ਕਿਹਾ ਕਿ ਜੀਵਨ ਸਿੰਘ ਨਾਲ ਜੋ ਘਟਨਾ ਨਵੀਂ ਦਿੱਲੀ ਹਵਾਈ ਅੱਡੇ 'ਤੇ ਵਾਪਰੀ ਹੈ, ਉਸ ਨਾਲ ਦੇਸ਼ ਵਿਦੇਸ਼ ਵਿਚ ਵੱਸਦੇ ਸਿੱਖਾਂ ਦੇ ਮਨਾਂ ਨੂੰ ਗਹਿਰੀ ਸੱਟ ਲੱਗੀ ਹੈ। ਉਨ੍ਹਾਂ ਕਿਹਾ ਕਿ ਭਾਵੇਂ ਏਅਰ ਇੰਡੀਆ ਨੇ ਇਸ ਮਾਮਲੇ ਵਿਚ ਪੀੜਤ ਅਤੇ ਦਿੱਲੀ ਆਧਾਰਿਤ ਐਡਵੋਕੇਟ ਨੀਨਾ ਸਿੰਘ ਪਾਸ ਲਿਖਤੀ ਈ-ਮੇਲ ਰਾਹੀਂ ਖੇਦ ਪ੍ਰਗਟ ਕੀਤਾ ਹੈ ਪਰੰਤੂ ਇਸ ਨਾਲ ਬਣਦੀ ਜ਼ਿੰਮੇਵਾਰੀ ਖਤਮ ਨਹੀਂ ਹੁੰਦੀ। ਉਨ੍ਹਾਂ ਕਿਹਾ ਕਿ ਏਅਰ ਇੰਡੀਆ ਇਸ ਘਟਨਾ ਨਾਲ ਸਬੰਧਤ ਕੀਤੀ ਗਈ ਸਮੁੱਚੀ ਜਾਂਚ ਨੂੰ ਪਾਰਦਰਸ਼ਤਾ ਦੇ ਮੱਦੇਨਜ਼ਰ ਜਨਤਕ ਕਰੇ। ਇਹ ਦੱਸਿਆ ਜਾਵੇ ਕਿ ਦੋਸ਼ੀ ਸਟਾਫ਼ ਮੈਂਬਰਾਂ ਵਿਰੁੱਧ ਕੀ ਕਾਰਵਾਈ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਅਜਿਹੇ ਵਰਤਾਰਿਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਸਰਕਾਰਾਂ ਸਿੱਖ ਸਰੋਕਾਰਾਂ, ਪਛਾਣ ਤੇ ਕਕਾਰਾਂ ਪ੍ਰਤੀ ਸੰਜੀਦਾ ਪਹੁੰਚ ਨਹੀਂ ਰੱਖਦੀਆਂ। ਉਨ੍ਹਾਂ ਸਿੱਖ ਕੌਮ ਨੂੰ ਹਦਾਇਤ ਕੀਤੀ ਕਿ ਜਿੱਥੇ ਕਿਧਰੇ ਵੀ ਸਿੱਖ ਪਛਾਣ ਤੇ ਕਕਾਰਾਂ ਵਿਰੁੱਧ ਕੋਈ ਕਾਰਵਾਈ ਹੋਵੇ, ਤਾਂ ਉਸ ਵਿਰੁੱਧ ਸਮੂਹਿਕ ਰੂਪ ਵਿਚ ਦੋਸ਼ੀਆਂ ਖ਼ਿਲਾਫ਼ ਅਵਾਜ਼ ਉਠਾਈ ਜਾਵੇ ਅਤੇ ਉਨ੍ਹਾਂ ਦੀ ਜ਼ਿੰਮੇਵਾਰੀ ਤੈਅ ਕੀਤੀ ਜਾਵੇ।

ਉਨ੍ਹਾਂ ਕਿਹਾ ਕਿ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਦੇਸ਼ ਪੱਧਰ ਦੇ ਜ਼ਰੂਰੀ ਦਿਸ਼ਾ-ਨਿਰਦੇਸ਼ ਤੁਰੰਤ ਪ੍ਰਭਾਵ ਨਾਲ ਜਾਰੀ ਕੀਤੇ ਜਾਣੇ ਚਾਹੀਦੇ ਹਨ ਅਤੇ ਜੇਕਰ ਫਿਰ ਵੀ ਕੋਈ ਸਿੱਖ ਵਿਰੋਧੀ ਕਾਰਵਾਈ ਕਰਦਾ ਹੈ, ਤਾਂ ਸਬੰਧਤ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਲਾਜ਼ਮੀ ਹੋਣੀ ਚਾਹੀਦੀ ਹੈ।

ਦੱਸਣਯੋਗ ਹੈ ਕਿ ਪੀੜਤ ਸਿੱਖ ਨੂੰ 24 ਸਤੰਬਰ ਨੂੰ ਸਿੰਘਾਪੁਰ ਜਾਣ ਵੇਲੇ ਦਿੱਲੀ ਦੇ ਹਵਾਈ ਅੱਡੇ ਤੇ ਅਮਲੇ ਵੱਲੋਂ ਰੋਕਿਆ ਗਿਆ ਸੀ, ਜਿੱਥੇ ਹਵਾਈ ਕੰਪਨੀ ਦੇ ਅਮਲੇ ਵੱਲੋਂ ਉਨ੍ਹਾਂ ਦੀ ਪਹਿਚਾਣ, ਰੰਗ, ਜਾਤ ਅਧਾਰਤ ਟਿੱਪਣੀ ਕੀਤੀ ਗਈ ਸੀ।

## ਮੈਟਰੀਮੋਨੀਅਲ

ਜੱਟ ਸਿੱਖ ਗਰੇਵਾਲ ਲੜਕਾ, ਜਨਮ 1998, ਕੱਦ 6 ਫੁੱਟ 1 ਇੰਚ, Diploma in Designing Drafting, ਵਿਜ਼ਟਰ 'ਤੇ ਅਮਰੀਕਾ ਰਹਿ ਰਹੇ, ਸੋਹਣੇ-ਸੁਨੱਖੇ, ਨਸ਼ਿਆਂ ਤੋਂ ਰਹਿਤ ਲਈ ਅਮਰੀਕੀ ਜਾਂ ਕੈਨੇਡੀਅਨ ਇਮੀਗ੍ਰੈਂਟ ਜਾਂ ਸਿਟੀਜ਼ਨ, ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ (ਬਿਨਾਂ ਬੱਚੇ ਤੋਂ) ਲੜਕੀ 'ਤੇ ਵੀ ਵਿਚਾਰ ਕੀਤਾ ਜਾਵੇਗਾ। ਜਾਣਕਾਰੀ ਲਈ : +1-604-749-2805 (whatsapp) 'ਤੇ ਸੰਪਰਕ ਕਰੋ।

871

## MATRIMONIAL

South Indian man, 65, (Look's 50), 5'-7", transportation business. looking a good loving girl of any age. Down to earth, anyone interested to living together. Pls send a photograph and little information with phone number. He can live anywhere in USA. Cell: 727-870-0052

855


PUNJAB MAIL USA

TV Channel, Newspaper, Radio

All over America, Canada, Australia & Europe

All over America, Canada, Australia & Europe

24 Hours 7 Days

● IP TV (24 Hours)
● App: Punjab Mail USA (24 Hours)
Youtube : Punjab Mail USA
● Facebook Page : Punjab Mail USA
● Instagram : Punjab Mail USA
● Website: punjabmailusa.com
● E-mail: punjabmailtv@gmail.com

Gold #2867, Gem #375, TV Zon #6888, Glow TV #1828, Tashan #131, Real TV etc.

For any Information & Advertisement Call at
+1-916-320-9444



# ਪੰਜਾਬ ਕੈਬਨਿਟ ਵੱਲੋਂ ਸਾਬਕਾ ਕੈਬਨਿਟ ਮੰਤਰੀ ਧਰਮਸੋਤ ਖ਼ਿਲਾਫ਼ ਭ੍ਰਿਸ਼ਟਾਚਾਰ ਦਾ ਕੇਸ ਚਲਾਉਣ ਦੀ ਪ੍ਰਵਾਨਗੀ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿਚ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਵਿਰੁੱਧ ਭ੍ਰਿਸ਼ਟਾਚਾਰ ਦਾ ਕੇਸ ਚਲਾਉਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਹ ਕੇਸ ਵਿਜਲੈਂਸ ਬਿਊਰੋ ਵੱਲੋਂ ਜੂਨ 2022 ਵਿਚ ਦਰਜ ਕੀਤਾ ਗਿਆ ਸੀ। ਪੰਜਾਬ ਮੰਤਰੀ ਮੰਡਲ ਨੇ ਇਸ ਮਾਮਲੇ ਵਿਚ ਅਗਲੇਰੀ ਕਾਰਵਾਈ ਚਲਾਉਣ ਦੀ ਪ੍ਰਵਾਨਗੀ ਲਈ ਰਾਜਪਾਲ ਨੂੰ ਸਿਫਾਰਿਸ਼ ਕਰ ਦਿੱਤੀ ਹੈ। ਇਸ ਤੋਂ ਇਲਾਵਾ ਮੰਤਰੀ ਮੰਡਲ ਨੇ ਪੰਜਾਬ ਵਿਚ ਐੱਨ.ਆਈ.ਏ. ਦੇ ਚੱਲ ਰਹੇ ਵੱਖ-ਵੱਖ ਅਦਾਲਤਾਂ ਵਿਚ ਕੇਸਾਂ ਦਾ ਨਿਪਟਾਰਾ ਕਰਨ ਲਈ ਮੋਹਾਲੀ ਵਿਖੇ ਵਿਸ਼ੇਸ਼ ਅਦਾਲਤ ਸਥਾਪਤ ਕਰਨ ਦਾ ਫੈਸਲਾ ਕੀਤਾ ਹੈ।



ਜਿੱਥੇ ਸੈਸ਼ਨ ਜੱਜ ਅਤੇ ਵਧੀਕ ਸੈਸ਼ਨ ਜੱਜ ਵੱਲੋਂ ਐੱਨ.ਆਈ.ਏ. ਦੇ ਕੇਸਾਂ ਦਾ ਨਿਪਟਾਰਾ ਕੀਤਾ ਜਾਵੇਗਾ। ਇਸ ਦੇ ਨਾਲ ਹੀ ਪੰਜਾਬ ਮੰਤਰੀ ਮੰਡਲ ਨੇ ਪੇਂਡੂ ਵਿਕਾਸ ਵਿਭਾਗ ਦੀਆਂ ਪਗਡੰਡੀਆਂ ਅਤੇ ਖਾਲਿਆਂ 'ਤੇ ਕਬਜ਼ੇ ਕਰਨ ਵਾਲਿਆਂ ਤੋਂ ਵਸੂਲੀ ਕਰਨ ਲਈ ਵੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਲਈ ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਕਮੇਟੀ ਵੱਲੋਂ ਕੀਮਤ ਤੈਅ ਕੀਤੀ ਜਾਵੇਗੀ।

ਪੰਜਾਬ ਮੰਤਰੀ ਮੰਡਲ ਨੇ ਵੱਖ-ਵੱਖ ਨਿਯਮਾਂ ਤਹਿਤ ਟੈਕਸ ਦਾ ਭੁਗਤਾਨ ਨਾ ਕਰਨ ਵਾਲੇ ਵਪਾਰੀਆਂ ਨੂੰ ਵੱਡੀ ਰਾਹਤ ਦਿੰਦਿਆ ਓ.ਟੀ.ਐੱਸ. ਸਕੀਮ ਲਿਆਉਣ ਦੀ ਪ੍ਰਵਾਨਗੀ ਦਿੱਤੀ ਹੈ। ਇਸ ਸਕੀਮ ਤਹਿਤ ਵਪਾਰੀਆਂ ਤੋਂ ਜੁਰਮਾਨਾ ਅਤੇ ਵਿਆਜ 'ਚ ਛੂਟ ਦਿੱਤੀ ਜਾਵੇਗੀ। ਇਹ ਸਕੀਮ 31 ਦਸੰਬਰ 2025 ਤੱਕ ਲਾਗੂ ਹੋਵੇਗੀ। ਇਸ ਤੋਂ ਬਾਅਦ ਸੂਬਾ ਸਰਕਾਰ ਵੱਲੋਂ ਬਕਾਇਆ ਭੁਗਤਾਨ ਨਾ ਕਰਨ ਵਾਲਿਆਂ ਵਿਰੁੱਧ ਸਖਤੀ ਨਾਲ ਕਾਰਵਾਈ ਕੀਤੀ ਜਾਵੇਗੀ।


## Help Wanted in Missouri
## ਲੋੜ ਹੈ

ਨੌਕਰੀ ਦੇ ਮੌਕੇ -ਸਾਡੇ ਕੋਲ ਮਿਸੂਰੀ ਏਰੀਆ ਵਿਚ ਕਈ ਅਸਾਮੀਆਂ ਖਾਲੀ ਹਨ। ਹੇਠਾਂ ਦਿੱਤੀਆਂ ਜਗ੍ਹਾਂ ਲਈ ਕਰਮਚਾਰੀਆਂ ਦੀ ਲੋੜ ਹੈ:

■ ਗੈਸ ਸਟੇਸ਼ਨ ■ ਲਿਕੁਰ ਸਟੋਰ ■ ਪੰਜਾਬੀ ਰੈਸਟੋਰੈਂਟ

ਅਸਾਮੀਆਂ: ਕੈਸ਼ਿਅਰ / ਦੁਕਾਨ ਸਹਾਇਕ / ਰਸੋਈ ਸਹਾਇਕ/ ਰਸੋਈਏ / ਸਫਾਈ ਕਰਮਚਾਰੀ

■ ਪਹਿਲਾਂ ਦਾ ਤਜਰਬਾ ਵਧੀਆ ਹੈ ਪਰ ਜ਼ਰੂਰੀ ਨਹੀਂ (ਟ੍ਰੇਨਿੰਗ ਦਿੱਤੀ ਜਾਵੇਗੀ)

■ ਬੁਨਿਆਦੀ ਅੰਗਰੇਜ਼ੀ ਜਾਂ ਪੰਜਾਬੀ ਬੋਲੀ ਜਾਣੀ ਚਾਹੀਦੀ

ਸੰਪਰਕ ਕਰੋ: ਜੇਕਰ ਤੁਸੀਂ ਦਿਲਚਸਪੀ ਰੱਖਦੇ ਹੋ, ਤਾਂ ਇਸ ਨੰਬਰ 'ਤੇ ਸੰਪਰਕ ਕਰੋ: 417-382-9100 869


# ਇਮੀਗ੍ਰੇਸ਼ਨ ਅਧਿਕਾਰੀਆਂ ਨੇ 33 ਸਾਲਾਂ ਤੋਂ ਅਮਰੀਕਾ ਰਹਿ ਰਹੀ ਸਿੱਖ ਬੀਬੀ ਨੂੰ ਕੀਤਾ ਡਿਪੋਰਟ

**ਚੰਡੀਗੜ੍ਹ, (ਪੰਜਾਬ ਮੇਲ)-** ਅਮਰੀਕਾ ਵਿਚ 30 ਸਾਲਾਂ ਤੋਂ ਵੱਧ ਸਮੇਂ ਤੋਂ ਰਹਿ ਰਹੀ ਇੱਕ 73 ਸਾਲਾ 'ਗੈਰ-ਦਸਤਾਵੇਜ਼ੀ' ਸਿੱਖ ਬੀਬੀ ਨੂੰ ਇਸ ਹਫ਼ਤੇ ਦੇ ਸ਼ੁਰੂ ਵਿਚ ਕੈਲੀਫੋਰਨੀਆ ਵਿਚ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਆਪਣੇ ਰਿਸ਼ਤੇਦਾਰਾਂ ਨੂੰ ਅਲਵਿਦਾ ਕਹਿਣ ਦਾ ਮੌਕਾ ਦਿੱਤੇ ਬਿਨਾਂ ਹਿਰਾਸਤ ਵਿਚ ਲੈਣ ਮਗਰੋਂ ਭਾਰਤ ਭੇਜ ਦਿੱਤਾ।

ਇਹ ਜਾਣਕਾਰੀ ਇੱਕ ਇੰਸਟਾਗ੍ਰਾਮ ਪੋਸਟ ਵਿਚ ਦਿੰਦਿਆਂ ਵਕੀਲ ਦੀਪਕ ਆਹਲੂਵਾਲੀਆ ਨੇ ਕਿਹਾ, "ਬੀਬੀ ਜੀ (ਹਰਜੀਤ ਕੌਰ) ਪੰਜਾਬ ਵਾਪਸ ਜਾ ਰਹੀ ਹੈ। ਉਹ ਪਹਿਲਾਂ ਹੀ ਭਾਰਤ ਪਹੁੰਚ ਚੁੱਕੀ ਹੈ।"

ਜ਼ਿਕਰਯੋਗ ਹੈ ਕਿ ਹਰਜੀਤ ਕੌਰ ਨੂੰ ਕੈਲੀਫੋਰਨੀਆ 'ਚ ਇਮੀਗ੍ਰੇਸ਼ਨ ਅਧਿਕਾਰੀਆਂ ਦੁਆਰਾ ਨਿਯਮਤ ਜਾਂਚ ਲਈ ਸੱਦਣ ਮਗਰੋਂ ਹਿਰਾਸਤ ਵਿਚ ਲੈ ਲਿਆ ਗਿਆ ਸੀ, ਜਿਸ ਕਾਰਨ ਬੀਬੀ ਦੇ ਪਰਿਵਾਰ ਅਤੇ ਸਿੱਖ ਭਾਈਚਾਰੇ ਵਿਚ ਰੋਸ ਦੀ ਲਹਿਰ ਹੈ। ਰਿਪੋਰਟ ਵਿਚ ਪਹਿਲਾਂ ਕਿਹਾ ਗਿਆ ਸੀ ਕਿ ਹਰਜੀਤ ਕੌਰ 33 ਸਾਲਾਂ ਤੋਂ ਉੱਤਰੀ ਕੈਲੀਫੋਰਨੀਆ ਦੇ ਈਸਟ ਬੇਅ 'ਚ ਰਹਿੰਦੀ ਹੈ। ਉਸ ਨੂੰ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (ਆਈ.ਸੀ.ਈ.) ਦੇ ਅਧਿਕਾਰੀਆਂ ਨੇ ਇੱਕ ਰੁਟੀਨ ਜਾਂਚ ਦੌਰਾਨ ਹਿਰਾਸਤ ਵਿਚ ਲਿਆ ਸੀ। ਉਸ ਦੇ ਪਰਿਵਾਰ ਨੇ ਸਿੱਖ ਭਾਈਚਾਰੇ ਦੇ ਸੈਂਕੜੇ ਮੈਂਬਰਾਂ ਨਾਲ ਮਿਲ ਕੇ ਹਰਜੀਤ ਕੌਰ ਦੀ ਤੁਰੰਤ ਰਿਹਾਈ ਦੀ ਮੰਗ ਕਰਦਿਆਂ ਪ੍ਰਦਰਸ਼ਨ ਕੀਤਾ, ਜਿਸ ਨੂੰ ਆਈ.ਸੀ.ਈ. ਅਧਿਕਾਰੀਆਂ ਨੇ ਵਾਧੂ ਕਾਗਜ਼ਾਤ ਲਈ ਸਾਨ ਫਰਾਂਸਿਸਕੋ ਦੇ ਦਫ਼ਤਰ ਸੱਦਣ ਮਗਰੋਂ ਹਿਰਾਸਤ ਵਿਚ ਲੈ ਲਿਆ ਗਿਆ ਸੀ।

ਹਰਜੀਤ ਕੌਰ ਨੂੰ ਬੇਕਰਸਫੀਲਡ ਤੋਂ ਲਾਸ ਏਂਜਲਸ ਲਿਜਾਇਆ ਗਿਆ, ਜਿੱਥੇ ਉਸ ਨੂੰ ਜਾਰਜੀਆ ਅਤੇ ਫਿਰ ਨਵੀਂ ਦਿੱਲੀ ਲਈ ਇੱਕ ਫਲਾਈਟ ਵਿਚ ਰੱਖਿਆ ਗਿਆ। ਵਕੀਲ ਦੀਪਕ ਆਹਲੂਵਾਲੀਆ ਨੇ ਇਹ ਵੀ ਦਾਅਵਾ ਕੀਤਾ ਕਿ ਹਰਜੀਤ ਕੌਰ ਦੇ ਪਰਿਵਾਰਕ ਮੈਂਬਰਾਂ ਨੇ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਉਸ ਨੂੰ ਵਾਪਸ ਭੇਜਣ ਤੋਂ ਪਹਿਲਾਂ ਰਿਸ਼ਤੇਦਾਰਾਂ ਨੂੰ ਅੰਤਿਮ ਅਲਵਿਦਾ ਕਹਿਣ ਦਾ ਮੌਕਾ ਦਿੱਤਾ ਜਾਵੇ ਪਰ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ।


ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com


# ਹਾਈ ਕੋਰਟ ਵੱਲੋਂ ਬਿਕਰਮ ਮਜੀਠੀਆ ਨੂੰ ਰਾਹਤ



**ਚੰਡੀਗੜ੍ਹ, (ਪੰਜਾਬ ਮੇਲ)-** ਬਿਕਰਮ ਸਿੰਘ ਮਜੀਠੀਆ ਦੀ 31 ਜੁਲਾਈ ਨੂੰ ਦਰਜ ਐੱਫ.ਆਈ.ਆਰ. 'ਚ ਅਗਾਊਂ ਜ਼ਮਾਨਤ ਪਟੀਸ਼ਨ ਦਾ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਨਿਪਟਾਰਾ ਕਰ ਦਿੱਤਾ ਹੈ। ਸੁਣਵਾਈ ਦੌਰਾਨ ਪੰਜਾਬ ਸਰਕਾਰ ਨੇ ਇਸ ਮਾਮਲੇ 'ਚ ਕੋਈ ਵੀ ਕਾਰਵਾਈ ਹੋਣ 'ਤੇ ਮਜੀਠੀਆ ਨੂੰ 7 ਦਿਨਾਂ ਦਾ ਅਗਾਊਂ ਨੋਟਿਸ ਦੇਣ ਦਾ ਵਾਅਦਾ ਕੀਤਾ ਹੈ। ਮਜੀਠੀਆ ਦੀ ਤਰਫ਼ੋਂ ਅਦਾਲਤ ਨੂੰ ਦੱਸਿਆ ਗਿਆ ਕਿ ਐੱਫ.ਆਈ.ਆਰ. 'ਚ ਲਗਾਏ ਗਏ ਸਾਰੇ ਦੋਸ਼ ਬੇਬੁਨਿਆਦ ਹਨ। ਉਨ੍ਹਾਂ ਕਿਹਾ ਕਿ ਜਿਸ ਸਮੇਂ ਦਾ ਹਵਾਲਾ ਪੁਲਿਸ ਵਲੋਂ ਦਿੱਤਾ ਜਾ ਰਿਹਾ ਹੈ, ਉਸ ਸਮੇਂ ਦੀ ਪੂਰੀ ਘਟਨਾ ਦੀ ਇਕ ਵੀਡੀਓ ਉਪਲੱਬਧ ਹੈ, ਜਿਸ 'ਚ ਮਜੀਠੀਆ ਪੁਲਿਸ ਜਾਂ ਵਿਜੀਲੈਂਸ ਵਿਭਾਗ ਦੇ ਕੰਮ 'ਚ ਕੋਈ ਦਖ਼ਲਅੰਦਾਜ਼ੀ ਕਰਦੇ ਨਹੀਂ ਦਿਖਾਈ ਦੇ ਰਹੇ, ਸਗੋਂ ਉਹ ਉਸ ਸਮੇਂ ਆਪਣੀ ਕੁਰਸੀ 'ਤੇ ਬੈਠੇ ਤੇ ਗੱਲਬਾਤ ਕਰਦੇ ਦਿਖਾਈ ਦੇ ਰਹੇ ਹਨ। ਐੱਫ.ਆਈ.ਆਰ. 'ਚ ਇਹ ਵੀ ਦੋਸ਼ ਲਗਾਇਆ ਗਿਆ ਹੈ ਕਿ ਮਜੀਠੀਆ ਨੇ ਉਸ ਸਮੇਂ 'ਆਪਣੀਆਂ ਮੁੱਛਾਂ ਮਰੋੜੀਆਂ' ਸਨ, ਜਿਸ ਨੂੰ ਪੁਲਿਸ ਨੇ ਧਮਕੀ ਭਰੇ ਇਸ਼ਾਰੇ ਵਜੋਂ ਸਮਝਿਆ। ਬਚਾਅ ਪੱਖ ਨੇ ਦਲੀਲ ਦਿੱਤੀ ਕਿ ਅਜਿਹੇ ਦੋਸ਼ ਪੂਰੀ ਤਰ੍ਹਾਂ ਬੇਬੁਨਿਆਦ ਹਨ।


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.

Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।

SHARE NOW WITH YOUR FAMILY & FRIENDS

eBaba ENTERTAINMENT APP AVAILABLE ON IOS APP STORE & GOOGLE PLAY STORE

ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।



ਅਸੀਂ ਤੁਹਾਡਾ ਕ੍ਰੈਡਿਟ ਰਿਪੇਅਰ ਕਰਦੇ ਹਾਂ।

FREEMAN FINANCIAL SERVICES

ਆਪਣਾ ਕ੍ਰੈਡਿਟ ਠੀਕ ਕਰਵਾਉਣ ਲਈ ਸਾਡੇ ਨਾਲ ਸੰਪਰਕ ਕਰੋ।

CONTACT US
(916) 465-3200
(916) 471-5505

WHAT WE DO
BOOSTING YOUR CREDIT SCORE




ਅਸੀਂ ਤੁਹਾਡਾ ਕ੍ਰੈਡਿਟ ਸਕੋਰ ਵਧਾ ਸਕਦੇ ਹਾਂ।

WE CAN HELP WITH
- COLLECTIONS
- LATE PAYMENTS
- HARD INQUIRIES
- CHARGED OFF
- AND MORE.....

VISIT MORE
www.freemanfinsvcs.com

# ਬੇਅੰਤ ਸਿੰਘ ਹੱਤਿਆ ਕੇਸ : ਰਾਜੋਆਣਾ ਨੂੰ ਹੁਣ ਤੱਕ ਫਾਂਸੀ ਕਿਉਂ ਨਹੀਂ ਦਿੱਤੀ : ਸੁਪਰੀਮ ਕੋਰਟ

**ਨਵੀਂ ਦਿੱਲੀ, (ਪੰਜਾਬ ਮੇਲ)-** ਸੁਪਰੀਮ ਕੋਰਟ ਨੇ ਸਵਾਲ ਕੀਤਾ ਕਿ 1995 'ਚ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦਾ ਦੋਸ਼ੀ ਕਰਾਰ ਦਿੱਤੇ ਜਾਣ ਅਤੇ ਮੌਤ ਦੀ ਸਜ਼ਾ ਸੁਣਾਏ ਜਾਣ ਮਗਰੋਂ ਵੀ ਬਲਵੰਤ ਸਿੰਘ ਰਾਜੋਆਣਾ ਨੂੰ ਹੁਣ ਤੱਕ ਫਾਂਸੀ ਕਿਉਂ ਨਹੀਂ ਦਿੱਤੀ ਗਈ, ਜਦਕਿ ਕੇਂਦਰ ਨੇ ਕਿਹਾ ਸੀ ਕਿ ਇਹ 'ਗੰਭੀਰ ਅਪਰਾਧ' ਹੈ। ਰਾਜੋਆਣਾ 29 ਸਾਲਾਂ ਤੋਂ ਜੇਲ੍ਹ ਵਿਚ ਬੰਦ ਹੈ, ਜਦਕਿ ਉਸ ਨੂੰ ਮੌਤ ਦੀ ਸਜ਼ਾ ਸੁਣਾਇਆਂ ਨੂੰ 15 ਸਾਲ ਬੀਤ ਚੁੱਕੇ ਹਨ।



ਵਧੀਕ ਸੌਲੀਸਿਟਰ ਜਨਰਲ ਕੇ.ਐੱਮ. ਨਟਰਾਜ ਨੇ ਜਸਟਿਸ ਵਿਕਰਮ ਨਾਥ, ਜਸਟਿਸ ਸੰਦੀਪ ਮਹਿਤਾ ਅਤੇ ਜਸਟਿਸ ਐੱਨ.ਵੀ. ਅੰਜਾਰੀਆ ਨੂੰ ਅਪਰਾਧ ਦੀ ਗੰਭੀਰਤਾ ਤੋਂ ਜਾਣੂ ਕਰਵਾਇਆ। ਬੈਂਚ ਨੇ ਨਟਰਾਜ ਨੂੰ ਪੁੱਛਿਆ, "ਤੁਸੀਂ ਹੁਣ ਤੱਕ ਉਸ ਨੂੰ ਫਾਂਸੀ ਕਿਉਂ ਨਹੀਂ ਦਿੱਤੀ? ਇਸ ਵਾਸਤੇ ਕੌਣ ਜ਼ਿੰਮੇਵਾਰ ਹੈ? ਘੱਟੋ-ਘੱਟ ਅਸੀਂ ਤਾਂ ਫਾਂਸੀ 'ਤੇ ਰੋਕ ਨਹੀਂ ਲਗਾਈ ਹੈ।" ਸਿਖ਼ਰਲੀ ਅਦਾਲਤ ਰਾਜੋਆਣਾ ਦੀ ਰਹਿਮ ਦੀ ਅਪੀਲ ਬਾਰੇ ਫੈਸਲੇ ਵਿਚ ਦੇਰ ਦੇ ਆਧਾਰ 'ਤੇ ਉਸ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਦੀ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਹੈ।

**■ ਮਾਮਲੇ ਦੀ ਸੁਣਵਾਈ 15 ਅਕਤੂਬਰ ਲਈ ਮੁਲਤਵੀ**

ਰਾਜੋਆਣਾ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਮੁਕੁਲ ਰੋਹਤਗੀ ਨੇ ਕਿਹਾ ਕਿ ਉਨ੍ਹਾਂ ਦੇ ਮੁਵੱਕਿਲ ਦੀ ਰਹਿਮ ਦੀ ਪਟੀਸ਼ਨ 'ਤੇ ਫੈਸਲਾ ਨਹੀਂ ਹੋਇਆ। ਇਸ 'ਤੇ ਨਟਰਾਜ ਨੇ ਕਿਹਾ ਕਿ ਉਹ ਨਿਰਦੇਸ਼ ਲੈਣਗੇ ਅਤੇ ਬੈਂਚ ਨੂੰ ਸਥਿਤੀ ਤੋਂ ਜਾਣੂ ਕਰਵਾਉਣਗੇ। ਰੋਹਤਗੀ ਨੇ ਕਿਹਾ, "ਕੋਈ ਨਹੀਂ ਜਾਣਦਾ ਕਿ ਕੀ ਹੋ ਰਿਹਾ ਹੈ।" ਉਨ੍ਹਾਂ ਕਿਹਾ ਕਿ ਸਿਖ਼ਰਲੀ ਅਦਾਲਤ ਨੇ ਪਹਿਲਾਂ ਕਿਹਾ ਸੀ ਕਿ ਰਹਿਮ ਦੀ ਅਪੀਲ ਸਬੰਧੀ ਸਮੇਂ 'ਤੇ ਫੈਸਲਾ ਕਰਨਾ ਚਾਹੀਦਾ ਹੈ। ਰੋਹਤਗੀ ਨੇ ਕਿਹਾ ਕਿ ਸਿਖ਼ਰਲੀ ਅਦਾਲਤ ਨੇ ਦੇਖਿਆ ਹੈ ਕਿ ਰਾਜੋਆਣਾ ਨੇ ਖ਼ੁਦ ਰਹਿਮ ਦੀ ਪਟੀਸ਼ਨ ਦਾਇਰ ਨਹੀਂ ਕੀਤੀ ਸੀ, ਬਲਕਿ ਇਹ ਇਕ ਗੁਰਦੁਆਰਾ ਕਮੇਟੀ ਵੱਲੋਂ ਦਾਇਰ ਕੀਤੀ ਗਈ ਹੈ।

ਬੈਂਚ ਨੇ ਮਾਮਲੇ ਦੀ ਸੁਣਵਾਈ 15 ਅਕਤੂਬਰ ਲਈ ਮੁਲਤਵੀ ਕਰ ਦਿੱਤੀ ਅਤੇ ਕਿਹਾ ਕਿ ਕੇਂਦਰ ਦੀ ਅਪੀਲ 'ਤੇ ਮਾਮਲੇ ਨੂੰ ਮੁਲਤਵੀ ਨਹੀਂ ਕੀਤਾ ਜਾਵੇਗਾ। ਇਸ ਤੋਂ ਪਹਿਲਾਂ 20 ਜਨਵਰੀ ਨੂੰ ਸਿਖ਼ਰਲੀ ਅਦਾਲਤ ਨੇ ਕੇਂਦਰ ਸਰਕਾਰ ਨੂੰ ਰਹਿਮ ਦੀ ਅਪੀਲ 'ਤੇ ਫੈਸਲਾ ਲੈਣ ਲਈ ਕਿਹਾ ਸੀ। ਕੇਂਦਰ ਨੇ ਉਦੋਂ ਮਾਮਲੇ ਦੀ ਸੰਵੇਦਨਸ਼ੀਲਤਾ ਦਾ ਹਵਾਲਾ ਦਿੰਦੇ ਹੋਏ ਕਿਹਾ ਸੀ ਕਿ ਰਹਿਮ ਦੀ ਅਪੀਲ ਵਿਚਾਰ ਅਧੀਨ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ 16 ਹੋਰ ਵਿਅਕਤੀਆਂ ਦੀ 31 ਅਗਸਤ 1995 ਨੂੰ ਚੰਡੀਗੜ੍ਹ ਵਿਚ ਸਥਿਤ ਪ੍ਰਸ਼ਾਸਨਿਕ ਸਕੱਤਰੇਤ ਦੇ ਗੇਟ 'ਤੇ ਹੋਏ ਧਮਾਕੇ 'ਚ ਮੌਤ ਹੋ ਗਈ ਸੀ। ਇਕ ਵਿਸ਼ੇਸ਼ ਅਦਾਲਤ ਨੇ ਜੁਲਾਈ, 2007 ਵਿਚ ਰਾਜੋਆਣਾ ਨੂੰ ਮੌਤ ਦੀ ਸਜ਼ਾ ਸੁਣਾਈ ਸੀ।

# ਪੰਜਾਬ 'ਚ ਰਾਜ ਸਭਾ ਦੀ ਖਾਲੀ ਸੀਟ ਲਈ ਜ਼ਿਮਨੀ ਚੋਣ 24 ਅਕਤੂਬਰ ਨੂੰ

**ਚੰਡੀਗੜ੍ਹ, (ਪੰਜਾਬ ਮੇਲ)-** ਰਾਜ ਸਭਾ ਵਿਚ ਪੰਜਾਬ ਦੇ ਹਿੱਸੇ ਦੀ ਖਾਲੀ ਸੀਟ ਲਈ ਜ਼ਿਮਨੀ ਚੋਣ 24 ਅਕਤੂਬਰ ਨੂੰ ਹੋਵੇਗੀ। ਭਾਰਤੀ ਚੋਣ ਕਮਿਸ਼ਨ ਨੇ ਇਸ ਲਈ ਸੰਬੰਧੀ ਸ਼ਡਿਊਲ ਜਾਰੀ ਕਰ ਦਿੱਤਾ। ਕਮਿਸ਼ਨ ਵੱਲੋਂ ਜਾਰੀ ਸ਼ਡਿਊਲ ਅਨੁਸਾਰ ਜ਼ਿਮਨੀ ਚੋਣ ਲਈ ਨੋਟੀਫਿਕੇਸ਼ਨ 6 ਅਕਤੂਬਰ ਨੂੰ ਰਸਮੀ ਤੌਰ 'ਤੇ ਜਾਰੀ ਕੀਤਾ ਜਾਵੇਗਾ। ਨਾਮਜ਼ਦਗੀਆਂ ਭਰਨ ਦੀ ਆਖਰੀ ਤਰੀਕ 13 ਅਕਤੂਬਰ ਹੋਵੇਗੀ। ਇਸ ਤੋਂ ਬਾਅਦ ਨਾਮਜ਼ਦਗੀਆਂ ਦੀ ਪੜਤਾਲ 14 ਅਕਤੂਬਰ ਨੂੰ ਅਤੇ ਵਾਪਸੀ 16 ਅਕਤੂਬਰ ਨੂੰ ਹੋਵੇਗੀ। ਰਾਜ ਸਭਾ ਦੀ ਸੀਟ ਲਈ ਵੋਟਿੰਗ 24 ਅਕਤੂਬਰ ਨੂੰ ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ ਹੋਵੇਗੀ ਅਤੇ ਨਤੀਜੇ ਉਸੇ ਦਿਨ ਸ਼ਾਮ ਨੂੰ ਐਲਾਨੇ ਜਾਣਗੇ। ਜ਼ਿਕਰਯੋਗ ਹੈ ਕਿ ਸੰਜੀਵ ਅਰੋੜਾ ਨੇ ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਜਿੱਤਣ ਤੋਂ ਬਾਅਦ ਰਾਜ ਸਭਾ ਮੈਂਬਰ ਵਜੋਂ ਅਸਤੀਫਾ ਦੇ ਦਿੱਤਾ ਸੀ।

ਆਮ ਆਦਮੀ ਪਾਰਟੀ ਦੇ ਸਾਬਕਾ ਰਾਜ ਸਭਾ ਸੰਸਦ ਮੈਂਬਰ ਸੰਜੀਵ ਅਰੋੜਾ ਦੇ ਲੁਧਿਆਣਾ ਤੋਂ ਵਿਧਾਇਕ ਚੁਣੇ ਜਾਣ ਤੋਂ ਬਾਅਦ ਖਾਲੀ ਹੋਈ ਸੀਟ 'ਤੇ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੇ ਰਾਜ ਸਭਾ ਜਾਣ ਦੀ ਸੰਭਾਵਨਾ ਪ੍ਰਗਟਾਈ ਜਾ ਰਹੀ ਹੈ। ਹਾਲਾਂਕਿ ਪਹਿਲਾਂ 'ਆਪ' ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਰਾਜ ਸਭਾ ਜਾਣ ਦੀ ਚਰਚਾ ਸੀ, ਪਰ ਕੇਜਰੀਵਾਲ ਇਕ ਬਿਆਨ 'ਚ ਕਹਿ ਚੁੱਕੇ ਹਨ ਕਿ ਉਹ ਰਾਜ ਸਭਾ ਨਹੀਂ ਜਾਣਗੇ। ਕੇਜਰੀਵਾਲ ਦੇ ਇਨਕਾਰ ਤੋਂ ਬਾਅਦ ਸਿਸੋਦੀਆ ਦਾ ਨਾਂ ਦੌੜ 'ਚ ਸਭ ਤੋਂ ਅੱਗੇ ਹੈ। ਹਾਲਾਂਕਿ ਦਿੱਲੀ ਦੇ ਸਾਬਕਾ ਮੰਤਰੀ ਸਤੇਂਦਰ ਜੈਨ ਦਾ ਨਾਂਅ ਵੀ ਦੌੜ 'ਚ ਹੈ। ਇਸ ਤੋਂ ਇਲਾਵਾ ਪਾਰਟੀ ਕਿਸੇ ਸਥਾਨਕ ਚਿਹਰੇ ਦੀ ਵੀ ਚੋਣ ਕਰ ਸਕਦੀ ਹੈ। ਜ਼ਿਕਰਯੋਗ ਹੈ ਰਾਜ ਸਭਾ 'ਚ ਪੰਜਾਬ ਦੀਆਂ ਸੱਤੇ ਸੀਟਾਂ 'ਆਪ' ਕੋਲ ਸਨ। ਇਕ ਸੀਟ ਖਾਲੀ ਹੋਣ 'ਤੇ ਇਸ ਵੇਲੇ ਉਪਰਲੇ ਸਦਨ 'ਚ 6 'ਆਪ' ਮੈਂਬਰ ਹਨ ਜਿਨ੍ਹਾਂ 'ਚ ਰਾਘਵ ਚੱਢਾ, ਸੰਦੀਪ ਪਾਠਕ, ਹਰਭਜਨ ਸਿੰਘ, ਵਿਕਰਮਜੀਤ ਸਿੰਘ ਸਾਹਨੀ, ਸੰਤ ਬਲਬੀਰ ਸਿੰਘ ਸੀਚੇਵਾਲ ਅਤੇ ਅਸ਼ੋਕ ਮਿੱਤਲ ਸ਼ਾਮਲ ਹਨ।

**■ ਚੋਣ ਕਮਿਸ਼ਨ ਵੱਲੋਂ ਸ਼ਡਿਊਲ ਜਾਰੀ**

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

# ਪਾਕਿਸਤਾਨ ਮਹਾਂ ਸਿੰਘ ਦੀ ਗੁੱਜਰਾਂਵਾਲਾ ਸਥਿਤ ਇਤਿਹਾਸਕ 'ਸਮਾਧ' ਦੀ ਜਲਦ ਮੁਰੰਮਤ ਕਰਾਵੇ : ਗਲੋਬਲ ਸਿੱਖ ਕੌਂਸਲ

**■ ਯਾਦਗਾਰ ਗੁੱਜਰਾਂਵਾਲਾ ਤੇ ਪੰਜਾਬ ਲਈ ਸੱਭਿਆਚਾਰਕ ਮਾਣ ਦਾ ਪ੍ਰਤੀਕ : ਡਾ. ਕੰਵਲਜੀਤ ਕੌਰ**






**ਚੰਡੀਗੜ੍ਹ, (ਪੰਜਾਬ ਮੇਲ)-** ਗਲੋਬਲ ਸਿੱਖ ਕੌਂਸਲ (ਜੀ.ਐੱਸ.ਸੀ.) ਨੇ ਪਾਕਿਸਤਾਨ ਵਿਚ ਗੁੱਜਰਾਂਵਾਲਾ ਦੇ ਸ਼ੇਰਾਂਵਾਲਾ ਬਾਗ ਵਿਚ ਸਥਿਤ ਮਹਾਰਾਜਾ ਰਣਜੀਤ ਸਿੰਘ ਵੱਲੋਂ ਸਾਲ 1837 ਵਿਚ ਆਪਣੇ ਪਿਤਾ ਮਹਾਂ ਸਿੰਘ ਦੀ ਯਾਦ ਵਿਚ ਬਣਾਈ ਸਮਾਧ ਨੂੰ ਹਾਲ ਹੀ ਵਿਚ ਆਏ ਹੜ੍ਹਾਂ ਕਾਰਨ ਪਹੁੰਚੇ ਨੁਕਸਾਨ 'ਤੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਪਾਕਿਸਤਾਨ ਸਰਕਾਰ ਨੂੰ ਇਸ ਸਮਾਰਕ ਦੀ ਜਲਦ ਮੁਰੰਮਤ ਕਰਾਉਣ ਤੇ ਸੁਰੱਖਿਆ-ਸੰਭਾਲ ਲਈ ਯਤਨ ਤੇਜ਼ ਕਰਨ ਦੀ ਅਪੀਲ ਕੀਤੀ ਹੈ।

ਕੌਂਸਲ ਦੀ ਪ੍ਰਧਾਨ ਲੇਡੀ ਸਿੰਘ ਡਾ. ਕੰਵਲਜੀਤ ਕੌਰ ਅਤੇ ਸਕੱਤਰ ਹਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਹੜ੍ਹ ਦੇ ਪਾਣੀ ਕਰਕੇ ਸਮਾਧ ਦਾ ਅੱਠਭੁਜੀ ਆਧਾਰ ਢਹਿ ਗਿਆ ਹੈ, ਜਿਸ ਨਾਲ ਮੁੱਖ ਢਾਂਚਾ ਅਤੇ ਗੁੰਬਦ ਢਹਿਣ ਕਿਨਾਰੇ ਹਨ, ਜਿਸ ਕਰਕੇ ਇਸ ਸਮਾਰਕ ਦੇ ਨੇੜਲੇ ਸਕੂਲ ਅਤੇ ਸਥਾਨਕ ਮੁਹੱਲਾ ਨਿਵਾਸੀਆਂ ਲਈ ਖ਼ਤਰਾ ਖੜ੍ਹਾ ਹੋ ਗਿਆ ਹੈ। ਉਨ੍ਹਾਂ ਪਾਕਿਸਤਾਨ ਦੇ ਇਵੈਕੁਈ ਟਰੱਸਟ ਪ੍ਰਾਪਰਟੀ ਬੋਰਡ (ਈ.ਟੀ.ਪੀ.ਬੀ.) ਨੂੰ ਇਸ ਯਾਦਗਾਰ ਦੀ ਸੁਰੱਖਿਆ ਲਈ ਤੁਰੰਤ ਮੁਰੰਮਤ ਅਤੇ ਸੰਭਾਲ ਲਈ ਯਤਨਸ਼ੀਲ ਹੋਣ ਦੀ ਅਪੀਲ ਕੀਤੀ ਹੈ।

ਉਨ੍ਹਾਂ ਕਿਹਾ ਕਿ ਮਹਾਂ ਸਿੰਘ ਦੀ ਸਮਾਧ ਸਿੱਖਾਂ ਲਈ ਅਤੇ ਪੰਜਾਬੀ ਵਿਰਾਸਤ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਇਸਦੀ ਸੰਭਾਲ ਨਾ ਸਿਰਫ਼ ਸਿੱਖਾਂ ਲਈ ਸਗੋਂ ਗੁੱਜਰਾਂਵਾਲਾ ਅਤੇ ਸਮੁੱਚੇ ਪੰਜਾਬ ਦੇ ਪੁਰਾਤੱਤਵ ਸੱਭਿਆਚਾਰ ਲਈ ਮਾਣ ਵਾਲੀ ਤੇ ਮਹੱਤਵਪੂਰਨ ਵਿਰਾਸਤ ਹੈ। ਕੌਂਸਲ ਨੇ ਪਾਕਿਸਤਾਨ ਸਰਕਾਰ ਅਤੇ ਈ.ਟੀ.ਪੀ.ਬੀ. ਨੂੰ ਅਪੀਲ ਕੀਤੀ ਹੈ ਕਿ ਇਸ ਸਥਾਨ ਦੀ ਅਸਲੀ ਸ਼ਾਨ ਬਹਾਲ ਕੀਤੀ ਜਾਵੇ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਸਿੱਖ ਰਾਜ ਦੇ ਮਾਣਮੱਤੇ ਇਤਿਹਾਸ ਨਾਲ ਜੁੜ ਕੇ ਯਾਦਾਂ ਤਾਜ਼ਾ ਕਰ ਸਕਣ। ਕੁਝ ਪ੍ਰਮੁੱਖ ਸਿੱਖ ਧਾਰਮਿਕ ਸਥਾਨਾਂ ਦੀ ਸੰਭਾਲ ਵਿਚ ਈ.ਟੀ.ਬੀ.ਪੀ. ਦੇ ਯੋਗਦਾਨ ਨੂੰ ਸਵੀਕਾਰ ਕਰਦਿਆਂ ਗਲੋਬਲ ਸਿੱਖ ਕੌਂਸਲ ਨੇ ਇਸ ਸਮਾਧ ਸਮੇਤ ਕਈ ਹੋਰ ਅਣਗੌਲੇ ਇਤਿਹਾਸਕ ਅਸਥਾਨਾਂ ਦੀ ਬਹਾਲੀ ਪ੍ਰਤੀ ਵਕਫ ਬੋਰਡ ਦੀ ਅਣਗਹਿਲੀ ਨੂੰ ਉਜਾਗਰ ਕਰਦਿਆਂ ਕਿਹਾ ਹੈ ਕਿ ਇਸ ਯਾਦਗਾਰ ਦੀ ਅਣਦੇਖੀ ਹੋਣ ਕਾਰਨ ਦਹਾਕਿਆਂ ਤੋਂ ਲਗਾਤਾਰ ਇਸ ਦੀ ਇਮਾਰਤ ਖਸਤਾ ਹੋ ਰਹੀ ਹੈ ਅਤੇ ਤਾਜ਼ਾ ਕੁਦਰਤੀ ਆਫ਼ਤਾਂ ਕਰਕੇ ਅਜਿਹੀ ਅਣਗਹਿਲੀ ਨਾਲ ਇਹ ਸਮਾਰਕ ਇੱਕ ਨਾਜ਼ੁਕ ਪੜਾਅ 'ਤੇ ਪਹੁੰਚ ਗਈ ਹੈ। ਜੀ.ਐੱਸ.ਸੀ. ਨੇ ਇਸ ਸਬੰਧ ਵਿਚ ਈ.ਟੀ.ਪੀ.ਬੀ. ਦੇ ਚੇਅਰਮੈਨ ਵੱਲੋਂ ਦਿੱਤੇ ਭਰੋਸੇ ਦਾ ਸਵਾਗਤ ਕਰਦਿਆਂ ਉਮੀਦ ਪ੍ਰਗਟ ਕੀਤੀ ਹੈ ਕਿ ਭਰੋਸੇ ਮੁਤਾਬਿਕ ਸਮਾਧ ਦੀ ਮੁਰੰਮਤ ਤੇ ਮੁੜ-ਬਹਾਲੀ ਜਲਦ ਕੀਤੀ ਜਾਵੇਗੀ।

ਇਸ ਯਾਦਗਾਰ ਦੀ ਮੁਰੰਮਤ ਤੇ ਸੰਭਾਲ ਕਰਨ ਸਬੰਧੀ ਯਤਨਾਂ ਵਿਚ ਗਲੋਬਲ ਸਿੱਖ ਕੌਂਸਲ ਨੇ ਪੇਸ਼ਕਸ਼ ਕੀਤੀ ਹੈ ਕਿ ਉਹ ਇਵੈਕੁਈ ਟਰੱਸਟ ਨਾਲ ਸਹਿਯੋਗ ਕਰਨ ਲਈ ਤਿਆਰ ਹੈ। ਇਸ ਸਮਾਰਕ ਦੀ ਸੁਰੱਖਿਆ, ਮੁਰੰਮਤ ਅਤੇ ਮੁੜ-ਬਹਾਲੀ ਦੀ ਪਹਿਲਕਦਮੀ ਵਿਚ ਉਨ੍ਹਾਂ ਪਾਕਿਸਤਾਨ ਦੀ ਪੰਜਾਬ ਸਰਕਾਰ ਅਤੇ ਉਥੋਂ ਦੇ ਚੁਣੇ ਹੋਏ ਸੰਸਦ ਮੈਂਬਰਾਂ ਨੂੰ ਪੂਰਾ ਸਮਰਥਨ ਦੇਣ ਲਈ ਕਿਹਾ ਹੈ।

# ਈ.ਡੀ. ਵੱਲੋਂ ਸਤੇਂਦਰ ਜੈਨ ਦੀ 7.44 ਕਰੋੜ ਦੀ ਜਾਇਦਾਦ ਕੁਰਕ

**■ ਮਨੀ ਲਾਂਡਰਿੰਗ ਮਾਮਲੇ 'ਚ ਜਾਂਚ ਏਜੰਸੀ ਨੇ ਕੀਤੀ ਕਾਰਵਾਈ**

**ਨਵੀਂ ਦਿੱਲੀ, (ਪੰਜਾਬ ਮੇਲ)-** ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਮਨੀ ਲਾਂਡਰਿੰਗ ਜਾਂਚ ਦੇ ਹਿੱਸੇ ਵਜੋਂ ਆਮ ਆਦਮੀ ਪਾਰਟੀ (ਆਪ) ਆਗੂ ਅਤੇ ਦਿੱਲੀ ਦੇ ਸਾਬਕਾ ਮੰਤਰੀ ਸਤੇਂਦਰ ਜੈਨ ਦੀ ਮਲਕੀਅਤ ਅਤੇ ਕੰਟਰੋਲ ਵਾਲੀਆਂ ਕੰਪਨੀਆਂ ਨਾਲ ਸਬੰਧਤ ਲਗਭਗ 7.44 ਕਰੋੜ ਰੁਪਏ ਦੀਆਂ ਜਾਇਦਾਦਾਂ ਕੁਰਕ ਕੀਤੀਆਂ ਹਨ।



ਸੰਘੀ ਜਾਂਚ ਏਜੰਸੀ ਨੇ ਕਿਹਾ ਕਿ ਉਸ ਨੇ ਮਨੀ ਲਾਂਡਰਿੰਗ ਰੋਕੂ ਐਕਟ (ਪੀ.ਐੱਮ.ਐੱਲ.ਏ.) ਤਹਿਤ ਅਚੱਲ ਜਾਇਦਾਦਾਂ ਕੁਰਕ ਕਰਨ ਲਈ 15 ਸਤੰਬਰ ਨੂੰ ਅਸਥਾਈ ਹੁਕਮ ਜਾਰੀ ਕੀਤਾ ਸੀ। ਇਹ ਜਾਂਚ ਜੈਨ, ਉਨ੍ਹਾਂ ਦੀ ਪਤਨੀ ਪੂਨਮ ਜੈਨ ਅਤੇ ਹੋਰਾਂ ਖ਼ਿਲਾਫ਼ ਬੇਨਾਮੀ ਜਾਇਦਾਦ ਰੱਖਣ ਦੇ ਕਥਿਤ ਮਾਮਲੇ ਅਤੇ ਆਮਦਨ ਤੋਂ ਵੱਧ ਜਾਇਦਾਦ ਰੱਖਣ ਦੇ ਵੱਖਰੇ ਮਾਮਲੇ ਨਾਲ ਸਬੰਧਤ ਹੈ। ਮਨੀ ਲਾਂਡਰਿੰਗ ਦਾ ਇਹ ਕੇਸ ਸੀ.ਬੀ.ਆਈ. ਦੀ ਐੱਫ.ਆਈ.ਆਰ. ਅਤੇ ਚਾਰਜਸ਼ੀਟ 'ਤੇ ਆਧਾਰਿਤ ਹੈ। ਜੈਨ 'ਤੇ 14 ਫਰਵਰੀ 2015 ਅਤੇ 31 ਮਈ 2017 ਦੇ ਵਿਚਕਾਰ ਦਿੱਲੀ ਸਰਕਾਰ ਵਿਚ ਮੰਤਰੀ ਵਜੋਂ ਸੇਵਾ ਨਿਭਾਉਂਦਿਆਂ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦਾ ਦੋਸ਼ ਹੈ। ਈ.ਡੀ. ਨੇ 2022 ਵਿਚ ਜੈਨ ਦੀਆਂ 4.81 ਕਰੋੜ ਰੁਪਏ ਦੀਆਂ ਜਾਇਦਾਦਾਂ ਕੁਰਕ ਕੀਤੀਆਂ ਸਨ। ਇਹ ਤਾਜ਼ਾ ਕਾਰਵਾਈ ਦਿੱਲੀ ਹਾਈ ਕੋਰਟ ਦੇ ਉਸ ਹਾਲੀਆ ਫੈਸਲੇ ਤੋਂ ਬਾਅਦ ਕੀਤੀ ਗਈ ਹੈ, ਜਿਸ ਵਿਚ ਅਦਾਲਤ ਨੇ ਮੰਨਿਆ ਸੀ ਕਿ ਜੈਨ ਦੇ ਕਰੀਬੀ ਸਾਥੀ ਅੰਕੁਸ਼ ਜੈਨ ਅਤੇ ਵੈਭਵ ਜੈਨ ਇਸ ਸਿਆਸਤਦਾਨ ਦੇ 'ਬੇਨਾਮੀ ਧਾਰਕ' ਸਨ ਅਤੇ ਉਨ੍ਹਾਂ ਨੇ ਇਨਕਮ ਡਿਸਕਲੋਜ਼ਰ ਸਕੀਮ (ਆਈ.ਡੀ.ਐੱਸ.) 2016 ਤਹਿਤ ਐਡਵਾਂਸ ਟੈਕਸ ਵਜੋਂ ਬੈਂਕ ਆਫ ਬੜੌਦਾ ਦੀ ਭੋਗਲ ਬ੍ਰਾਂਚ 'ਚ 7.44 ਕਰੋੜ ਰੁਪਏ ਨਕਦ ਜਮ੍ਹਾਂ ਕਰਵਾਏ ਸਨ।







# ਕੈਨੇਡੀਅਨ ਸਰਕਾਰ ਨੇ ਲਾਰੈਂਸ ਬਿਸ਼ਨੋਈ ਗੈਂਗ ਨੂੰ ਐਲਾਨਿਆ ਅੱਤਵਾਦੀ ਸੰਗਠਨ

ਓਟਾਵਾ, (ਪੰਜਾਬ ਮੇਲ)- ਸੋਮਵਾਰ ਨੂੰ ਕੈਨੇਡੀਅਨ ਸਰਕਾਰ ਨੇ ਲਾਰੈਂਸ ਬਿਸ਼ਨੋਈ ਦੀ ਅਗਵਾਈ ਵਾਲੇ ਬਿਸ਼ਨੋਈ ਗੈਂਗ ਨੂੰ ਅੱਤਵਾਦੀ ਸੰਗਠਨ ਵਜੋਂ ਸੂਚੀਬੱਧ ਕੀਤਾ। ਇਹ ਫੈਸਲਾ ਕੰਜ਼ਰਵੇਟਿਵ ਅਤੇ ਐੱਨ.ਡੀ.ਪੀ. ਨੇਤਾਵਾਂ ਦੀਆਂ ਮੰਗਾਂ ਤੋਂ ਬਾਅਦ ਲਿਆ ਗਿਆ। ਇਹ ਕਦਮ ਹੁਣ ਕਿਸੇ ਵੀ ਕੈਨੇਡੀਅਨ ਨਾਗਰਿਕ ਲਈ ਗਿਰੋਹ ਲਈ ਵਿੱਤੀ ਸਹਾਇਤਾ ਪ੍ਰਦਾਨ ਕਰਨਾ ਜਾਂ ਕੰਮ ਕਰਨਾ ਅਪਰਾਧ ਬਣਾਉਂਦਾ ਹੈ।

ਬਿਸ਼ਨੋਈ ਗੈਂਗ ਭਾਰਤ ਤੋਂ ਕੰਮ ਕਰਦਾ ਹੈ ਅਤੇ ਇਸ ਦਾ ਮੁਖੀ ਲਾਰੈਂਸ ਬਿਸ਼ਨੋਈ 'ਤੇ ਜੇਲ੍ਹ ਤੋਂ ਮੋਬਾਈਲ ਫੋਨ ਰਾਹੀਂ ਗਿਰੋਹ ਦੀਆਂ ਗਤੀਵਿਧੀਆਂ ਨੂੰ ਕੰਟਰੋਲ ਕਰਨ ਦਾ ਦੋਸ਼ ਹੈ। ਕੈਨੇਡੀਅਨ ਸਰਕਾਰ ਨੇ ਇੱਕ ਪ੍ਰੈੱਸ ਰਿਲੀਜ਼ ਵਿਚ ਕਿਹਾ ਕਿ ਇਹ ਗਿਰੋਹ ਕਤਲ, ਗੋਲੀਬਾਰੀ, ਅੱਗਜ਼ਨੀ ਅਤੇ ਵਸੂਲੀ ਵਿਚ ਸ਼ਾਮਲ ਹੈ, ਖਾਸ ਤੌਰ 'ਤੇ ਭਾਰਤੀ ਮੂਲ ਦੇ ਲੋਕਾਂ, ਉਨ੍ਹਾਂ ਦੇ ਕਾਰੋਬਾਰਾਂ ਅਤੇ ਸੱਭਿਆਚਾਰਕ ਸ਼ਖਸੀਅਤਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ।

ਨਵੀਂ ਸੂਚੀ ਕੈਨੇਡੀਅਨ ਕਾਨੂੰਨ



ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਗਿਰੋਹ ਵਿਰੁੱਧ ਵਧੇਰੇ ਸਖ਼ਤ ਕਾਰਵਾਈ ਕਰਨ ਦਾ ਅਧਿਕਾਰ ਦੇਵੇਗੀ, ਜਿਸ ਵਿਚ ਉਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕਰਨਾ, ਉਨ੍ਹਾਂ ਦੇ ਬੈਂਕ ਖਾਤੇ ਫ੍ਰੀਜ਼ ਕਰਨਾ ਅਤੇ ਉਨ੍ਹਾਂ ਦੇ ਸਮਰਥਕਾਂ 'ਤੇ ਮੁਕੱਦਮਾ ਚਲਾਉਣਾ ਸ਼ਾਮਲ ਹੈ।

ਪ੍ਰੈੱਸ ਰਿਲੀਜ਼ ਵਿਚ ਕਿਹਾ ਗਿਆ ਹੈ ਕਿ ਇਹ ਹੁਣ ਇੱਕ ਅਪਰਾਧ ਹੋਵੇਗਾ, ਜੇਕਰ ਕੋਈ ਕੈਨੇਡੀਅਨ ਨਾਗਰਿਕ ਸਿੱਧੇ ਜਾਂ ਅਸਿੱਧੇ ਤੌਰ 'ਤੇ ਗਿਰੋਹ ਦਾ ਸਮਰਥਨ ਕਰਦਾ ਹੈ ਜਾਂ ਇਸਦੀ ਜਾਇਦਾਦ ਨਾਲ ਲੈਣ-ਦੇਣ ਕਰਦਾ ਹੈ। ਪਿਛਲੇ ਸਾਲ, ਆਰ.ਸੀ.ਐੱਮ.ਪੀ. ਨੇ ਦਾਅਵਾ ਕੀਤਾ ਸੀ ਕਿ ਭਾਰਤ ਕੈਨੇਡਾ 'ਚ ਕਤਲ ਅਤੇ ਜ਼ਬਰਦਸਤੀ ਕਰਨ ਲਈ ਬਿਸ਼ਨੋਈ ਗਿਰੋਹ ਦੀ ਵਰਤੋਂ ਕਰ ਰਿਹਾ ਹੈ, ਖਾਸ ਤੌਰ 'ਤੇ ਖਾਲਿਸਤਾਨ ਲਹਿਰ ਦਾ ਸਮਰਥਨ ਕਰਨ ਵਾਲਿਆਂ ਨੂੰ ਨਿਸ਼ਾਨਾ ਬਣਾ ਰਿਹਾ ਹੈ।

ਹਾਲਾਂਕਿ, ਨਵੀਂ ਦਿੱਲੀ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕਰ ਦਿੱਤਾ ਅਤੇ ਕਿਹਾ ਕਿ ਉਹ ਗਿਰੋਹ ਦੀਆਂ ਆਰਥਿਕ ਗਤੀਵਿਧੀਆਂ ਨੂੰ ਰੋਕਣ ਲਈ ਕੈਨੇਡਾ ਨਾਲ ਕੰਮ ਕਰ ਰਹੀ ਹੈ।

ਕੈਨੇਡੀਅਨ ਸਰਕਾਰ ਨੇ ਕਿਹਾ ਕਿ ਇਹ ਕਦਮ ਨਾ ਸਿਰਫ਼ ਅਪਰਾਧ ਨੂੰ ਰੋਕੇਗਾ ਬਲਕਿ ਭਾਰਤੀ ਪ੍ਰਵਾਸੀਆਂ ਨੂੰ ਸੁਰੱਖਿਆ ਦੀ ਭਾਵਨਾ ਵੀ ਪ੍ਰਦਾਨ ਕਰੇਗਾ। ਜਨਤਕ ਸੁਰੱਖਿਆ ਮੰਤਰੀ ਗੈਰੀ ਆਨੰਦਸੰਗਰੀ ਨੇ ਇੱਕ ਬਿਆਨ ਵਿਚ ਕਿਹਾ ਕਿ "ਕੈਨੇਡਾ ਵਿਚ ਹਿੰਸਾ ਅਤੇ ਅੱਤਵਾਦ ਦੀ ਕੋਈ ਥਾਂ ਨਹੀਂ ਹੈ, ਖਾਸ ਕਰਕੇ ਜਦੋਂ ਇੱਕ ਖਾਸ ਭਾਈਚਾਰੇ ਨੂੰ ਡਰ ਦੇ ਮਾਹੌਲ ਵਿਚ ਰਹਿਣ ਲਈ ਮਜਬੂਰ ਕੀਤਾ ਜਾਂਦਾ ਹੈ।"

# ਅਮਰੀਕਾ ਵੱਲੋਂ ਵੀਜ਼ਾ ਫੀਸਾਂ 'ਚ ਵਾਧੇ ਤੋਂ ਬਾਅਦ ਕੈਨੇਡਾ ਵੱਲੋਂ ਉੱਚ ਹੁਨਰਮੰਦ ਕਾਮਿਆਂ ਲਈ ਨਵੀਂ ਯੋਜਨਾ ਦਾ ਐਲਾਨ

ਟੋਰਾਂਟੋ, (ਪੰਜਾਬ ਮੇਲ)-ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਅਮਰੀਕਾ 'ਚ ਐੱਚ-1ਬੀ ਵੀਜ਼ਾ ਫੀਸਾਂ 'ਚ ਵਾਧੇ ਤੋਂ ਬਾਅਦ ਉੱਚ ਹੁਨਰਮੰਦ ਕਾਮਿਆਂ ਨੂੰ ਆਕਰਸ਼ਿਤ ਕਰਨ ਲਈ ਇੱਕ ਨਵੀਂ ਯੋਜਨਾ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਇਸ ਵਿਘਨ ਨੂੰ ਪ੍ਰਤਿਭਾ, ਨਵੀਨਤਾ ਅਤੇ ਦੇਸ਼ ਦੀ ਭਵਿੱਖੀ ਆਰਥਿਕਤਾ ਲਈ ਇੱਕ ਮੌਕੇ ਵਜੋਂ ਦੇਖਦਾ ਹੈ। ਉਨ੍ਹਾਂ ਦੀ ਯੋਜਨਾ ਆਉਣ ਵਾਲੇ ਹਫ਼ਤਿਆਂ ਵਿਚ ਵਾਸ਼ਿੰਗਟਨ ਦੇ ਵੀਜ਼ਾ ਪਾਬੰਦੀ ਦੇ ਪ੍ਰਤੀਯੋਗੀ ਜਵਾਬ ਵਜੋਂ ਪ੍ਰਗਟ ਕੀਤੀ ਜਾਵੇਗੀ। ਕਾਰਨੀ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਕੈਨੇਡਾ ਇਸ ਮੌਕੇ ਦਾ ਫਾਇਦਾ ਉਠਾਉਣ ਲਈ ਤਿਆਰ ਹੈ। ਉਨ੍ਹਾਂ ਕਿਹਾ, "ਅਮਰੀਕਾ ਦੇ ਲੋਕ ਹੁਣ ਆਸਾਨੀ ਨਾਲ ਐੱਚ-1ਬੀ ਵੀਜ਼ਾ ਪ੍ਰਾਪਤ ਨਹੀਂ ਕਰਨਗੇ। ਇਹ ਹੁਨਰਮੰਦ ਲੋਕ ਹਨ ਅਤੇ ਕੈਨੇਡਾ ਲਈ ਇੱਕ ਮੌਕਾ ਹਨ ਅਤੇ ਅਸੀਂ ਜਲਦੀ ਹੀ ਇੱਕ ਪ੍ਰਸਤਾਵ ਪੇਸ਼ ਕਰਾਂਗੇ।"

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਸਿਰਫ਼ ਸੰਖਿਆਵਾਂ ਦਾ ਮਾਮਲਾ ਨਹੀਂ




ਹੈ, ਸਗੋਂ ਪ੍ਰਤਿਭਾ, ਨਵੀਨਤਾ ਅਤੇ ਕੈਨੇਡਾ ਦੀ ਭਵਿੱਖੀ ਆਰਥਿਕਤਾ ਬਾਰੇ ਹੈ। ਉਨ੍ਹਾਂ ਸੰਕੇਤ ਦਿੱਤਾ ਕਿ ਉਨ੍ਹਾਂ ਦੀ ਯੋਜਨਾ ਤਕਨੀਕੀ ਪੇਸ਼ੇਵਰਾਂ 'ਤੇ ਕੇਂਦ੍ਰਿਤ ਹੋਵੇਗੀ, ਜਿਸ ਵਿਚ ਅਸਥਾਈ ਵਰਕ ਪਰਮਿਟ ਅਤੇ ਸਥਾਈ ਨਿਵਾਸ ਬਦਲ ਸ਼ਾਮਲ ਹੋ ਸਕਦੇ ਹਨ। ਦਰਅਸਲ, ਟਰੰਪ ਪ੍ਰਸ਼ਾਸਨ ਨੇ 19 ਸਤੰਬਰ, 2025 ਨੂੰ ਇੱਕ ਕਾਰਜਕਾਰੀ ਆਦੇਸ਼ ਜਾਰੀ ਕੀਤਾ, ਜਿਸ ਵਿਚ 21 ਸਤੰਬਰ ਤੋਂ ਲਾਗੂ ਹੋਣ ਵਾਲੇ ਐੱਚ-1ਬੀ ਵੀਜ਼ਿਆਂ 'ਤੇ 100,000 ਡਾਲਰ ਦੀ ਸਾਲਾਨਾ ਫੀਸ ਦਾ ਐਲਾਨ ਕੀਤਾ ਗਿਆ। ਐੱਚ-1ਬੀ ਵੀਜ਼ਿਆਂ ਦੀ ਵਰਤੋਂ ਵਿਗਿਆਨ, ਇੰਜੀਨੀਅਰਿੰਗ ਅਤੇ ਗਣਿਤ ਵਿਚ ਵਿਸ਼ੇਸ਼ ਭੂਮਿਕਾਵਾਂ ਲਈ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਲਾਭਾਂ ਦਾ ਜ਼ਿਆਦਾਤਰ ਹਿੱਸਾ ਭਾਰਤ (71%) ਅਤੇ ਚੀਨ (11.7%) ਦੇ ਪੇਸ਼ੇਵਰਾਂ ਨੂੰ ਜਾਂਦਾ ਹੈ।

ਵਾਸ਼ਿੰਗਟਨ ਦੇ ਫੈਸਲੇ ਨੇ ਸਿਲੀਕਾਨ ਵੈਲੀ ਵਿਚ ਚਿੰਤਾਵਾਂ ਵਧਾ ਦਿੱਤੀਆਂ ਹਨ, ਜਿੱਥੇ ਕੰਪਨੀਆਂ ਚੇਤਾਵਨੀ ਦੇ ਰਹੀਆਂ ਹਨ ਕਿ ਆਸਮਾਨ ਛੂਹਣ ਵਾਲੀ ਫੀਸ ਵਿਦੇਸ਼ੀ ਇੰਜੀਨੀਅਰਾਂ ਅਤੇ ਡਿਵੈਲਪਰਾਂ ਦੀ ਸਪਲਾਈ ਲੜੀ ਨੂੰ ਕਮਜ਼ੋਰ ਕਰ ਦੇਵੇਗੀ। ਸੰਯੁਕਤ ਰਾਜ ਅਮਰੀਕਾ ਆਪਣੇ ਤਕਨੀਕੀ ਕਾਰਜਬਲ ਵਿਚ ਮਹੱਤਵਪੂਰਨ ਪਾੜੇ ਨੂੰ ਭਰਨ ਲਈ ਲੰਬੇ ਸਮੇਂ ਤੋਂ ਐੱਚ-1ਬੀ ਵੀਜ਼ਾ ਧਾਰਕਾਂ 'ਤੇ ਨਿਰਭਰ ਕਰਦਾ ਰਿਹਾ ਹੈ। ਰਾਸ਼ਟਰਪਤੀ ਟਰੰਪ ਅਤੇ ਉਸਦੇ ਸਹਿਯੋਗੀਆਂ ਨੇ ਲੰਬੇ ਸਮੇਂ ਤੋਂ ਐੱਚ-1ਬੀ ਪ੍ਰੋਗਰਾਮ ਦੀ ਆਲੋਚਨਾ ਕੀਤੀ ਹੈ, ਇਹ ਦਲੀਲ ਦਿੰਦੇ ਹੋਏ ਕਿ ਇਹ ਅਮਰੀਕੀ ਤਨਖਾਹਾਂ ਨੂੰ ਘਟਾਉਂਦਾ ਹੈ। ਹਾਲਾਂਕਿ, ਅਮਰੀਕੀ ਤਕਨੀਕੀ ਫਰਮਾਂ ਦੁਆਰਾ ਵਿਗਿਆਨ, ਇੰਜੀਨੀਅਰਿੰਗ ਅਤੇ ਗਣਿਤ ਦੀਆਂ ਭੂਮਿਕਾਵਾਂ ਨੂੰ ਭਰਨ ਲਈ ਪ੍ਰੋਗਰਾਮ ਦੀ ਭਾਰੀ ਵਰਤੋਂ ਕੀਤੀ ਜਾਂਦੀ ਹੈ।

# ਐਮੀਰੇਟਸ ਏਅਰਲਾਈਨ ਵੱਲੋਂ ਯਾਤਰੀਆਂ ਦੀ ਸੁਰੱਖਿਆ ਲਈ ਨਿਯਮਾਂ 'ਚ ਵੱਡਾ ਬਦਲਾਅ

ਵਾਸ਼ਿੰਗਟਨ, (ਪੰਜਾਬ ਮੇਲ)- ਫਲਾਈਟ ਰਾਹੀਂ ਯਾਤਰਾ ਕਰਨ ਵਾਲੇ ਯਾਤਰੀਆਂ ਲਈ ਇਕ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਐਮੀਰੇਟਸ ਏਅਰਲਾਈਨ ਨੇ ਯਾਤਰੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ 1 ਅਕਤੂਬਰ 2025 ਤੋਂ ਆਪਣੇ ਨਿਯਮਾਂ ਵਿਚ ਮਹੱਤਵਪੂਰਨ ਬਦਲਾਅ ਕਰਨ ਦਾ ਐਲਾਨ ਕੀਤਾ ਹੈ। ਨਵੇਂ ਨਿਯਮਾਂ ਮੁਤਾਬਕ ਯਾਤਰੀ ਹੁਣ ਜਹਾਜ਼ ਵਿਚ ਪਾਵਰ ਬੈਂਕਾਂ ਦੀ ਵਰਤੋਂ ਨਹੀਂ ਕਰ ਸਕਣਗੇ ਅਤੇ ਚਾਰਜਿੰਗ 'ਤੇ ਪੂਰੀ ਤਰ੍ਹਾਂ ਪਾਬੰਦੀ ਹੋਵੇਗੀ।

ਜ਼ਿਕਰਯੋਗ ਹੈ ਕਿ ਲਿਥੀਅਮ-ਆਇਨ ਬੈਟਰੀਆਂ ਵਾਲੇ ਪਾਵਰ ਬੈਂਕਾਂ ਤੋਂ ਅੱਗ, ਧਮਾਕੇ ਜਾਂ ਜ਼ਹਿਰੀਲੀ ਗੈਸ ਦੇ ਖ਼ਤਰੇ ਕਾਰਨ ਏਅਰਲਾਈਨ ਨੇ ਇਹ ਸਖ਼ਤ ਕਾਰਵਾਈ ਕੀਤੀ ਹੈ। ਯਾਤਰੀ ਆਪਣੇ ਨਾਲ ਸਿਰਫ਼ ਇੱਕ ਪਾਵਰ ਬੈਂਕ ਲੈ ਜਾ ਸਕਦੇ ਹਨ। ਇਸ ਪਾਵਰ ਬੈਂਕ ਦੀ ਸਮਰੱਥਾ 100 ਵਾਟ-ਆਵਰ (ਡਬਲਯੂ.ਐੱਚ.) ਤੋਂ ਵੱਧ ਨਹੀਂ ਹੋਣੀ ਚਾਹੀਦੀ।

ਪਾਵਰ ਬੈਂਕਾਂ ਨੂੰ ਸਿਰਫ਼ ਕੈਬਿਨ ਬੈਗੇਜ (ਕੈਰੀ-ਆਨ ਬੈਗੇਜ) ਵਿਚ ਹੀ ਲਿਜਾਇਆ ਜਾ ਸਕਦਾ ਹੈ। ਚੈੱਕ-ਇਨ ਬੈਗੇਜ 'ਚ ਪਾਵਰ ਬੈਂਕ ਲਿਜਾਣ 'ਤੇ ਸਖ਼ਤੀ ਨਾਲ ਪਾਬੰਦੀ ਹੈ। ਸਭ ਤੋਂ ਮਹੱਤਵਪੂਰਨ ਤਬਦੀਲੀ ਇਹ ਹੈ ਕਿ ਯਾਤਰੀ ਉਡਾਣ ਦੌਰਾਨ ਆਪਣੇ ਪਾਵਰ ਬੈਂਕਾਂ ਦੀ ਵਰਤੋਂ ਜਾਂ ਚਾਰਜ ਨਹੀਂ ਕਰ ਸਕਣਗੇ। ਏਅਰਲਾਈਨ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਸੁਰੱਖਿਆ ਕਾਰਨਾਂ ਕਰਕੇ ਸਾਰੇ ਪਾਵਰ ਬੈਂਕਾਂ ਨੂੰ ਆਪਣੀ ਸਮਰੱਥਾ ਰੇਟਿੰਗ ਸਪਸ਼ਟ ਤੌਰ 'ਤੇ ਦੱਸਣੀ ਪਵੇਗੀ ਤੇ ਇਨ੍ਹਾਂ ਨੂੰ ਸਿਰਫ਼ ਸੀਟ ਦੇ ਹੇਠਾਂ ਜਾਂ ਸੀਟ ਦੀ ਜੇਬ ਵਿਚ ਹੀ ਸਟੋਰ ਕੀਤਾ ਜਾ ਸਕਦਾ ਹੈ। ਇਨ੍ਹਾਂ ਨੂੰ ਓਵਰਹੈੱਡ ਲਾਕਰਾਂ ਵਿਚ ਰੱਖਣ ਦੀ ਇਜਾਜ਼ਤ ਨਹੀਂ ਹੋਵੇਗੀ।

# ਨੇਪਾਲ ਦੇ ਸਾਬਕਾ ਪ੍ਰਧਾਨ ਮੰਤਰੀ ਓਲੀ ਸਮੇਤ 5 ਲੋਕਾਂ ਦੇ ਪਾਸਪੋਰਟ ਜ਼ਬਤ

**■ ਕਾਠਮੰਡੂ ਛੱਡਣ 'ਤੇ ਵੀ ਲੱਗੀ ਰੋਕ**

ਕਾਠਮੰਡੂ, (ਪੰਜਾਬ ਮੇਲ)- ਨੇਪਾਲ ਨੇ ਅਹੁਦੇ ਤੋਂ ਹਟਾਏ ਗਏ ਪ੍ਰਧਾਨ ਮੰਤਰੀ ਕੇ. ਪੀ. ਸ਼ਰਮਾ ਓਲੀ, ਉਨ੍ਹਾਂ ਦੇ ਗ੍ਰਹਿ ਮੰਤਰੀ ਰਮੇਸ਼ ਲੇਖਰ ਅਤੇ ਤਿੰਨ ਹੋਰ ਅਧਿਕਾਰੀਆਂ ਦੇ ਪਾਸਪੋਰਟ ਜ਼ਬਤ ਕਰ ਲਏ ਹਨ। ਇਹ ਕਾਰਵਾਈ ਇਸ ਮਹੀਨੇ ਦੇ ਸ਼ੁਰੂ ਵਿਚ ਜਨਰਲ-ਜ਼ੈੱਡ ਵਿਰੋਧ ਪ੍ਰਦਰਸ਼ਨਾਂ ਦੇ ਹਿੰਸਕ ਦਮਨ ਦੇ ਸਬੰਧ ਵਿਚ ਕੀਤੀ ਗਈ ਸੀ। ਸੋਮਵਾਰ ਨੂੰ ਕਾਠਮੰਡੂ ਦੇ ਇੱਕ ਹਸਪਤਾਲ ਵਿਚ ਇਲਾਜ ਦੌਰਾਨ ਇੱਕ ਜ਼ਖਮੀ ਪ੍ਰਦਰਸ਼ਨਕਾਰੀ ਦੀ ਮੌਤ ਹੋ ਗਈ ਸੀ, ਜਿਸ ਨਾਲ ਦੋ ਦਿਨਾਂ ਵਿਰੋਧ ਪ੍ਰਦਰਸ਼ਨਾਂ ਵਿਚ ਮਰਨ ਵਾਲਿਆਂ ਦੀ ਗਿਣਤੀ 76 ਹੋ ਗਈ ਹੈ।

21 ਸਤੰਬਰ ਨੂੰ ਸੁਸ਼ੀਲਾ ਕਾਰਕੀ ਦੇ ਅੰਤਰਿਮ ਸਰਕਾਰ ਦੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕਣ ਤੋਂ ਕੁਝ ਦਿਨ ਬਾਅਦ ਕੈਬਨਿਟ ਮੀਟਿੰਗ ਵਿਚ ਜਨਰਲ-ਜ਼ੈੱਡ ਵਿਰੋਧ ਪ੍ਰਦਰਸ਼ਨਾਂ ਦੌਰਾਨ ਸੁਰੱਖਿਆ ਏਜੰਸੀਆਂ ਦੁਆਰਾ ਬਹੁਤ ਜ਼ਿਆਦਾ ਤਾਕਤ ਦੀ ਵਰਤੋਂ ਦੀ ਜਾਂਚ ਲਈ ਇੱਕ ਨਿਆਂਇਕ ਜਾਂਚ ਕਮਿਸ਼ਨ ਬਣਾਇਆ ਗਿਆ ਸੀ, ਜਿਸ ਦੇ ਨਤੀਜੇ ਵਜੋਂ ਮੌਤਾਂ ਹੋਈਆਂ। ਐਤਵਾਰ ਨੂੰ ਉੱਚ-ਪੱਧਰੀ ਨਿਆਂਇਕ ਕਮਿਸ਼ਨ ਨੇ ਓਲੀ ਅਤੇ ਚਾਰ ਹੋਰਾਂ ਦੇ ਪਾਸਪੋਰਟ ਜ਼ਬਤ ਕਰਨ ਦੀ ਸਿਫਾਰਸ਼ ਕੀਤੀ। ਗ੍ਰਹਿ ਮੰਤਰਾਲੇ ਨੇ ਕਮਿਸ਼ਨ ਦੀ ਸਿਫ਼ਾਰਸ਼ ਦੇ ਆਧਾਰ 'ਤੇ ਇਹ ਕਦਮ ਚੁੱਕਿਆ। ਅਧਿਕਾਰੀਆਂ ਅਨੁਸਾਰ, ਪਾਸਪੋਰਟ ਜ਼ਬਤ ਕਰਨ ਵਾਲਿਆਂ ਵਿਚ ਤਤਕਾਲੀ ਗ੍ਰਹਿ ਸਕੱਤਰ ਗੋਕਰਨ ਮਨੀ ਦੁਵਾਦੀ, ਤਤਕਾਲੀ ਰਾਸ਼ਟਰੀ ਜਾਂਚ ਵਿਭਾਗ ਦੇ ਮੁਖੀ ਹੁਤਰਾਜ ਥਾਪਾ ਅਤੇ ਤਤਕਾਲੀ ਕਾਠਮੰਡੂ ਦੇ ਮੁੱਖ ਜ਼ਿਲ੍ਹਾ ਅਧਿਕਾਰੀ ਛਬੀ ਰਿਜਲ ਸ਼ਾਮਲ ਹਨ। ਇਨ੍ਹਾਂ ਪੰਜਾਂ ਨੂੰ ਦੇਸ਼ ਛੱਡਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਕਮਿਸ਼ਨ ਦੇ ਚੇਅਰਮੈਨ ਗੌਰੀ ਬਹਾਦੁਰ ਕਾਰਕੀ ਅਨੁਸਾਰ, ਇਹ ਫੈਸਲਾ ਜਾਂਚ ਦੇ ਅੱਗੇ ਵਧਣ ਦੇ ਨਾਲ-ਨਾਲ ਜਵਾਬਦੇਹੀ ਨੂੰ ਯਕੀਨੀ ਬਣਾਉਣ ਲਈ ਲਿਆ ਗਿਆ ਹੈ। ਵਿਜੇਦਸ਼ਮੀ ਤਿਉਹਾਰ ਤੋਂ ਬਾਅਦ ਜਾਂਚ ਕਮਿਸ਼ਨ ਉੱਚ ਅਧਿਕਾਰੀਆਂ ਦੇ ਬਿਆਨ ਦਰਜ ਕਰਨ ਦੀ ਸੰਭਾਵਨਾ ਹੈ, ਜਿਨ੍ਹਾਂ ਨੂੰ ਅਧਿਕਾਰੀਆਂ ਦੀ ਇਜਾਜ਼ਤ ਤੋਂ ਬਿਨਾਂ ਕਾਠਮੰਡੂ ਘਾਟੀ ਛੱਡਣ ਤੋਂ ਵੀ ਰੋਕ ਦਿੱਤਾ ਗਿਆ ਹੈ।

# ਮਾਣਹਾਨੀ ਮਾਮਲਾ : ਬਠਿੰਡਾ ਅਦਾਲਤ ਵੱਲੋਂ ਕੰਗਨਾ ਰਣੌਤ ਨੂੰ 27 ਅਕਤੂਬਰ ਨੂੰ ਨਿੱਜੀ ਤੌਰ 'ਤੇ ਪੇਸ਼ ਹੋਣ ਦੇ ਹੁਕਮ

**■ ਪੇਸ਼ ਨਾ ਹੋਣ 'ਤੇ ਗ੍ਰਿਫ਼ਤਾਰੀ ਵਾਰੰਟ ਕੀਤਾ ਜਾ ਸਕਦੈ ਜਾਰੀ**

ਬਠਿੰਡਾ, (ਪੰਜਾਬ ਮੇਲ)- ਪਿੰਡ ਬਹਾਦਰਗੜ੍ਹ ਜੰਡੀਆਂ ਦੀ ਬਜ਼ੁਰਗ ਮਹਿਲਾ ਮਹਿੰਦਰ ਕੌਰ ਵੱਲੋਂ ਦਾਇਰ ਮਾਣਹਾਨੀ ਦੀ ਸ਼ਿਕਾਇਤ ਦੇ ਸਬੰਧ ਵਿਚ ਹਿਮਾਚਲ ਪ੍ਰਦੇਸ਼ ਤੋਂ ਭਾਜਪਾ ਦੀ ਸੰਸਦ ਮੈਂਬਰ ਅਤੇ ਅਦਾਕਾਰਾ ਕੰਗਨਾ ਰਣੌਤ ਦੀ 29 ਸਤੰਬਰ ਨੂੰ ਬਠਿੰਡਾ ਅਦਾਲਤ ਵਿਚ ਪੇਸ਼ੀ ਨਿਰਧਾਰਿਤ ਸੀ ਪਰ ਉਹ ਇਥੇ ਪੇਸ਼ ਨਹੀਂ ਹੋਈ। ਅਦਾਲਤ ਨੇ ਕਾਰਵਾਈ ਦੌਰਾਨ ਕੰਗਨਾ ਨੂੰ 27 ਅਕਤੂਬਰ ਨੂੰ ਨਿੱਜੀ ਤੌਰ 'ਤੇ ਪੇਸ਼ ਹੋਣ ਦੇ ਸਖ਼ਤ ਹੁਕਮ ਜਾਰੀ ਕੀਤੇ ਹਨ। ਅਦਾਲਤ ਵੱਲੋਂ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਜੇ ਉਹ ਉਸ ਦਿਨ ਪੇਸ਼ ਨਾ ਹੋਈ, ਤਾਂ ਉਸ ਖ਼ਿਲਾਫ਼ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਜਾ ਸਕਦਾ ਹੈ।

ਮਾਮਲੇ ਦੀ ਸੁਣਵਾਈ ਦੌਰਾਨ ਕੰਗਨਾ ਦੇ ਵਕੀਲਾਂ ਨੇ ਨਿੱਜੀ ਹਾਜ਼ਰੀ ਤੋਂ ਛੋਟ ਮੰਗਦਿਆਂ ਕਿਹਾ ਕਿ ਉਹ ਵੀਡੀਓ ਕਾਨਫ਼ਰੰਸਿੰਗ ਰਾਹੀਂ ਪੇਸ਼ ਹੋ ਸਕਦੀ ਹੈ ਪਰ ਮਹਿੰਦਰ ਕੌਰ ਦੇ ਵਕੀਲ ਰਘਬੀਰ ਸਿੰਘ ਬਹਿਣੀਵਾਲ ਨੇ ਇਸ ਦਾ ਵਿਰੋਧ ਕਰਦਿਆਂ ਦਲੀਲ ਦਿੱਤੀ ਕਿ ਪਹਿਲੀ ਪੇਸ਼ੀ 'ਤੇ ਇਸ ਤਰ੍ਹਾਂ ਦੀ ਛੋਟ ਨਹੀਂ ਦਿੱਤੀ ਜਾ ਸਕਦੀ। ਅਦਾਲਤ ਨੇ ਵੀ ਕੰਗਨਾ ਦੇ ਵਕੀਲਾਂ ਨੂੰ ਸਖ਼ਤ ਲਹਿਜ਼ੇ ਵਿਚ ਚਿਤਾਵਨੀ ਦਿੰਦਿਆਂ ਅਗਲੀ ਤਰੀਕ 27 ਅਕਤੂਬਰ ਨੂੰ ਕੰਗਨਾ ਦਾ ਨਿੱਜੀ ਤੌਰ 'ਤੇ ਅਦਾਲਤ 'ਚ ਪੇਸ਼ ਹੋਣਾ ਯਕੀਨੀ ਬਣਾਉਣ ਲਈ ਕਿਹਾ।

## ਹਾਈ ਕੋਰਟ ਵੱਲੋਂ ਐੱਮ.ਪੀ. ਅੰਮ੍ਰਿਤਪਾਲ ਸਿੰਘ ਦੀ ਅਰਜ਼ੀ 'ਤੇ ਪਟੀਸ਼ਨਕਰਤਾ ਨੂੰ ਨੋਟਿਸ ਜਾਰੀ

ਚੰਡੀਗੜ੍ਹ, (ਪੰਜਾਬ ਮੇਲ)-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਚੋਣ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਸੁਣਵਾਈ ਕੀਤੀ। ਅੰਮ੍ਰਿਤਪਾਲ ਸਿੰਘ ਨੇ ਅਦਾਲਤ 'ਚ ਇਕ ਅਰਜ਼ੀ ਦਾਇਰ ਕਰਕੇ ਨੋਟਿਸ ਦਾ ਜਵਾਬ ਦੇਣ ਵਿਚ ਅਸਫ਼ਲ ਰਹਿਣ 'ਤੇ ਉਨ੍ਹਾਂ ਨੂੰ ਸਾਬਕਾ ਧਿਰ ਐਲਾਨਣ ਦੇ ਹੁਕਮ ਨੂੰ ਰੱਦ ਕਰਨ ਦੀ ਮੰਗ ਕੀਤੀ। ਪਟੀਸ਼ਨ 'ਤੇ ਹਾਈ ਕੋਰਟ ਨੇ ਪਟੀਸ਼ਨਕਰਤਾ ਅਤੇ ਵਿਕਰਮਜੀਤ ਸਿੰਘ ਦੋਆਬੀ, ਜਿਨ੍ਹਾਂ ਨੇ ਉਸ ਦੇ ਵਿਰੁੱਧ ਚੋਣ ਲੜੀ ਸੀ, ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ। ਵਿਕਰਮਜੀਤ ਸਿੰਘ ਨੇ ਆਪਣੀ ਚੋਣ ਪਟੀਸ਼ਨ 'ਚ ਗੰਭੀਰ ਦੋਸ਼ ਲਗਾਏ ਹਨ। ਉਨ੍ਹਾਂ ਦਾ ਦੋਸ਼ ਹੈ ਕਿ ਅੰਮ੍ਰਿਤਪਾਲ ਸਿੰਘ ਨੇ ਆਪਣੇ ਨਾਮਜ਼ਦਗੀ ਪੱਤਰਾਂ ਵਿਚ ਕਈ ਮਹੱਤਵਪੂਰਨ ਵੇਰਵੇ ਛੁਪਾਏ। ਉਹ ਚੋਣ ਖਰਚਿਆਂ ਦਾ ਪੂਰਾ ਵੇਰਵਾ ਦੇਣ ਵਿਚ ਵੀ ਅਸਫ਼ਲ ਰਹੇ। ਉਨ੍ਹਾਂ ਦਾ ਦੋਸ਼ ਹੈ ਕਿ ਚੋਣ ਮੀਟਿੰਗਾਂ ਰੋਜ਼ਾਨਾ ਹੁੰਦੀਆਂ ਸਨ, ਵਾਹਨਾਂ ਤੇ ਪ੍ਰਚਾਰ ਸਮੱਗਰੀ ਦੀ ਵਰਤੋਂ ਕੀਤੀ

# ਕੈਸ਼ਲੈਸ ਸਕੀਮ ਦੇ ਨਿਯਮ ਸਰਲ ਬਣਾਏ ਜਾਣ

ਪਟਿਆਲਾ, (ਪੰਜਾਬ ਮੇਲ)- ਪੰਜਾਬ ਸਰਕਾਰ ਨੂੰ ਸੇਵਾ ਮੁਕਤ ਪੈਨਸ਼ਨਰਾਂ ਲਈ ਕੈਸ਼ਲੈਸ ਸਿਹਤ ਸਕੀਮ ਦੇ ਨਿਯਮ ਸਰਲ ਬਣਾਉਣੇ ਚਾਹੀਦੇ ਹਨ, ਕਿਉਂਕਿ ਵਡੇਰੀ ਉਮਰ ਵਿਚ ਬਿਮਾਰੀਆਂ ਦੇ ਇਲਾਜ ਦੀ ਜ਼ਿਆਦਾ ਜ਼ਰੂਰਤ ਪੈਂਦੀ ਹੈ। ਇਸ ਗੱਲ ਦਾ ਪ੍ਰਗਟਾਵਾ ਜ਼ਿਲ੍ਹਾ ਲੋਕ ਸੰਪਰਕ ਦਫ਼ਤਰ ਪਟਿਆਲਾ ਦੇ ਸੇਵਾਮੁਕਤ ਮੁਲਾਜ਼ਮਾਂ ਦੀ 'ਪਟਿਆਲਾ ਮੀਡੀਆ ਕਲੱਬ' ਵਿਖੇ ਆਯੋਜਿਤ ਮਾਸਕ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਜੀ.ਆਰ. ਕੁਮਰਾ ਨੇ ਕੀਤਾ। ਉਨ੍ਹਾਂ ਨੇ ਆਪਣੀ ਜ਼ਿੰਦਗੀ ਦੀ ਜੱਦੋ-ਜਹਿਦ ਅਤੇ ਨੌਕਰੀ ਦੇ ਦਿਲਚਸਪ ਤਜ਼ਰਬੇ ਸਾਂਝੇ ਕੀਤੇ। ਮੀਟਿੰਗ ਪੰਜਾਬ ਸਰਕਾਰ ਵੱਲੋਂ 10 ਲੱਖ ਰੁਪਏ ਤੱਕ ਦੇ ਕੈਸ਼ਲੈਸ ਇਲਾਜ ਕਰਵਾਉਣ ਦੇ ਐਲਾਨ ਦਾ ਸਵਾਗਤ ਕੀਤਾ, ਪ੍ਰੰਤੂ ਸਰਕਾਰ ਨੂੰ ਇਸ ਦੇ ਨਿਯਮ ਸਰਲ ਬਣਾਉਣੇ ਚਾਹੀਦੇ ਹਨ। ਪੈਨਸ਼ਨਰਾਂ ਦੇ ਬਕਾਇਆ ਹਾਈ ਕੋਰਟ ਦੇ ਫ਼ੈਸਲੇ ਅਨੁਸਾਰ ਸਮਾਂਬੱਧ ਕਰਕੇ ਦਿੱਤੇ ਜਾਣੇ ਚਾਹੀਦੇ ਹਨ। ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਹੜ੍ਹਾਂ ਤੋਂ ਪ੍ਰਭਾਵਤ ਕਿਸਾਨਾਂ ਅਤੇ



ਐਸੋਸੀਏਸ਼ਨ ਦੇ ਅਹੁਦੇਦਾਰ ਅਤੇ ਮੈਂਬਰ।

ਹੋਰ ਲੋਕਾਂ ਦੀ ਆਰਥਿਕ ਮਦਦ ਲਈ ਵੱਧ ਤੋਂ ਵੱਧ ਹਿੱਸਾ ਪਾਇਆ ਜਾਵੇ। ਹੜ੍ਹਾਂ ਦੇ ਹੋਏ ਨੁਕਸਾਨ ਨੂੰ ਮੁੱਖ ਰੱਖਦਿਆਂ ਪੰਜਾਬੀਆਂ ਨੂੰ ਦੁਸਹਿਰਾ ਅਤੇ ਦੀਵਾਲੀ ਦੇ ਮੌਕੇ 'ਤੇ ਪਟਾਕੇ ਆਦਿ ਨਹੀਂ ਚਲਾਉਣੇ ਚਾਹੀਦੇ। ਵਾਤਾਵਰਨ ਨੂੰ ਸਾਫ਼ ਸੁਥਰਾ ਰੱਖਣ ਲਈ ਕਿਸਾਨਾਂ ਨੂੰ ਅਪੀਲ ਕੀਤੀ ਗਈ ਕਿ ਜੀਰੀ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਈ ਜਾਵੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸੁਰਜੀਤ ਸਿੰਘ ਸੈਣੀ ਪ੍ਰਧਾਨ ਜ਼ਿਲ੍ਹਾ ਲੋਕ ਸੰਪਰਕ ਵਿਭਾਗ ਦੇ ਸੇਵਾਮੁਕਤ ਮੁਲਾਜ਼ਮਾਂ ਦੀ ਵੈੱਲਫ਼ੇਅਰ ਐਸੋਸੀਏਸ਼ਨ ਪਟਿਆਲਾ ਨੇ ਸੇਵਾਮੁਕਤ ਮੁਲਾਜ਼ਮਾਂ ਦੀ ਮੀਟਿੰਗ ਵਿਚ ਬੋਲਦਿਆਂ ਕੀਤਾ। ਇਸ ਮੌਕੇ 'ਤੇ ਅਸ਼ੋਕ ਕੁਮਾਰ ਸ਼ਰਮਾ ਅਤੇ ਪਾਲ ਸਿੰਘ ਦੇ ਜਨਮ ਦਿਨ ਕੇਕ ਕੱਟ ਕੇ ਮਨਾਏ ਗਏ। ਸਾਰੇ ਮੈਂਬਰਾਂ ਨੇ ਦੋਹਾਂ ਨੂੰ ਜਨਮ ਦਿਨ ਦੀਆਂ ਮੁਬਾਰਕਾਂ ਦਿੱਤੀਆਂ। ਇਸ ਮੀਟਿੰਗ ਵਿਚ ਅਮਰਜੀਤ ਸਿੰਘ ਵੜੈਚ, ਉਜਾਗਰ ਸਿੰਘ, ਸੁਰਜੀਤ ਸਿੰਘ ਸੈਣੀ, ਸੁਰਜੀਤ ਸਿੰਘ ਦੁਖੀ, ਕੁਲਜੀਤ ਸਿੰਘ, ਜੈ ਕ੍ਰਿਸ਼ਨ ਕੈਸ਼ਅਪ, ਅਸ਼ੋਕ ਕੁਮਾਰ ਸ਼ਰਮਾ, ਪਰਮਜੀਤ ਕੌਰ ਸੋਢੀ, ਸ਼ਾਮ ਸੁੰਦਰ, ਨਵਲ ਕਿਸ਼ੋਰ, ਜੀ.ਆਰ. ਕੁਮਰਾ, ਪਰਮਜੀਤ ਸਿੰਘ ਸੇਠੀ, ਗੁਰਪ੍ਰਤਾਪ ਸਿੰਘ ਜੀ.ਪੀ. ਅਤੇ ਵਜ਼ੀਰ ਸਿੰਘ ਸ਼ਾਮਲ ਹੋਏ।

# ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਹਰਜਿੰਦਰ ਕੌਰ ਆਪਣੀ ਜਿਗਰੀ ਦੋਸਤ ਰਮਿੰਦਰ ਰੰਮੀ ਦੇ ਵਿਹੜੇ ਪਹੁੰਚੇ

**ਬਰੈਂਪਟਨ, (ਰਮਿੰਦਰ ਵਾਲੀਆ/ ਪੰਜਾਬ ਮੇਲ)**- ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਹਰਜਿੰਦਰ ਕੌਰ ਤੇ ਰਮਿੰਦਰ ਰੰਮੀ ਜਿਗਰੀ ਦੋਸਤ ਹਨ। 40 ਸਾਲ ਪੁਰਾਣੀ ਉਨ੍ਹਾਂ ਦੀ ਆਪਸੀ ਸਾਂਝ ਹੈ। ਉਹ ਰਮਿੰਦਰ ਰੰਮੀ ਨੂੰ ਮਿਲਣ ਉਨ੍ਹਾਂ ਦੇ ਗ੍ਰਹਿ ਵਿਖੇ ਪਹੁੰਚੇ। ਰਮਿੰਦਰ ਨੇ ਫ਼ੁੱਲਾਂ ਦੇ ਬੁੱਕੇ ਦੇ ਕੇ ਉਨ੍ਹਾਂ ਨੂੰ ਨਿੱਘਾ ਜੀ ਆਇਆਂ ਕਿਹਾ। ਲਜ਼ੀਜ਼ ਖਾਣੇ ਦੇ ਲੁਤਫ਼ ਤੋਂ ਬਾਦ ਦੋਵੇਂ ਸੱਖੀਆਂ ਘਰ ਦੇ ਪਿਛਵਾੜੇ ਚਲੇ ਗਈਆਂ। ਖੁੱਲ੍ਹੀਆਂ ਗੱਲਾਂ ਦਾ ਲਾਈਵ ਪ੍ਰੋਗਰਾਮ ਕੀਤਾ ਤੇ ਜੀ ਭਰ ਕੇ ਬਹੁਤ ਸਾਰੇ ਵਿਸ਼ੇ 'ਤੇ ਖੁੱਲ੍ਹ ਕੇ ਗੱਲਾਂਬਾਤਾਂ ਹੋਈਆਂ। ਚੰਡੀਗੜ੍ਹ ਵਿਖੇ ਕਿਵੇਂ ਮਿਲ ਕੇ ਬਹੁਤ ਸਾਰੇ ਇੱਕਠੇ ਪ੍ਰੋਗਰਾਮ ਉਹ ਕਰਦੇ ਸੀ। ਚਾਹੇ ਕੋਈ ਸੈਮੀਨਾਰ ਹੋਵੇ, ਕੀਰਤਨ ਪ੍ਰੋਗਰਾਮ, ਕੋਈ ਰੈਲੀ ਜਾਂ ਧਰਨਾ ਹੋਏ। ਸ਼੍ਰੋਮਣੀ ਕਮੇਟੀ ਦੀਆਂ ਇਲੇਕਸ਼ਨਜ਼ ਦੇ ਦੌਰਾਨ ਵੀ ਸਵੇਰੇ 7 ਵਜੇ ਤੋਂ ਰਾਤ ਦੇ 12 ਵਜੇ ਤੱਕ



ਇੱਕਠੇ ਚੋਣ ਪ੍ਰਚਾਰ ਲਈ ਜਾਂਦੇ ਸਨ। ਇੱਕ ਦੂਸਰੇ ਦੇ ਹਰ ਦੁੱਖ-ਸੁੱਖ ਵਿਚ ਵੀ ਸ਼ਰੀਕ ਹੁੰਦੇ ਸਨ। ਪਹਿਲਾਂ ਦੀਆਂ ਦੋਸਤੀਆਂ ਅਤੇ ਰਿਸ਼ਤਿਆਂ ਦੀ ਗੰਢ ਪੀਡੀ ਹੁੰਦੀ ਸੀ ਪਰ ਅੱਜਕੱਲ੍ਹ (ਟੁੱਟ ਗਈ ਤੜੱਕ ਕਰਕੇ) ਵਾਲਾ ਹਿਸਾਬ ਹੈ। ਮਤਲਬੀ ਰਿਸ਼ਤੇ ਜ਼ਿਆਦਾ ਹੈ। ਸਿੱਖੀ, ਸੇਵਾ, ਸਿਮਰਨ ਤੇ ਗੁਰੂ ਦੇ ਬਚਨ ਪਾਲਣ 'ਤੇ ਵੀ ਗੱਲਾਂ ਹੋਈਆਂ। ਉਨ੍ਹਾਂ ਕਿਹਾ ਕਿ ਸਾਡੇ ਪੰਜਾਬੀ ਕਿਰਦਾਰ ਦੀ ਸਭ ਪਾਸਿਉਂ ਖ਼ੁਸ਼ਬੂ ਆਉਣੀ ਚਾਹੀਦੀ ਸੀ ਪਰ ਐਸਾ ਨਹੀਂ ਹੈ, ਅਜੇ ਵੀ ਕਮੀ ਹੈ ਕਿਤੇ ਨਾ ਕਿਤੇ। ਸਾਡਾ ਪੰਜਾਬੀ ਸਮਾਜ ਅੱਜ ਕਿੰਨਾ ਕੁ ਵਿਕਸਿਤ ਹੋ ਰਿਹਾ ਹੈ। ਲੋੜ ਹੈ ਸਭ ਨੂੰ ਮਿਲਜੁੱਲ ਕੇ ਇੱਕਠੇ ਕੰਮ ਕਰਨ ਦੀ। ਹਰਜਿੰਦਰ ਜੀ ਦਾ ਕਹਿਣਾ ਕਿ ਜੋ ਲੇਖਕ ਵੀ ਨੇ (ਸਾਰੇ ਨਹੀਂ) ਕੁਝ ਵਿਖਾਵਾ ਜ਼ਿਆਦਾ ਕਰਦੇ ਹਨ ਪਰ ਕਹਿਣੀ ਕਥਨੀ ਕਰਨੀ ਦੇ ਪੂਰੇ ਨਹੀਂ ਹਨ। ਜਦਕਿ ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ। ਸਾਡੇ ਸੀਨੀਅਰਜ਼ ਬਹੁਤ ਕੁਝ ਇੱਥੇ ਨਵਾਂ ਕਰ ਸਕਦੇ ਹਨ। ਰਮਿੰਦਰ ਦਾ ਇਹ ਕਹਿਣਾ ਕਿ ਇੱਥੇ ਪ੍ਰਚਾਰ ਤੇ ਪ੍ਰਸਾਰ ਮਾਂ ਬੋਲੀ ਲਈ ਜ਼ਿਆਦਾ ਹੋ ਰਿਹਾ ਹੈ ਪਰ ਹਰ ਚੀਜ਼ ਨੂੰ ਸਮਾਂ ਲੱਗਦਾ ਹੈ। ਆਪਣੇ ਰੁਝੇਵਿਆਂ ਵਿਚੋਂ ਜਿੰਨਾ ਸਮਾਂ ਮਿਲਦਾ ਹੈ, ਅਸੀਂ ਕਰ ਰਹੇ ਹਾਂ ਤੇ ਕਰਦੇ ਰਹਾਂਗੇ। ਬੀਬੀ ਹਰਜਿੰਦਰ ਕੌਰ ਜੀ ਨੇ ਵੀ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਇੱਕ ਪ੍ਰੋਜੈਕਟ ਉਲੀਕਿਆ ਹੈ ਕਿ ਜੋ ਬੱਚੇ ਬਾਹਰ ਆਉਣਾ ਚਾਹੁੰਦੇ ਹਨ, ਉਨ੍ਹਾਂ ਨੂੰ ਜਾਂ ਜੋ ਬਾਹਰ ਹਨ, ਉਨ੍ਹਾਂ ਸਭ ਨੂੰ ਕਿਸੇ ਤਰ੍ਹਾਂ ਦੀ ਕੋਈ ਜ਼ਰੂਰਤ ਹੈ, ਤਾਂ ਉਸ ਸਭ ਲਈ ਉਪਰਾਲੇ ਕਰ ਰਹੇ ਹਨ। ਵਾਹਿਗੁਰੂ ਕਰੇ ਉਨ੍ਹਾਂ ਦੇ ਸੁਪਨਿਆਂ ਨੂੰ ਬੂਰ ਪਵੇ ਤੇ ਇਹ ਮੁਹੱਬਤੀ ਸਾਂਝਾਂ ਹਮੇਸ਼ਾਂ ਬਣੀਆਂ ਰਹਿਣ। ਮੁੜ ਮਿਲਣ ਦਾ ਵਾਦਾ ਕਰ ਭਰੇ ਮਨ ਨਾਲ ਇਕ ਦੂਸਰੇ ਤੋਂ ਵਿਦਾ ਲਈ। ਦਿਲ ਦੀਆਂ ਗਹਿਰਾਈਆਂ ਤੋਂ ਮੈਂ ਆਪ ਜੀ ਦੀ ਸ਼ੁਕਰਗੁਜ਼ਾਰ ਹਾਂ, ਜੋ ਤੁਸੀਂ ਆਪਣੇ ਕੀਮਤੀ ਸਮੇਂ ਵਿਚੋਂ ਸਮਾਂ ਨਿਕਾਲ ਕੇ ਮੈਨੂੰ ਮਿਲਣ ਲਈ ਆਏ।

# ਕੈਲੀਫੋਰਨੀਆ 'ਚ ਮਰੀਜ਼ ਔਰਤ ਦੇ ਨਾਲ ਜਿਨਸੀ ਸ਼ੋਸ਼ਣ ਦੇ ਦੋਸ਼ ਵਿਚ ਭਾਰਤੀ ਮੂਲ ਦਾ ਡਾਕਟਰ ਗ੍ਰਿਫ਼ਤਾਰ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਬੀਤੇ ਦਿਨੀਂ ਕੈਲੀਫੋਰਨੀਆ ਦੇ ਮਿਲਪੀਟਸ ਪੁਲਿਸ ਵਿਭਾਗ ਨੇ ਸੈਨਹੋਜ਼ੇ ਤੋਂ ਭਾਰਤੀ ਮੂਲ ਦੇ ਇਕ 68 ਸਾਲਾ ਡਾਕਟਰ ਸੰਜੇ ਅਗਰਵਾਲ ਨੂੰ ਡਾਕਟਰੀ ਸਲਾਹ-ਮਸ਼ਵਰੇ ਦੇ ਦੌਰਾਨ ਇੱਕ ਔਰਤ ਮਰੀਜ਼ ਨਾਲ ਜਿਨਸੀ ਸ਼ੋਸ਼ਣ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਹੈ। ਪੁਲਿਸ ਨੇ ਕਿਹਾ ਕਿ 16 ਸਤੰਬਰ, 2025 ਨੂੰ ਇੱਕ ਸ਼ਿਕਾਇਤ ਦਰਜ ਕੀਤੀ ਗਈ ਸੀ, ਜਿਸ ਵਿਚ ਦੋਸ਼ ਲਗਾਇਆ ਗਿਆ ਸੀ ਕਿ ਡਾਕਟਰ ਅਗਰਵਾਲ ਨੇ ਇੱਕ ਔਰਤ ਨੂੰ ਅਣਉਚਿਤ ਢੰਗ ਨਾਲ ਛੂਹਿਆ ਸੀ, ਜਦੋਂ ਉਹ ਉਸਦੀ ਦੇਖਭਾਲ ਵਿਚ ਸੀ। ਵਿਭਾਗ ਦੇ ਅਪਰਾਧਿਕ



ਜਾਂਚ ਬਿਊਰੋ ਦੇ ਜਾਸੂਸਾਂ ਨੇ ਦੋਸ਼ਾਂ ਦੀ ਸਮੀਖਿਆ ਕੀਤੀ ਅਤੇ ਸਿੱਟਾ ਕੱਢਿਆ ਕਿ ਸਲਾਹ-ਮਸ਼ਵਰੇ ਦੌਰਾਨ ਜਿਨਸੀ ਸ਼ੋਸ਼ਣ ਹੋਇਆ ਸੀ। ਬੀਤੀ 24 ਸਤੰਬਰ ਨੂੰ ਜਾਸੂਸਾਂ ਨੇ ਡਾਕਟਰ ਅਗਰਵਾਲ ਨੂੰ ਮਿਲਪੀਟਸ ਵਿਚ ਉਨ੍ਹਾਂ ਦੇ ਮੈਡੀਕਲ ਦਫ਼ਤਰ ਤੋਂ ਗ੍ਰਿਫ਼ਤਾਰ ਕੀਤਾ। ਬਾਅਦ ਵਿਚ ਉਨ੍ਹਾਂ ਨੂੰ ਜਿਨਸੀ ਸ਼ੋਸ਼ਣ ਦੇ ਦੋਸ਼ ਵਿਚ ਸਾਂਤਾ ਕਲਾਰਾ ਕਾਉਂਟੀ ਦੀ ਮੇਨ ਜੇਲ੍ਹ ਵਿਚ ਭੇਜ ਦਿੱਤਾ ਗਿਆ। ਡਾ. ਸੰਜੈ ਅਗਰਵਾਲ, ਇੱਕ ਪਲਮੋਨੋਲੋਜਿਸਟ, ਮਿਲਪੀਟਸ ਕੈਲੀਫੋਰਨੀਆ ਦੇ ਇੱਕ ਸਲੀਪ ਸੈਂਟਰ ਵਿਚ ਅਭਿਆਸ ਕਰਦੇ ਹਨ ਅਤੇ ਸੈਨਹੋਜ਼ੇ ਦੇ ਗੁੱਡ ਸਮੈਰੀਟਨ ਹਸਪਤਾਲ ਦੇ ਨਾਲ ਜੁੜੇ ਹੋਏ ਹਨ।

# ਅਮਰੀਕੀ ਵਿਦੇਸ਼ ਵਿਭਾਗ ਵੱਲੋਂ ਕੋਲੰਬੀਆ ਦੇ ਰਾਸ਼ਟਰਪਤੀ ਦਾ ਵੀਜ਼ਾ ਰੱਦ ਕਰਨ ਦਾ ਐਲਾਨ

- **ਟਰੰਪ ਖਿਲਾਫ਼ ਬੋਲਣਾ ਪਿਆ ਮਹਿੰਗਾ;**
- **ਨਿਊਯਾਰਕ 'ਚ ਅਮਰੀਕੀ ਫੌਜਾਂ ਨੂੰ ਭੜਕਾਉਣ ਦਾ ਲਗਾਇਆ ਦੋਸ਼**

**ਵਾਸ਼ਿੰਗਟਨ, (ਪੰਜਾਬ ਮੇਲ)**-ਅਮਰੀਕਾ ਅਤੇ ਕੋਲੰਬੀਆ, ਜੋ ਕਦੇ ਇਤਿਹਾਸਕ ਸਹਿਯੋਗੀ ਸਨ, ਵਿਚਕਾਰ ਸਬੰਧ ਕਾਫ਼ੀ ਵਿਗੜ ਗਏ ਹਨ। ਸ਼ੁੱਕਰਵਾਰ ਨੂੰ ਅਮਰੀਕੀ ਵਿਦੇਸ਼ ਵਿਭਾਗ ਨੇ ਕੋਲੰਬੀਆ ਦੇ ਰਾਸ਼ਟਰਪਤੀ ਗੁਸਤਾਵੋ ਪੈਟਰੋ ਦਾ ਵੀਜ਼ਾ ਰੱਦ ਕਰਨ ਦਾ ਐਲਾਨ ਕੀਤਾ। ਉਨ੍ਹਾਂ 'ਤੇ ਨਿਊਯਾਰਕ ਵਿਚ ਅਮਰੀਕੀ ਫੌਜਾਂ ਨੂੰ ਭੜਕਾਉਣ ਦਾ ਦੋਸ਼ ਲਗਾਇਆ ਗਿਆ ਹੈ। ਅਮਰੀਕੀ ਵਿਦੇਸ਼ ਵਿਭਾਗ ਨੇ ਸੋਸ਼ਲ ਮੀਡੀਆ ਰਾਹੀਂ ਇਹ ਐਲਾਨ ਕੀਤਾ, ਜਿਸ ਵਿਚ ਕਿਹਾ ਗਿਆ ਹੈ ਕਿ ਕੋਲੰਬੀਆ ਦੇ ਰਾਸ਼ਟਰਪਤੀ ਗੁਸਤਾਵੋ ਪੈਟਰੋ ਅਮਰੀਕੀ ਫੌਜਾਂ ਨੂੰ ਭੜਕਾ ਰਹੇ ਸਨ।

ਵਿਦੇਸ਼ ਵਿਭਾਗ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਲਿਖਿਆ, "ਕੋਲੰਬੀਆ ਦੇ ਰਾਸ਼ਟਰਪਤੀ (ਗੁਸਤਾਵੋ ਪੈਟਰੋ) ਨਿਊਯਾਰਕ ਸ਼ਹਿਰ ਵਿਚ ਇੱਕ ਸੜਕ 'ਤੇ ਖੜ੍ਹੇ ਸਨ ਅਤੇ ਅਮਰੀਕੀ ਫੌਜਾਂ ਨੂੰ ਆਦੇਸ਼ਾਂ ਦੀ ਉਲੰਘਣਾ ਕਰਨ ਅਤੇ ਹਿੰਸਾ ਭੜਕਾਉਣ ਲਈ ਕਹਿ ਰਹੇ ਸਨ।" ਅਸੀਂ ਉਨ੍ਹਾਂ ਦੀਆਂ ਲਾਪ੍ਰਵਾਹੀ ਅਤੇ ਭੜਕਾਊ ਕਾਰਵਾਈਆਂ ਕਾਰਨ ਪੈਟਰੋ ਦਾ ਵੀਜ਼ਾ ਰੱਦ ਕਰ ਦੇਵਾਂਗੇ।' ਪੈਟਰੋ ਨੇ ਅੱਗੇ ਕਿਹਾ ਕਿ ਉਹ ਨਿਊਯਾਰਕ ਵਿਚ ਸਾਰੇ ਸੰਯੁਕਤ ਰਾਜ ਦੇ ਫੌਜੀ ਕਰਮਚਾਰੀਆਂ ਨੂੰ ਅਪੀਲ ਕਰਦੇ ਹਨ ਕਿ ਉਹ ਆਪਣੀਆਂ ਰਾਈਫਲਾਂ ਮਨੁੱਖਤਾ ਵੱਲ ਨਾ ਚੁੱਕਣ ਅਤੇ ਟਰੰਪ ਦੇ ਆਦੇਸ਼ਾਂ ਦੀ ਉਲੰਘਣਾ ਕਰਨ! ਮਨੁੱਖਤਾ ਦੇ ਆਦੇਸ਼ਾਂ ਦੀ ਪਾਲਣਾ ਕਰਨ। ਪੈਟਰੋ ਸੰਯੁਕਤ ਰਾਸ਼ਟਰ ਮਹਾਸਭਾ ਲਈ ਨਿਊਯਾਰਕ ਵਿਚ ਸੀ, ਜਿੱਥੇ ਉਸਨੇ ਟਰੰਪ ਪ੍ਰਸ਼ਾਸਨ ਦੀ ਸਖ਼ਤ ਆਲੋਚਨਾ ਕੀਤੀ ਅਤੇ ਆਪਣੇ ਸੰਬੋਧਨ ਵਿਚ ਕੈਰੇਬੀਅਨ ਵਿਚ ਕਥਿਤ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੀਆਂ ਕਿਸ਼ਤੀਆਂ 'ਤੇ ਹਾਲ ਹੀ ਵਿਚ ਅਮਰੀਕੀ ਹਮਲਿਆਂ ਦੀ ਅਪਰਾਧਿਕ ਜਾਂਚ ਦੀ ਮੰਗ ਕੀਤੀ। ਪੈਟਰੋ ਨੇ ਕਿਹਾ ਕਿ ਹਮਲਿਆਂ ਵਿਚ ਲਗਭਗ ਇੱਕ ਦਰਜਨ ਨਿਹੱਥੇ, ਗਰੀਬ ਨੌਜਵਾਨ ਮਾਰੇ ਗਏ ਸਨ। ਹਾਲਾਂਕਿ, ਵਾਸ਼ਿੰਗਟਨ ਦਾ ਕਹਿਣਾ ਹੈ ਕਿ ਇਹ ਕਾਰਵਾਈਆਂ ਵੈਨੇਜ਼ੁਏਲਾ ਦੇ ਤੱਟ ਤੋਂ ਬਾਹਰ ਅਮਰੀਕੀ ਨਸ਼ੀਲੇ ਪਦਾਰਥ ਵਿਰੋਧੀ ਮੁਹਿੰਮ ਦਾ ਹਿੱਸਾ ਹਨ। ਟਰੰਪ ਨੇ ਦੱਖਣੀ ਕੈਰੇਬੀਅਨ ਵਿਚ ਅੱਠ ਜੰਗੀ ਜਹਾਜ਼ ਅਤੇ ਇੱਕ ਪਣਡੁੱਬੀ ਭੇਜੀ ਹੈ, ਜੋ ਕਿ ਹਾਲ ਹੀ ਦੇ ਸਾਲਾਂ ਵਿਚ ਸਭ ਤੋਂ ਵੱਡੀ ਅਮਰੀਕੀ ਤਾਇਨਾਤੀ ਹੈ। ਪੈਟਰੋ ਨੇ ਕਿਹਾ ਕਿ ਉਨ੍ਹਾਂ ਨੂੰ ਸ਼ੱਕ ਹੈ ਕਿ ਅਮਰੀਕੀ ਕਿਸ਼ਤੀਆਂ ਦੇ ਹਮਲਿਆਂ ਵਿੱਚ ਮਾਰੇ ਗਏ ਕੁਝ ਲੋਕ ਕੋਲੰਬੀਆ ਦੇ ਸਨ। ਪਿਛਲੇ ਹਫ਼ਤੇ ਟਰੰਪ ਪ੍ਰਸ਼ਾਸਨ ਨੇ ਨਸ਼ਿਆਂ ਵਿਰੁੱਧ ਲੜਾਈ ਵਿਚ ਕੋਲੰਬੀਆ ਦੀ ਸਹਿਯੋਗੀ ਵਜੋਂ ਮਾਨਤਾ ਨੂੰ ਰੱਦ ਕਰ ਦਿੱਤਾ, ਪਰ ਆਰਥਿਕ ਪਾਬੰਦੀਆਂ ਲਗਾਉਣ ਤੋਂ ਪਰਹੇਜ਼ ਕੀਤਾ। ਦੇਸ਼ ਇਤਿਹਾਸਕ ਤੌਰ 'ਤੇ ਸਹਿਯੋਗੀ ਰਹੇ ਹਨ, ਪਰ ਕੋਲੰਬੀਆ ਦੇ ਸਾਬਕਾ ਖੱਬੇਪੱਖੀ ਨੇਤਾ, ਪੈਟਰੋ ਦੇ ਸ਼ਾਸਨ ਅਧੀਨ ਉਨ੍ਹਾਂ ਦੇ ਸਬੰਧ ਵਿਗੜ ਗਏ। ਇਸਦੇ ਗ੍ਰਹਿ ਮੰਤਰੀ, ਅਰਮਾਂਡੋ ਬੇਨੇਡੇਟੀ ਨੇ ਸ਼ੁੱਕਰਵਾਰ ਰਾਤ ਨੂੰ ਐਕਸ 'ਤੇ ਲਿਖਿਆ ਕਿ ਪੈਟਰੋ ਦੀ ਬਜਾਏ ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦਾ ਵੀਜ਼ਾ ਰੱਦ ਕਰ ਦਿੱਤਾ ਜਾਣਾ ਚਾਹੀਦਾ ਸੀ।

# ਸੀਨੀਅਰ ਆਈ.ਪੀ.ਐੱਸ. ਅਧਿਕਾਰੀ ਹਰਪ੍ਰੀਤ ਸਿੰਘ ਸਿੱਧੂ ਨੂੰ ਪੰਜਾਬ ਵਾਪਸ ਭੇਜਿਆ

**ਚੰਡੀਗੜ੍ਹ, (ਪੰਜਾਬ ਮੇਲ)**- ਡੀ.ਜੀ.ਪੀ. ਹਰਪ੍ਰੀਤ ਸਿੰਘ ਸਿੱਧੂ (1992-ਬੈਚ ਦੇ ਆਈ.ਪੀ.ਐੱਸ. ਅਧਿਕਾਰੀ) ਨੂੰ ਪੰਜਾਬ ਵਾਪਸ ਭੇਜਣ ਨਾਲ ਪੁਲਿਸ ਡਾਇਰੈਕਟਰ ਜਨਰਲ (ਰਾਜ ਫੋਰਸ ਦੇ ਮੁਖੀ) ਦੇ ਅਹੁਦੇ ਬਾਰੇ ਕਿਆਸ-ਅਰਾਈਆਂ ਨੇ ਜ਼ੋਰ ਫੜ ਲਿਆ ਹੈ। ਡੀ.ਜੀ.ਪੀ. ਸਿੱਧੂ ਨੇ ਵਾਪਸੀ ਲਈ ਅਪੀਲ ਕੀਤੀ ਸੀ। ਜਾਰੀ ਕੀਤੇ ਗਏ ਇਕ ਹੁਕਮ ਵਿਚ ਕਿਹਾ ਗਿਆ ਹੈ, "ਹਰਪ੍ਰੀਤ ਸਿੰਘ ਸਿੱਧੂ, ਆਈ.ਪੀ.ਐੱਸ. (ਪੀ.ਬੀ. :1992), ਜੋ ਕਿ ਆਈ.ਟੀ.ਬੀ.ਪੀ. ਦੇ ਐਡੀਸ਼ਨਲ ਡਾਇਰੈਕਟਰ ਜਨਰਲ (ਏ.ਡੀ.ਜੀ.) ਵਜੋਂ ਤਾਇਨਾਤ ਸਨ, ਨੂੰ ਉਨ੍ਹਾਂ ਦੇ ਮੂਲ ਕੇਡਰ ਵਿਚ ਸਮੇਂ ਤੋਂ ਪਹਿਲਾਂ ਵਾਪਸ ਭੇਜਿਆ ਜਾ ਰਿਹਾ ਹੈ।" ਗ੍ਰਹਿ ਮੰਤਰਾਲੇ ਨੇ ਹੁਕਮ ਜਾਰੀ ਕਰਦਿਆਂ ਕਿਹਾ, "ਹਰਪ੍ਰੀਤ ਸਿੰਘ ਸਿੱਧੂ, ਆਈ.ਪੀ.ਐੱਸ. (ਪੀ.ਬੀ :1992), ਐਡੀਸ਼ਨਲ ਡਾਇਰੈਕਟਰ ਜਨਰਲ, ਇੰਡੋ-ਤਿੱਬਤੀਅਨ ਬਾਰਡਰ ਪੁਲਿਸ (ਆਈ.ਟੀ.ਬੀ.ਪੀ.) ਨੂੰ ਉਨ੍ਹਾਂ ਦੀ ਆਪਣੀ ਅਪੀਲ 'ਤੇ ਮੂਲ ਕੇਡਰ ਵਿਚ ਸਮੇਂ ਤੋਂ ਪਹਿਲਾਂ ਵਾਪਸ ਭੇਜਣ ਲਈ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਤੁਰੰਤ ਪ੍ਰਭਾਵ ਨਾਲ ਆਈ.ਪੀ.ਐੱਸ. ਕਾਰਜਕਾਲ ਨੀਤੀ ਦੇ ਪੈਰਾ-14.1 ਦੇ ਉਪਬੰਧਾਂ ਤਹਿਤ ਦੇਣ ਦਾ ਨਿਰਦੇਸ਼ ਦਿੱਤਾ ਗਿਆ ਹੈ।"

# ਭਾਰਤੀ ਸੰਸਕ੍ਰਿਤੀ ਵਿਚ ਦੁਸ਼ਹਿਰਾ

-ਡਾਕਟਰ ਅਮਰਜੀਤ ਟਾਂਡਾ
ਸੰਪਰਕ 61-417271147
ਪੰਜਾਬ ਮੇਲ USA



ਦੁਸ਼ਹਿਰਾ ਭਾਰਤੀ ਸੰਸਕ੍ਰਿਤੀ ਵਿਚ ਬਹੁਤ ਹੀ ਮਹੱਤਵਪੂਰਣ ਤਿਉਹਾਰ ਹੈ, ਜੋ ਧਰਮ ਅਤੇ ਸੱਚ ਦੀ ਜਿੱਤ ਦਾ ਪ੍ਰਤੀਕ ਮੰਨਿਆ ਜਾਂਦਾ ਹੈ।

ਇਹ ਤਿਉਹਾਰ ਨੌ ਰਾਤਾਂ ਦੇ ਨਵਰਾਤਰੀ ਉਤਸਵ ਤੋਂ ਬਾਅਦ ਮਨਾਇਆ ਜਾਂਦਾ ਹੈ ਅਤੇ ਰਾਵਣ, ਕੁੰਭਕਰਨ ਅਤੇ ਮੇਘਨਾਥ ਦੇ ਦਾਹ-ਵਧਾ ਰੂਪ ਵਿਚ ਪ੍ਰਕਾਸ਼ਤ ਹੁੰਦਾ ਹੈ।

## ਅੰਤ ਵਿਚ ਜਿੱਤ ਹਮੇਸ਼ਾ ਸੱਚ ਅਤੇ ਨੇਕੀ ਦੀ ਹੁੰਦੀ ਹੈ।

ਦੁਸ਼ਹਿਰੇ ਦੀ ਮਹਾਨਤਾ ਇਹ ਤਿਉਹਾਰ ਸੱਚ ਦੇ ਅਸਲ ਸ਼ਕਤੀਸ਼ਾਲੀ ਹੋਣ ਦਾ ਪ੍ਰਤੀਕ ਹੈ। ਰਾਵਣ ਦੀ ਨਾਸੀ ਹੋਣ ਨਾਲ ਇਹ ਸੰਦੇਸ਼ ਮਿਲਦਾ ਹੈ ਕਿ ਬੁਰਾਈ ਚਾਹੇ ਕਿੰਨੀ ਵੀ ਵੱਡੀ ਕਿਉਂ ਨਾ ਹੋਵੇ, ਨਾਮਾਤਰ ਹੀ ਟਿਕ ਸਕਦੀ ਹੈ। ਇਹ ਤਿਉਹਾਰ ਭਰੋਸਾ ਦਿਵਾਉਂਦਾ ਹੈ ਕਿ ਮਨੁੱਖ ਨੂੰ ਆਪਣੇ ਜੀਵਨ ਵਿਚ ਰਾਮ ਦੇ ਗੁਣਾਂ ਨੂੰ ਧਾਰਨ ਕਰਦੇ ਹੋਏ ਅਧਰਮ ਵਿਰੁੱਧ ਅਡੋਲ ਰਹਿਣਾ ਚਾਹੀਦਾ ਹੈ। ਦੁਸ਼ਹਿਰਾ ਸਿਰਫ ਧਾਰਮਿਕ ਦ੍ਰਿਸ਼ਟੀ ਤੋਂ ਹੀ ਨਹੀਂ, ਸਗੋਂ ਸਮਾਜਿਕ ਪ੍ਰੇਰਣਾ ਦੇ ਅੰਗ ਵਜੋਂ ਵੀ ਮਹਾਨਤਾ ਰੱਖਦਾ ਹੈ। ਲੋਕ ਇਕੱਠੇ ਹੁੰਦੇ ਹਨ ਅਤੇ ਨੇਕੀ ਦੀ ਮਹਾਨਤਾ ਨੂੰ ਯਾਦ ਕਰਦੇ ਹਨ।

**ਮੇਲੇ ਦੀ ਰੌਣਕ :** ਦੁਸ਼ਹਿਰੇ ਦੇ ਦਿਨ ਸ਼ਹਿਰਾਂ ਅਤੇ ਪਿੰਡਾਂ ਵਿਚ ਵੱਡੇ ਮੇਲੇ ਲੱਗਦੇ ਹਨ। ਇਹ ਮੇਲੇ ਲੋਕਾਂ ਨੂੰ ਮਿਲਾਪ, ਪ੍ਰੇਮ ਅਤੇ ਖੁਸ਼ੀ ਦੇ ਰੰਗਾਂ ਵਿਚ ਰੰਗ ਦਿੰਦੇ ਹਨ। ਮੇਲਿਆਂ ਵਿਚ ਰਾਮਲੀਲਾ ਦੇ ਦ੍ਰਿਸ਼ ਦਰਸ਼ਕਾਂ ਨੂੰ ਇਤਿਹਾਸ ਤੇ ਧਰਮ ਨਾਲ ਜੋੜਦੇ ਹਨ। ਰਾਮ ਤੇ ਰਾਵਣ ਦੀ ਕਥਾਵਾਂ ਦਾ ਰੰਗਮੰਚੀ ਪ੍ਰਦਰਸ਼ਨ ਆਤਮਿਕਤਾ ਨੂੰ ਉੱਚਾ ਕਰਦਾ ਹੈ। ਵੱਡੇ ਪੰਡਾਲਾਂ ਵਿਚ ਰਾਵਣ, ਕੁੰਭਕਰਨ ਅਤੇ ਮੇਘਨਾਥ ਦੇ ਪੁਤਲੇ ਤਿਆਰ ਕੀਤੇ ਜਾਂਦੇ ਹਨ, ਜੋ ਸ਼ਾਮ ਦੇ ਸਮੇਂ ਅੱਗ ਨਾਲ ਦਾਹ ਕਰੇ ਜਾਂਦੇ ਹਨ। ਇਸ ਅੱਗ ਦੇ ਸੁੰਦਰ ਦ੍ਰਿਸ਼ਾਂ ਨਾਲ ਹਰ ਹਿਰਦਾ ਪ੍ਰਕਾਸ਼ਿਤ ਹੋ ਜਾਂਦਾ ਹੈ। ਮੇਲੇ ਵਿਚ ਬੱਚਿਆਂ ਲਈ ਖਿਲੌਣੇ, ਝੂਲੇ, ਮਿਠਾਈਆਂ ਅਤੇ ਚਟਪਟੇ ਖਾਣੇ ਬਾਜ਼ਾਰਾਂ ਦੀ ਸੁਹੱਪਣਤਾ ਵਧਾਉਂਦੇ ਹਨ। ਲੋਕ ਗੀਤ, ਨਾਚ-ਗਾਣੇ ਅਤੇ ਲੋਕ ਧੁਨੀਆਂ ਮੇਲੇ ਨੂੰ ਖੁਸ਼ੀ, ਮਿਲਾਪ ਅਤੇ ਸਾਂਝ ਦੇ ਰੰਗਾਂ ਨਾਲ ਭਰ ਦਿੰਦੀਆਂ ਹਨ।



ਦੁਸ਼ਹਿਰਾ ਸਾਨੂੰ ਇਹ ਪਾਠ ਪੜ੍ਹਾਉਂਦਾ ਹੈ ਕਿ ਜੀਵਨ ਵਿਚ ਅਹੰਕਾਰ, ਕਾਮ, ਕ੍ਰੋਧ ਅਤੇ ਲਾਲਚ ਵਰਗੀਆਂ ਬੁਰਾਈਆਂ ਦਾ ਅੰਤ ਕਰਨਾ ਜ਼ਰੂਰੀ ਹੈ। ਜਿਵੇਂ ਰਾਵਣ ਦੇ ਕੁੰਭਕਰਨੀ ਹਾਸਲ ਤਾਕਤਾਂ ਦਾ ਨਾਸ ਹੋਇਆ, ਓਸੇ ਤਰ੍ਹਾਂ ਮਨੁੱਖ ਨੂੰ ਅੰਦਰਲੀਆਂ ਬੁਰਾਈਆਂ ਨੂੰ ਜਲਾ ਕੇ ਸੁੱਚੇ ਮਨ ਨਾਲ ਅੱਗੇ ਵਧਣਾ ਚਾਹੀਦਾ ਹੈ।

## ਮੇਲੇ ਦੀਆਂ ਰੌਣਕਾਂ ਸਮਾਜਿਕ ਏਕਤਾ ਅਤੇ ਸਾਂਝ ਨੂੰ ਮਜ਼ਬੂਤ ਕਰਦੀਆਂ ਹਨ

ਅਹੰਕਾਰ, ਕ੍ਰੋਧ ਅਤੇ ਅਧਰਮ ਹਮੇਸ਼ਾਂ ਹੀ ਹਾਰਦਾ ਹੈ, ਜਦਕਿ ਨੇਕੀ, ਸੱਚਾਈ ਅਤੇ ਧਰਮ ਦੀ ਕਦਰ ਅਬਾਦ ਰਹਿੰਦੀ ਹੈ। ਮਹਾਨਤਾ ਦੀ ਪ੍ਰਤੀਕਤਾ ਦੁਸ਼ਹਿਰੇ ਦੀ ਮਹਾਨਤਾ ਸਿਰਫ ਧਾਰਮਿਕ ਪੱਖੀ ਨਹੀਂ, ਸਗੋਂ ਆਤਮਿਕ ਅਤੇ ਸਮਾਜਿਕ ਪੱਧਰ 'ਤੇ ਵੀ ਵਿਸ਼ਾਲ ਹੈ। ਇਹ ਸਾਨੂੰ ਰਾਮ ਦੇ ਜੀਵਨ-ਗੁਣਾਂ ਨੂੰ ਅਪਣਾਉਣ ਦਾ ਸੰਦੇਸ਼ ਦਿੰਦਾ ਹੈ — ਸਬਰ, ਧੀਰਜ, ਇਨਸਾਫ ਅਤੇ ਸੱਚਾਈ। ਇਹ ਹਿੰਮਤ ਦਿਲਾਂ ਵਿਚ ਭਰਦਾ ਹੈ ਕਿ ਜੇ ਮਨੁੱਖ ਅਡੋਲ ਹੋ ਕੇ ਨੇਕੀ ਦਾ ਸਾਥ ਦਿੰਦਾ ਹੈ, ਤਾਂ ਕਦੇ ਨਾ ਕਦੇ ਉਸ ਦੀ ਜਿੱਤ ਯਕੀਨੀ ਹੈ। ਦੁਸ਼ਹਿਰਾ ਸਾਂਝੀ ਸੰਸਕ੍ਰਿਤੀ ਦਾ ਇਕ ਸੁੰਦਰ ਰੂਪ ਹੈ, ਜਿੱਥੇ ਹਜ਼ਾਰਾਂ ਲੋਕਾਂ ਦੀ ਭੀੜ ਇਕ-ਦੂਜੇ ਦੇ ਨਾਲ ਖੁਸ਼ੀ ਮਨਾ ਕੇ ਏਕਤਾ ਦੀ ਝਲਕ ਪੇਸ਼ ਕਰਦੀ ਹੈ। ਮੇਲੇ ਦੀ ਰੌਣਕ ਜਦੋਂ ਦੁਸ਼ਹਿਰੇ ਦਾ ਮੇਲਾ ਸਜਦਾ ਹੈ, ਸਾਰਾ ਮਾਹੌਲ ਖੁਸ਼ੀ ਅਤੇ ਉਤਸ਼ਾਹ ਨਾਲ ਚਮਕ ਉਠਦਾ ਹੈ। ਰੰਗ-ਬਿਰੰਗੀ ਰੌਸ਼ਨੀ ਨਾਲ ਸਜੇ ਪੰਡਾਲ, ਮੇਲੇ ਵਿਚ ਵੱਜਦੀ ਲੋਕਧੁਨੀਆਂ ਅਤੇ ਰਾਮਲੀਲਾ ਦੇ ਰੰਗਮੰਚੀ ਦ੍ਰਿਸ਼ ਦਰਸ਼ਕਾਂ ਨੂੰ ਆਤਮਿਕ ਉੱਚਾਈ 'ਤੇ ਲੈ ਜਾਂਦੇ ਹਨ। ਬੱਚਿਆਂ ਦੀ ਖੁਸ਼ੀ ਖਿਲੌਣਿਆਂ, ਝੂਲਿਆਂ ਅਤੇ ਮਿਠਾਈਆਂ ਨਾਲ ਚਾਰ ਚੰਦ ਲਗਾ ਦਿੰਦੀ ਹੈ।

ਸਭ ਤੋਂ ਸੋਹਣਾ ਪਲ ਉਹ ਹੁੰਦਾ ਹੈ, ਜਦੋਂ ਸ਼ਾਮ ਦੇ ਅੰਧਕਾਰ ਵਿਚ ਰਾਵਣ, ਕੁੰਭਕਰਨ ਅਤੇ ਮੇਘਨਾਥ ਦੇ ਪੁਤਲੇ ਜਲਾਏ ਜਾਂਦੇ ਹਨ ਤੇ ਅੱਗ ਦੇ ਸ਼ੋਲਿਆਂ ਨਾਲ ਨੀਲਾ ਅਸਮਾਨ ਰੌਸ਼ਨ ਹੋ ਜਾਂਦਾ ਹੈ। ਇਹ ਨਜ਼ਾਰਾ ਜਿਵੇਂ ਸਾਡੇ ਮਨ ਦੇ ਅੰਦਰ ਬੈਠੀਆਂ ਬੁਰਾਈਆਂ ਨੂੰ ਵੀ ਸਾੜ ਕੇ ਖਤਮ ਕਰਦਾ ਹੈ। ਦੁਸ਼ਹਿਰਾ ਕੇਵਲ ਇਕ ਤਿਉਹਾਰ ਨਹੀਂ, ਇਕ ਪ੍ਰੇਰਕ ਪ੍ਰਤੀਕ ਹੈ, ਜੋ ਸਾਨੂੰ ਜੀਵਨ ਵਿਚ ਹੌਂਸਲੇ ਨਾਲ ਅੱਗੇ ਵਧਣ ਅਤੇ ਸੱਚ ਦਾ ਸਾਥ ਨਾ ਛੱਡਣ ਦੀ ਸਿੱਖਿਆ ਦਿੰਦਾ ਹੈ। ਮੇਲੇ ਦੀਆਂ ਚਮਕਦਾਰ ਰੌਸ਼ਨੀਆਂ, ਮਿਲਾਪ ਦੇ ਪਲ ਅਤੇ ਸਾਂਝੀ ਪਿਆਰ ਦੀ ਮਾਹੌਲ ਮਨੁੱਖਤਾ ਨੂੰ ਹੋਰ ਮਜ਼ਬੂਤ ਕਰਦੇ ਹਨ।

# PUNJAB MAIL USA

## TV Channel, Newspaper, Radio

## All over America, Canada, Australia & Europe

### All over America, Canada, Australia & Europe

24 Hours 7 Days

- IP TV (24 Hours)
- App: Punjab Mail USA (24 Hours)
  Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

*Gold # 2867, Gem # 375, TV Zon # 6888, Glow TV # 1828, Tashan # 131, Real TV etc.*

*For any Information & Advertisement Call at*

**+1-916-320-9444**



# ਇਨਸਾਫ਼ ਦੀ ਝਾਕ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA



ਦੁਨੀਆਂ, ਦੇਸ਼ ਭਾਰਤ ਨੂੰ, ਇਥੋਂ ਦੇ ਕਾਨੂੰਨ, ਸਰਕਾਰੀ ਕੰਮਾਂ ਅਤੇ ਲੋਕਾਂ ਨਾਲ ਸਮਾਜਿਕ ਵਿਵਹਾਰ ਦੀਆਂ ਐਨਕਾਂ ਨਾਲ ਵੇਖਦੀ, ਪਰਖਦੀ ਹੈ। ਅਸੀਂ, ਭਾਵੇਂ ਖ਼ੁਦ ਨੂੰ ਲੱਖ ਧਰਮ ਨਿਰਪੱਖਤਾ ਦੇ ਅਲੰਬਰਦਾਰ ਗਰਦਾਨਦੇ ਰਹੀਏ, ਪਰ ਪਿਛਲੇ ਦਹਾਕੇ 'ਚ ਹਾਕਮਾਂ ਵੱਲੋਂ ਕੀਤੇ ਕਾਰਜਾਂ, ਪਾਸ ਕੀਤੇ ਕਾਨੂੰਨਾਂ ਅਤੇ ਘੱਟ ਗਿਣਤੀਆਂ ਨਾਲ ਹੋ ਰਹੇ ਵਿਵਹਾਰ ਕਾਰਨ ਦੁਨੀਆਂ ਭਾਰਤ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਣ ਲੱਗੀ ਹੈ ਅਤੇ ਸ਼ੰਕਾ ਜਿਤਾਉਣ ਲੱਗੀ ਹੈ ਕਿ ਦੇਸ਼ ਭਾਰਤ ਹੁਣ ਨਾ ਤਾਂ ਧਰਮ ਨਿਰਪੱਖ ਰਿਹਾ ਹੈ, ਨਾ ਹੀ ਲੋਕਤੰਤਰ। ਪਿਛਲੇ ਦਿਨੀਂ ਸਰਕਾਰ ਵੱਲੋਂ ਪਾਸ ਕਰਵਾਏ ਵਕਫ (ਸੋਧ) ਕਾਨੂੰਨ ਦੇ ਪਾਸ ਹੋਣ ਨਾਲ ਦੁਨੀਆਂ ਭਰ 'ਚ ਇਹ ਰਾਏ ਪੱਕੀ ਹੋਈ ਹੈ ਅਤੇ ਦੇਸ਼ ਦਾ ਅਕਸ ਡਾਲਰ ਦੇ ਮੁਕਾਬਲੇ ਰੁਪਏ ਦਾ ਮੁੱਲ ਡਿੱਗਣ ਵਾਂਗਰ ਡਿਗਿਆ ਹੈ।

ਦੇਸ਼ 'ਚ ਇਸ ਵੇਲੇ ਇੱਕ ਅੰਦਾਜ਼ੇ ਮੁਤਾਬਕ 20.2 ਕਰੋੜ ਇਸਲਾਮ ਧਰਮ ਨੂੰ ਮੰਨਣ ਵਾਲੇ ਲੋਕ ਹਨ ਅਤੇ ਦੁਨੀਆਂ ਭਰ 'ਚ ਇਸਲਾਮ ਧਰਮ ਨੂੰ ਮੰਨਣ ਵਾਲਿਆਂ ਦੀ ਗਿਣਤੀ ਸਭ ਤੋਂ ਵੱਧ ਹੈ। ਵਕਫ (ਸੋਧ) ਦੇ ਮਾਮਲੇ 'ਤੇ ਭਾਵੇਂ ਦੇਸ਼ ਦੀ ਸੁਪਰੀਮ ਕੋਰਟ ਨੇ ਵਕਫ/ਸੋਧ ਦੇ ਪ੍ਰਮੁੱਖ ਸੈਕਸ਼ਨਾਂ ਉਤੇ ਰੋਕ ਲਗਾ ਦਿੱਤੀ ਹੈ, ਪਰ ਕੀ ਕੇਂਦਰ ਸਰਕਾਰ ਨੇ ਇਸ ਤੋਂ ਨਸੀਹਤ ਲਈ ਹੈ ਜਾਂ ਲਵੇਗੀ? ਅਤੇ ਦੇਸ਼ ਦੇ ਧਰਮ ਨਿਰਪੱਖਤਾ ਦੇ ਅਕਸ ਨੂੰ ਲੱਗ ਰਹੀ ਢਾਅ ਨੂੰ ਰੋਕੇਗੀ? ਜਾਪਦਾ ਹੈ ਕਿ ਨਹੀਂ, ਕਿਉਂਕਿ 15 ਸਤੰਬਰ 2025 ਨੂੰ ਜਦੋਂ ਸੁਪਰੀਮ ਕੋਰਟ ਨੇ ਵਕਫ/ਸੋਧ ਬਿੱਲ 2025 ਦੇ ਪ੍ਰਮੁੱਖ ਸੈਕਸ਼ਨਾਂ ਉਤੇ ਰੋਕ ਲਗਾ ਦਿੱਤੀ, ਤਾਂ ਸਰਕਾਰ ਨੇ ਪੂਰਾ ਹੌਂਸਲਾ ਵਿਖਾਇਆ ਅਤੇ ਖ਼ੁਦ ਨੂੰ ਵਧਾਈ ਦਿੱਤੀ ਕਿ ਅਦਾਲਤ ਨੇ ਮੁਸਲਿਮ ਪਰਸਨਲ ਲਾਅ ਦੇ ਇੱਕ ਪ੍ਰਮੁੱਖ ਅੰਗ ਵਿਚ 'ਸੁਧਾਰ' ਦੇ ਸਰਕਾਰ ਦੇ ਯਤਨਾਂ ਦਾ ਸਮਰਥਨ ਕੀਤਾ ਹੈ। ਇਹ ਸਰਕਾਰ ਦੀ ਘੱਟ ਗਿਣਤੀਆਂ ਪ੍ਰਤੀ ਰਵੱਈਏ ਅਤੇ ਉਨ੍ਹਾਂ ਦੇ ਨਾਲ ਹੋ ਰਹੇ ਬੇਇਨਸਾਫ਼ੀ ਦੀ ਸਪੱਸ਼ਟ ਮਿਸਾਲ ਹੈ।

ਪਿਛਲੇ ਦਿਨੀਂ ਦੇਸ਼ ਦੇ ਇੱਕ ਪ੍ਰਮੁੱਖ ਅਖ਼ਬਾਰ ਇੰਡੀਅਨ ਐਕਸਪ੍ਰੈੱਸ ਨੇ ਸਾਬਤ ਕੀਤਾ ਕਿ ਸੰਨ-2020 ਵਿਚ ਜੋ ਦਿੱਲੀ ਦੰਗੇ ਹੋਏ ਸਨ, ਉਸ ਤੋਂ ਬਾਅਦ ਜਿਹੜੇ ਲੋਕ ਫੜੇ ਗਏ ਸਨ, ਉਨ੍ਹਾਂ ਦਾ ਇਨ੍ਹਾਂ ਦੰਗਿਆਂ ਨਾਲ ਕੋਈ ਵਾਸਤਾ ਨਹੀਂ ਸੀ। ਕਈ ਲੋਕ ਇਹ ਮੰਨਦੇ ਹਨ ਕਿ ਇਹੀ ਕਾਰਨ ਹੈ ਕਿ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀ ਉਮਰ ਖਾਲਿਦ ਨੂੰ ਪੰਜ ਸਾਲ ਜੇਲ੍ਹ ਵਿਚ ਰੱਖਣ ਦੇ ਬਾਅਦ ਵੀ ਉਸ ਉਤੇ ਕੋਈ ਮੁਕੱਦਮਾ ਸ਼ੁਰੂ ਨਹੀਂ ਹੋਇਆ। ਜਦੋਂ ਮੁਕੱਦਮਾ ਬਣਨ ਜੋਗਾ ਸਬੂਤ ਹੀ ਕੋਈ ਨਾ ਹੋਵੇ, ਤਾਂ ਅਕਸਰ ਮਾਮਲਾ ਇਸ ਤਰ੍ਹਾਂ ਲਟਕਾਇਆ ਜਾਂਦਾ ਹੈ ਅਤੇ ਇਸਨੂੰ ਕਿਹਾ ਜਾਂਦਾ ਹੈ ਕਿ ਸਜ਼ਾ ਦੇਣ ਦੀ ਪ੍ਰਕਿਰਿਆ ਹੀ ਸਜ਼ਾ ਬਣ ਜਾਂਦੀ ਹੈ।

ਉਮਰ ਖਾਲਿਦ ਜਿਹੇ ਦੇਸ਼ ਭਰ ਦੀਆਂ ਜੇਲ੍ਹਾਂ 'ਚ ਬੰਦ 75 ਫ਼ੀਸਦੀ ਇਹੋ ਜਿਹੇ ਕੈਦੀ ਹਨ, ਜਿਨ੍ਹਾਂ ਉਤੇ ਮੁਕੱਦਮਾ ਚਲਾਇਆ ਹੀ ਨਹੀਂ ਗਿਆ। ਜੇਲ੍ਹਾਂ 'ਚ ਕੁੱਲ 5,73,220 ਕੈਦੀ ਹਨ ਅਤੇ ਉਨ੍ਹਾਂ ਵਿਚੋਂ 4,34,302 ਅੰਡਰ ਟਰਾਇਲ ਹਨ।

ਉਮਰ ਖਾਲਿਦ ਅਤੇ ਉਸ ਦੇ ਕੁਝ ਸਾਥੀਆਂ ਨੂੰ ਦਿੱਲੀ ਦੰਗਿਆ ਵੇਲੇ ਫੜਿਆ ਗਿਆ, ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਦਰਜ਼ਨਾਂ ਭਰ ਸਿੱਖ ਕੈਦੀ ਜੇਲ੍ਹਾਂ ਵਿਚ ਇਹੋ ਜਿਹੇ ਡੱਕੇ ਹੋਏ ਹਨ, ਜਿਨ੍ਹਾਂ ਨੇ ਆਪਣੀਆਂ ਸਜ਼ਾਵਾਂ ਵੀ ਪੂਰੀਆਂ ਕਰ ਲਈਆਂ ਹਨ, ਮੁਕੱਦਮਿਆਂ ਵਿਚੋਂ ਵੀ ਬਰੀ ਹੋ ਚੁੱਕੇ ਹਨ। ਪਰ ਹਾਕਮਾਂ ਦੀ ਹੱਠ ਧਰਮੀ ਵੇਖੋ, ਸ਼ੰਕਿਆਂ ਕਾਰਨ ਉਨ੍ਹਾਂ ਨੂੰ ਜੇਲ੍ਹ 'ਚ ਡੱਕਿਆ ਹੋਇਆ ਹੈ। ਕੀ ਇਹ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨਹੀਂ ਹੈ? ਸਿੱਟਾ, ਭਾਰਤ ਦੇਸ਼ ਦਾ ਨਾਮ ਮਨੁੱਖੀ ਅਧਿਕਾਰਾਂ ਦੀ ਰਾਖੀ ਦੇ ਮਾਮਲੇ 'ਚ ਨਿਵਾਣਾ ਵੱਲ ਗਿਆ ਹੈ। ਸੈਂਕੜਿਆਂ ਦੀ ਗਿਣਤੀ 'ਚ ਪੱਤਰਕਾਰ, ਲੇਖਕ, ਬੁੱਧੀਜੀਵੀ, ਜੇਲ੍ਹਾਂ ਦੀਆਂ ਸਲਾਖਾਂ 'ਚ ਹਨ। ਇਨ੍ਹਾਂ 'ਚ ਵਾਧਾ ਹਾਕਮ ਧਿਰ ਦੇ ਖਿਲਾਫ਼ ਵਿਰੋਧੀ ਵਿਚਾਰ ਰੱਖਣ ਵਾਲੇ ਸਿਆਸੀ ਆਗੂਆਂ ਦਾ ਵੀ ਹੈ, ਜਿਹੜੇ ਈ.ਡੀ., ਸੀ.ਬੀ.ਆਈ. ਇਨਕਮ ਟੈਕਸ ਅਤੇ ਹੋਰ ਖੁਦਮੁਖਤਾਰ ਸੰਸਥਾਵਾਂ (ਜਿਨ੍ਹਾਂ ਨੂੰ ਸਰਕਾਰ ਨੇ ਆਪਣਾ ਤੰਤਰ ਹੀ ਬਣਾ ਲਿਆ ਹੈ) ਦਾ ਸ਼ਿਕਾਰ ਬਣਾ ਦਿੱਤੇ ਗਏ ਹਨ।

ਨਾਗਰਿਕਤਾ ਸੰਸ਼ੋਧਨ ਜਾਂ ਸੀ.ਏ.ਏ. ਦੇ ਖਿਲਾਫ਼ ਜਿਸ ਢੰਗ ਨਾਲ ਲੋਕਾਂ 'ਚ ਵਿਰੋਧ ਹੋਇਆ। ਦੰਗੇ ਫਸਾਦ ਹੋਏ। ਜਿਸ ਢੰਗ ਨਾਲ ਸਰਕਾਰ ਨੇ ਇਨ੍ਹਾਂ ਨੂੰ ਨਿਪਟਿਆ। ਮੁਸਲਮਾਨਾਂ ਨੂੰ ਮੁਸਲਿਮ ਵੱਡੀ ਗਿਣਤੀ ਵਾਲੇ ਇਲਾਕਿਆਂ ਵਿਚੋਂ ਫੜ-ਫੜਕੇ ਜੇਲ੍ਹ ਸੁੱਟਿਆ ਗਿਆ। ਫਰਜ਼ੀ ਮੁਕੱਦਮੇ ਦਰਜ਼ ਕੀਤੇ, ਉਹ ਬਿਨ੍ਹਾਂ ਸ਼ੱਕ ਸਰਕਾਰ ਦੀ ਉਹੋ ਜਿਹੀ ਇੱਕ ਪਾਸੜ ਸੋਚ ਦਾ ਸਿੱਟਾ ਸੀ, ਜਿਹੋ ਜਿਹੀ ਸੋਚ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦਿੱਲੀ ਵਿਚ ਸਿੱਖ ਧਰਮ ਦੇ ਪੈਰੋਕਾਰਾਂ ਦੇ ਕਤਲੇਆਮ ਅਤੇ ਨਸਲਕੁਸ਼ੀ ਕਰਨ ਲਈ ਉਸ ਵੇਲੇ ਦੇ ਧੁਰੰਤਰ ਕਾਂਗਰਸੀ ਕਾਰਕੁੰਨਾਂ ਨੇ ਪ੍ਰਮੁੱਖ ਭੂਮਿਕਾ ਨਿਭਾਕੇ ਕੀਤੀ ਸੀ, ਉਨ੍ਹਾਂ ਨੇ ਟੈਲੀਵੀਜ਼ਨ 'ਤੇ ਆਕੇ 'ਖ਼ੂਨ ਕਾ ਬਦਲਾ ਖ਼ੂਨ' ਜਿਹੇ ਨਾਹਰੇ ਲਾ ਕੇ ਸੰਦੇਸ਼ ਦਿੱਤਾ ਸੀ ਕਿ ਬਦਲਾਂ ਸਿੱਖਾਂ ਤੋਂ ਲਿਆ ਜਾਏਗਾ। ਕੀ ਇਨ੍ਹਾਂ ਦੰਗਿਆਂ ਦੇ ਜ਼ਿੰਮੇਵਾਰਾਂ ਨੂੰ ਅੱਜ ਤੱਕ ਵੀ ਸਜ਼ਾਵਾਂ ਮਿਲੀਆਂ? ਅਨੇਕਾਂ ਸੰਮਤੀਆਂ, ਕਮਿਸ਼ਨ ਬਣੇ, ਪਰ ਪਰਨਾਲਾ ਉਥੇ ਦਾ ਉਥੇ ਰਿਹਾ।

ਸੰਨ 2020 ਦੇ ਦਿੱਲੀ ਦੰਗਿਆਂ 'ਚ 93 ਲੋਕ ਮਾਰੇ ਗਏ ਸਨ। ਉਨ੍ਹਾਂ 'ਚ 36 ਮੁਸਲਿਮ ਸਨ ਅਤੇ ਪੰਦਰਾਂ ਹਿੰਦੂ। ਲੇਕਿਨ ਗ੍ਰਿਫ਼ਤਾਰ ਕੇਵਲ ਮੁਸਲਿਮ ਕੀਤੇ ਗਏ। ਬੇਬੁਨਿਆਦ ਕੇਸ ਦਰਜ਼ ਹੋਏ। ਜਿਨ੍ਹਾਂ ਉਤੇ ਮੁਕੱਦਮੇ ਬਣੇ, ਉਨ੍ਹਾਂ ਵਿਚੋਂ 96 ਬਰੀ ਹੋ ਗਏ, ਇਨ੍ਹਾਂ ਵਿਚ 93 ਇਹੋ ਜਿਹੇ ਸਨ, ਜਿਨ੍ਹਾਂ 'ਤੇ ਝੂਠੇ ਮੁਕੱਦਮੇ ਦਰਜ ਹੋਏ ਸਨ। ਇਹ ਦੰਗੇ ਜਦੋਂ ਸੰਨ 2020 'ਚ ਹੋਏ, ਉਦੋਂ ਅਮਰੀਕਾ ਦੇ ਤਤਕਾਲੀਨ ਰਾਸ਼ਟਰਪਤੀ ਡੋਨਲਡ ਟਰੰਪ ਦਾ ਖ਼ੂਬ ਸ਼ਾਨੋ-ਸ਼ੌਕਤ ਨਾਲ ਸਵਾਗਤ ਹੋਇਆ ਸੀ ਅਤੇ ਨਰੇਂਦਰ ਮੋਦੀ ਇਹ ਸਵਾਗਤ ਕਰ ਰਹੇ ਸਨ। ਪੁਲਿਸ ਵਾਲਿਆਂ ਨੇ ਸਥਿਤੀ ਨੂੰ ਨਿਪਟਾਉਣ ਲਈ ਜਿਹੜਾ ਵੀ ਅੜਿੱਕੇ ਆਇਆ, ਉਸ ਨੂੰ ਚੁੱਕਕੇ ਜੇਲ੍ਹ ਸੁੱਟ ਦਿੱਤਾ। ਇਸ ਦੰਗਿਆਂ ਵਾਲੇ ਕੇਸ 'ਚ ਜਵਾਹਰ ਲਾਲ ਯੂਨੀਵਰਸਿਟੀ ਦੇ ਵਿਦਿਆਰਥੀ ਉਮਰ ਖਾਲਿਦ 'ਤੇ ਮਾਸਟਰ ਮਾਈਂਡ ਹੋਣ ਦਾ ਦੋਸ਼ ਲੱਗਾ, ਜੋ ਅੱਜ ਤੱਕ ਜੇਲ੍ਹ 'ਚ ਸੜ ਰਿਹਾ ਹੈ ਅਤੇ ਹੇਠਲੀਆਂ ਅਦਾਲਤਾਂ 'ਚੋਂ ਸਮੇਤ ਹਾਈਕੋਰਟ ਦੇ ਉਸਨੂੰ ਜ਼ਮਾਨਤ ਨਹੀਂ ਮਿਲੀ। ਹੁਣ ਜ਼ਮਾਨਤ ਲਈ ਸੁਣਵਾਈ ਸੁਪਰੀਮ ਕੋਰਟ 'ਚ ਹੈ।

ਦੇਸ਼ ਇਸ ਵੇਲੇ ਜਿਥੇ ਵੋਟ ਰਾਜਨੀਤੀ ਨਾਲ ਤ੍ਰਭਕਿਆ ਪਿਆ ਹੈ। ਹਾਕਮਾਂ 'ਤੇ ਵੋਟ ਚੋਰੀ ਦੇ ਇਲਜ਼ਾਮ ਲੱਗ ਰਹੇ ਹਨ। ਫਿਰਕਾਪ੍ਰਸਤੀ ਦੀ ਹਨ੍ਹੇਰੀ ਵਗਾਕੇ ਜਿਵੇਂ ਦੇਸ਼ ਦਾ ਮਾਹੌਲ ਖਰਾਬ ਕੀਤਾ ਜਾ ਰਿਹਾ ਹੈ, ਉਸ ਨਾਲ ਦੇਸ਼ ਦੇ ਵਿਚ ਧੱਕੇ ਧੌਂਸ ਦੀ ਰਾਜਨੀਤੀ ਦਾ ਬੋਲਬਾਲਾ ਹੋ ਰਿਹਾ ਹੈ।

ਭਾਰਤ ਨੂੰ ਸਮਾਜਿਕ ਬੇਇਨਸਾਫ਼ੀ ਦੇ ਮੁੱਦਿਆਂ ਨੇ ਤਾਂ ਜਕੜਿਆ ਹੀ ਹੋਇਆ ਹੈ। ਨਸਲੀ, ਨਾ ਬਰਾਬਰੀ, ਯੌਨ ਉਤਪੀੜਨ, ਔਰਤਾਂ ਨਾਲ ਵਿਤਕਰਾ, ਤਨਖ਼ਾਹ 'ਚ ਅਸਾਮਨਤਾ ਤਾਂ ਹੈ ਹੀ, ਪਰ ਬੇਰੁਜ਼ਗਾਰੀ, ਅਨਪੜ੍ਹਤਾ, ਭ੍ਰਿਸ਼ਟਾਚਾਰ, ਪ੍ਰਦੂਸ਼ਣ, ਧਾਰਮਿਕ ਭੇਦਭਾਵ ਮੌਜੂਦਾ ਸਿਆਸੀ ਹਾਕਮਾਂ ਦੀ ਦੇਣ ਹਨ। ਇਸ ਵਿਚੋਂ ਹੀ ਗਰੀਬ-ਅਮੀਰ ਦਾ ਪਾੜਾ, ਔਰਤਾਂ ਦੀ ਅਸੁਰੱਖਿਆ, ਸਿਆਸਤ ਵਿਚ ਸਾਮ, ਦਾਮ, ਦੰਡ ਦੀ ਵਰਤੋਂ ਅਤੇ ਨਫ਼ਰਤੀ ਵਤੀਰਾ ਇਨਸਾਫ਼ ਨੂੰ ਛਿੱਕੇ ਟੰਗ ਰਿਹਾ ਹੈ। ਇਸ ਨਫ਼ਰਤੀ ਵਤੀਰੇ ਦਾ ਕਾਰਨ, ਪਾਰਲੀਮੈਂਟ ਲਈ ਚੁਣੇ ਗਏ ਮੈਂਬਰਾਂ ਵਿਚ 46 ਫ਼ੀਸਦੀ ਅਪਰਾਧਿਕ ਮਾਮਲਿਆਂ 'ਚ ਲਿਪਤ ਲੋਕ ਹਨ। ਇਨ੍ਹਾਂ ਵਿਚੋਂ 31 ਉਤੇ ਹੱਤਿਆ ਦੇ ਮਾਮਲੇ ਹਨ ਅਤੇ ਚੁਣੀਆਂ ਗਈਆਂ ਸਾਂਸਦ-ਵਿਧਾਇਕ ਔਰਤਾਂ ਵਿਚੋਂ 28 ਫ਼ੀਸਦੀ 'ਤੇ ਅਪਰਾਧਿਕ ਮੁਕੱਦਮੇ ਦਰਜ ਹਨ, ਜਿਨ੍ਹਾਂ ਵਿਚ 15 ਦੇ ਖਿਲਾਫ਼ ਹੱਤਿਆ ਦੇ ਮਾਮਲੇ ਹਨ। ਦੇਸ਼ ਵਿਚ ਵੰਸ਼ਵਾਦ ਦਾ ਐਡਾ ਦਬਾਅ ਹੈ ਕਿ ਦੇਸ਼ ਦੇ 21 ਫ਼ੀਸਦੀ ਸਾਂਸਦ-ਵਿਧਾਇਕ ਸਿਆਸੀ ਪਰਿਵਾਰਾਂ ਵਿਚੋਂ ਹੀ ਹਨ। ਦੇਸ਼ 'ਚ ਅਪਰਾਧਿਕ ਵਿਰਤੀ ਅਤੇ ਵੰਸ਼ਵਾਦ ਦੀ ਗਹਿਰੀ ਪਕੜ ਨੇ ਰਾਜਨੀਤੀ, ਇਨਸਾਫ਼ ਅਤੇ ਲੋਕਤੰਤਰ ਉਤੇ ਡੂੰਘਾ ਪ੍ਰਭਾਵ ਪਾਇਆ ਹੈ। ਨਵੇਂ ਅਤੇ ਯੋਗ ਨੇਤਾਵਾਂ ਕੋਲੋਂ ਅੱਗੇ ਆਉਣ ਦਾ ਮੌਕਾ ਖੋਹਿਆ ਜਾ ਰਿਹਾ ਹੈ। ਦੇਸ਼ 'ਚ ਇਹੋ ਜਿਹੇ ਕੰਮ ਦੇਸ਼ ਦੇ ਲੋਕਾਂ ਦੀ ਇਨਸਾਫ਼ ਪ੍ਰਤੀ ਤਾਂਘ ਅਤੇ ਝਾਕ ਨੂੰ ਖੁੰਡਾ ਕਰਨ ਵਾਲਾ ਤੰਤਰ ਬਣ ਚੁੱਕੇ ਹਨ। ਹੱਥ ਆਈ ਗੱਦੀ ਨੂੰ ਹੱਥੋਂ ਨਾ ਜਾਣ ਦੇਣਾ, ਧਰਮ ਦੇ ਨਾਮ 'ਤੇ ਸਿਆਸਤ ਕਰਨਾ, ਜਾਤ-ਬਰਾਦਰੀ ਦੇ ਨਾਮ ਉਤੇ ਵੋਟ ਵਟੋਰਨਾ ਅਤੇ ਦੇਸ਼ ਦੀਆਂ ਖੁਦਮੁਖਤਾਰ ਸੰਸਥਾਵਾਂ 'ਤੇ ਕਾਬੂ ਪਾਉਣਾ, ਇਨਸਾਫ਼ ਨੂੰ ਖੂਹ 'ਚ ਸੁੱਟਣ ਸਮਾਨ ਹੈ।

ਪਿਛਲੇ ਦਿਨਾਂ 'ਚ ਦੇਸ਼ ਦੇ ਚੋਣ ਕਮਿਸ਼ਨ ਉਤੇ ਲੱਗੇ ਦੋਸ਼ ਕਈ ਸਵਾਲ ਖੜ੍ਹੇ ਕਰ ਰਹੇ ਹਨ। ਚੋਣ ਕਮਿਸ਼ਨ ਦਾ ਇੱਕ ਪਾਸੜ ਹੋ ਕੇ ਕੰਮ ਕਰਨਾ ਇਨਸਾਫ਼ ਦੇ ਤਰਾਜੂ ਨੂੰ ਖਪਾਉਣ ਦਾ ਯਤਨ ਹੈ। ਸਮੇਂ-ਸਮੇਂ 'ਤੇ ਅਦਾਲਤਾਂ ਉਤੇ ਵੀ ਇੱਕ ਪਾਸੜ ਅਤੇ ਹਾਕਮਾਂ ਦਾ ਪ੍ਰਭਾਵ ਕਬੂਲਣ ਦੇ ਦੋਸ਼ ਲੱਗਦੇ ਦਿੱਸਦੇ ਹਨ ਅਤੇ ਕਈ ਜੱਜਾਂ ਦੀ ਕਾਰਗੁਜ਼ਾਰੀ ਵੀ ਸ਼ੰਕੇ ਦੇ ਘੇਰੇ 'ਚ ਆਉਂਦੀ ਹੈ, ਜਦੋਂ ਉਹ ਸੇਵਾਮੁਕਤੀ ਉਪਰੰਤ ਤੁਰੰਤ ਬਾਅਦ ਰਾਜ ਸਭਾ ਦੇ ਮੈਂਬਰ, ਗਵਰਨਰੀ ਜਾਂ ਉੱਚ ਅਹੁਦੇ ਕਬੂਲ ਲੈਂਦੇ ਹਨ।

ਉਹ ਸੰਸਥਾ ਜਿਸ ਉਤੇ ਦੇਸ਼ ਨੂੰ ਕਦੇ ਵੱਡਾ ਮਾਣ ਸੀ ਅਤੇ ਜਿਸਨੂੰ ਲੋਕਤੰਤਰ ਦਾ ਚੌਥਾ ਥੰਮ੍ਹ ਗਿਣਿਆ ਜਾਂਦਾ ਸੀ, ਉਹ ਗੋਦੀ ਮੀਡੀਆ ਦਾ ਰੂਪ ਧਾਰਨ ਕਰ ਚੁੱਕਾ ਹੈ। ਜਿਸਨੂੰ ਸਿਆਸਤਦਾਨਾਂ, ਹਾਕਮਾਂ, ਅਜਾਰੇਦਾਰਾਂ ਨੇ ਹਥਿਆ ਲਿਆ ਹੈ।

ਮਨੀਪੁਰ ਇਨਸਾਫ਼ ਦੀ ਝਾਕ 'ਚ ਹੈ। ਜੋ ਦਹਾਕਿਆਂ ਤੋਂ ਹਾਕਮਾਂ ਦੀਆਂ ਆਪਹੁਦਰੀਆਂ ਦਾ ਸ਼ਿਕਾਰ ਹੈ। ਦੋ-ਤਿੰਨ ਟੋਟਿਆਂ 'ਚ ਵੰਡ ਦਿੱਤਾ ਗਿਆ। ਜੰਮੂ ਕਸ਼ਮੀਰ ਇਨਸਾਫ ਲਈ ਤਰਸ ਰਿਹਾ ਹੈ, ਵਾਅਦਿਆਂ ਦੇ ਬਾਵਜੂਦ ਵੀ ਉਥੋਂ ਦੇ ਲੋਕਾਂ ਨੂੰ ਇਨਸਾਫ਼ ਨਹੀਂ ਮਿਲਿਆ। ਪੰਜਾਬ ਸਦਾ ਦੀ ਤਰ੍ਹਾਂ ਹਾਕਮਾਂ ਦੇ ਮਤਰੇਏ ਸਲੂਕ ਕਾਰਨ ਝੰਬਿਆ, ਇਨਸਾਫ਼ ਭਾਲ ਰਿਹਾ ਹੈ। ਇਨਸਾਫ਼ ਦੀ ਭਾਲ 'ਚ ਤਾਂ ਦੇਸ਼ ਦੇ ਉਹ ਸਾਰੇ ਲੋਕ ਹਨ, ਜਿਹੜੇ ਜੀਊਣ ਦੇ ਘੱਟੋ-ਘੱਟ ਸਾਧਨਾਂ ਤੋਂ ਵਿਰਵੇ ਹਨ। ਤੰਗੀਆਂ-ਤੁਰਸ਼ੀਆਂ 'ਚ ਜੀਵਨ ਗੁਜ਼ਾਰ ਰਹੇ ਹਨ ਅਤੇ ਜਿਹੜੇ ਨਿੱਤ ਗਰੀਬ, ਅਤਿ ਗਰੀਬ ਹੋ ਰਹੇ ਹਨ।

ਇਨਸਾਫ਼ ਦੀ ਝਾਕ ਘੱਟ ਗਿਣਤੀਆਂ ਨੂੰ ਹੈ। ਇਨਸਾਫ਼ ਦੀ ਝਾਕ ਔਰਤਾਂ ਨੂੰ ਹੈ, ਜਿਹੜੀਆਂ ਦੂਹਰੀ ਗੁਲਾਮੀ ਦੀ ਜ਼ਿੰਦਗੀਆਂ ਜੀਊਂਦੀਆਂ ਹਨ। ਇਨਸਾਫ਼ ਦੀ ਝਾਕ ਉਨ੍ਹਾਂ ਸਭਨਾਂ ਨੂੰ ਹੈ, ਜਿਹੜੇ ਹਾਕਮਾਂ ਦੇ ਜ਼ੁਲਮ, ਜ਼ਬਰ, ਹਾਕਮਾਂ ਦੇ ਲਾਲਚੀ, ਹੈਂਕੜ ਭਰੇ ਵਤੀਰੇ ਕਾਰਨ ਡਰ-ਸਹਿਮ 'ਚ ਜ਼ਿੰਦਗੀ ਗੁਜ਼ਾਰ ਰਹੇ ਹਨ।

ਇਨਸਾਫ਼ ਦੀ ਇਹ ਝਾਕ-ਤਾਕ ਵਿਚੋਂ ਲੋਅ ਬਣੇਗੀ, ਜਦੋਂ ਜ਼ੁਲਮ ਸਹਿ ਰਹੇ ਲੋਕਾਂ ਦੇ ਮਨਾਂ 'ਚ ਲੜਨ ਅਤੇ ਜਿੱਤਣ ਦੀ ਲਾਲਸਾ ਪੈਦਾ ਹੋਏਗੀ ਅਤੇ ਉਹ ਬਿਹਤਰ ਜ਼ਿੰਦਗੀ ਜੀਊਣ ਲਈ ਸੰਘਰਸ਼ ਦਾ ਰਸਤਾ ਅਪਨਾਉਣਗੇ।




**ਨਾਗਰਿਕਤਾ ਸੰਸ਼ੋਧਨ ਜਾਂ ਸੀ.ਏ.ਏ. ਦੇ ਖਿਲਾਫ਼ ਜਿਸ ਢੰਗ ਨਾਲ ਲੋਕਾਂ 'ਚ ਵਿਰੋਧ ਹੋਇਆ। ਦੰਗੇ ਫਸਾਦ ਹੋਏ। ਜਿਸ ਢੰਗ ਨਾਲ ਸਰਕਾਰ ਨੇ ਇਨ੍ਹਾਂ ਨੂੰ ਨਿਪਟਿਆ। ਮੁਸਲਮਾਨਾਂ ਨੂੰ ਮੁਸਲਿਮ ਵੱਡੀ ਗਿਣਤੀ ਵਾਲੇ ਇਲਾਕਿਆਂ ਵਿਚੋਂ ਫੜ-ਫੜਕੇ ਜੇਲ੍ਹ ਸੁੱਟਿਆ ਗਿਆ। ਫਰਜ਼ੀ ਮੁਕੱਦਮੇ ਦਰਜ਼ ਕੀਤੇ, ਉਹ ਬਿਨ੍ਹਾਂ ਸ਼ੱਕ ਸਰਕਾਰ ਦੀ ਉਹੋ ਜਿਹੀ ਇੱਕ ਪਾਸੜ ਸੋਚ ਦਾ ਸਿੱਟਾ ਸੀ, ਜਿਹੋ ਜਿਹੀ ਸੋਚ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦਿੱਲੀ ਵਿਚ ਸਿੱਖ ਧਰਮ ਦੇ ਪੈਰੋਕਾਰਾਂ ਦੇ ਕਤਲੇਆਮ ਅਤੇ ਨਸਲਕੁਸ਼ੀ ਕਰਨ ਲਈ ਉਸ ਵੇਲੇ ਦੇ ਧੁਰੰਤਰ ਕਾਂਗਰਸੀ ਕਾਰਕੁੰਨਾਂ ਨੇ ਪ੍ਰਮੁੱਖ ਭੂਮਿਕਾ ਨਿਭਾਕੇ ਕੀਤੀ ਸੀ, ਉਨ੍ਹਾਂ ਨੇ ਟੈਲੀਵੀਜ਼ਨ 'ਤੇ ਆਕੇ 'ਖ਼ੂਨ ਕਾ ਬਦਲਾ ਖ਼ੂਨ' ਜਿਹੇ ਨਾਹਰੇ ਲਾ ਕੇ ਸੰਦੇਸ਼ ਦਿੱਤਾ ਸੀ ਕਿ ਬਦਲਾਂ ਸਿੱਖਾਂ ਤੋਂ ਲਿਆ ਜਾਏਗਾ।**

# ਟਰੰਪ ਦੀ ਆਈ.ਟੀ. ਦਿੱਗਜਾਂ ਨਾਲ ਮੀਟਿੰਗ ਦੇ ਮਾਅਨੇ

ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA





ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੀਤੇ ਦਿਨੀਂ ਤਕਨੀਕੀ ਅਧਿਕਾਰੀਆਂ ਦੇ ਇਕ ਉੱਚ-ਪੱਧਰੀ ਸਮੂਹ ਨਾਲ ਲੰਮੀ ਮੀਟਿੰਗ ਕੀਤੀ। ਦਿਲਚਸਪ ਪਹਿਲੂ ਇਹ ਸੀ ਕਿ ਇਸ ਮੀਟਿੰਗ 'ਚ ਐਲਨ ਮਸਕ ਨੂੰ ਸ਼ਾਮਲ ਨਹੀਂ ਕੀਤਾ ਗਿਆ। ਰਾਤ ਦੇ ਖਾਣੇ ਦੀ ਮੇਜ਼ਬਾਨੀ ਕਰਦਿਆਂ ਲੰਮੀ ਮੇਜ਼ ਦੁਆਲੇ ਉੱਚ-ਬੁੱਧੀ ਵਾਲੇ 33 ਤੋਂ ਵੱਧ ਆਈ.ਟੀ. ਦਿੱਗਜ ਮੌਜੂਦ ਸਨ।

ਡੋਨਾਲਡ ਟਰੰਪ ਨੇ ਜ਼ੋਰ ਦੇ ਕੇ ਕਿਹਾ ਕਿ ਅਮਰੀਕੀ ਆਈ.ਟੀ. ਕੰਪਨੀਆਂ ਸਾਡੇ ਦੇਸ਼ ਨੂੰ ਨਵੀਆਂ ਉੱਚਾਈਆਂ 'ਤੇ ਲਿਜਾ ਰਹੀਆਂ ਹਨ।

ਪਹਿਲਾਂ ਅਜਿਹਾ ਕਦੇ ਨਹੀਂ ਹੋਇਆ ਕਿ ਚੋਟੀ ਦੇ ਆਈ.ਟੀ. ਦਿੱਗਜਾਂ ਨੂੰ ਇਕ ਮੇਜ਼ 'ਤੇ ਇਕੱਠਾ ਕੀਤਾ ਗਿਆ ਹੋਵੇ। ਸਮੇਂ ਨਾਲ ਤਕਨੀਕ ਦੀ ਤੇਜ਼ੀ ਨਾਲ ਵੱਧਦੀ ਮਹੱਤਤਾ ਕਾਰਨ ਅਜਿਹਾ ਹੋਇਆ ਹੈ। ਇਸਦਾ ਮਕਸਦ ਦੁਨੀਆਂ ਦੇ ਬੇਹੱਦ ਸਫ਼ਲ ਕਾਰੋਬਾਰੀਆਂ ਦਾ ਧਿਆਨ ਆਕਰਸ਼ਿਤ ਕਰਨਾ ਵੀ ਹੋ ਸਕਦਾ ਹੈ।

ਇਹ ਸਪੱਸ਼ਟ ਹੋ ਚੁੱਕਾ ਹੈ ਕਿ ਡੋਨਾਲਡ ਟਰੰਪ ਦੀ ਦੋਸਤੀ ਵੀ ਖਤਰਨਾਕ, ਦੁਸ਼ਮਣੀ ਵੀ ਖਤਰਨਾਕ। ਬਾਵਜੂਦ ਇਸਦੇ ਹਰੇਕ ਵੱਡੀ ਕੰਪਨੀ ਇਸ ਚੰਚਲ ਰਾਸ਼ਟਰਪਤੀ ਨਾਲ ਜੁੜੇ ਰਹਿਣਾ ਪਸੰਦ ਕਰਦੀ ਹੈ। ਇਸੇ ਲਈ ਸਾਰੇ ਹੁੰਮਹੁਮਾ ਕੇ ਰਾਤ ਦੇ ਖਾਣ 'ਤੇ ਹਾਜ਼ਰ ਹੋਏ।

ਟਰੰਪ ਦੇ ਹਰੇਕ ਕਦਮ, ਹਰੇਕ ਗੱਲ ਵਿਚੋਂ ਝਲਕਦਾ ਹੈ ਕਿ ਉਹ ਅਮਰੀਕਾ ਦੀ ਵਿੱਤੀ-ਵਿਵਸਥਾ ਨੂੰ ਮਜ਼ਬੂਤ ਕਰਨਾ ਚਾਹੁੰਦੇ ਹਨ। ਇਸੇ ਲਈ ਉਨ੍ਹਾਂ ਹਰੇਕ ਨੂੰ ਪੁੱਛਿਆ ਕਿ ਉਹ ਅਮਰੀਕਾ ਵਿਚ ਕਿੰਨਾ ਨਿਵੇਸ਼ ਕਰਨਗੇ?

ਸਭ ਤੋਂ ਪਹਿਲਾਂ ਫੇਸਬੁੱਕ ਅਤੇ ਮੇਟਾ ਦੇ ਜ਼ੁਕਰਬਰਗ ਨੇ ਕਿਹਾ ਕਿ ਉਹ 600 ਅਰਬ ਡਾਲਰ ਨਿਵੇਸ਼ ਕਰ ਰਹੇ ਹਨ।

ਐਪਲ ਦੇ ਟਿਮ ਕੁਕ ਨੇ ਵੀ ਏਨੀ ਰਕਮ ਹੀ ਦੱਸੀ। ਜਦਕਿ ਗੂਗਲ ਦੇ ਸੁੰਦਰ ਪਿਚਾਈ ਨੇ 250 ਅਰਬ ਡਾਲਰ ਨਿਵੇਸ਼ ਕਰਨ ਦੀ ਗੱਲ ਕਹੀ।

ਜਦ ਮਾਈਕ੍ਰੋਸਾਫਟ ਦੀ ਵਾਰੀ ਆਈ, ਤਾਂ ਟਰੰਪ ਨੇ ਕਿਹਾ ਕਿ ਇਨ੍ਹਾਂ ਦੀ ਰਕਮ ਦੇ ਸੀ.ਈ.ਓ. ਸਤਸ ਨਡੇਲਾ ਨੇ ਕਿਹਾ ਕਿ ਸਾਡੀ ਰਕਮ ਹਰੇਕ ਸਾਲ 80 ਬਿਲੀਅਨ ਡਾਲਰ ਤੱਕ ਹੋਵੇਗੀ। ਟਰੰਪ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ, "ਬਹੁਤ ਵਧੀਆ।"

ਇਹ ਵੇਖ ਕੇ ਸਭ ਨੂੰ ਹੈਰਾਨੀ ਹੋਈ ਕਿ ਇਸ ਵਿਸ਼ੇਸ਼ ਭਾਂਤ ਦੀ ਮੀਟਿੰਗ ਲਈ ਮਸਕ ਨੂੰ ਨਹੀਂ ਸੱਦਿਆ ਗਿਆ ਸੀ ਪਰੰਤੂ ਮਸਕ ਦੇ ਵੱਡੇ ਵਿਰੋਧੀ ਓਪਨ.ਏ.ਆਈ. ਦੇ ਸੈਮ ਆਲਟਮੈਨ ਮੌਜੂਦ ਸਨ।

ਇਸ ਤੋਂ ਪਹਿਲਾਂ ਦੁਪਹਿਰ ਵੇਲੇ ਵਾਈਟ ਹਾਊਸ ਦੀ ਨਵੀਂ 'ਆਰਟੀਫੀਸ਼ੀਅਲ ਇੰਟੈਲੀਜੈਂਸ ਸਿੱਖਿਆ ਟਾਸਕ ਫੋਰਸ' ਦੀ ਮੀਟਿੰਗ ਵੀ ਹੋ ਚੁੱਕੀ ਸੀ। ਰਾਤ ਦੇ ਖਾਣੇ ਵਾਲੀ ਮੀਟਿੰਗ ਵਿਚ ਬਿਲ ਗੇਟਸ, ਗ੍ਰੇਮ ਬਾਰਕਮੈਨ, ਸਫਰਾ ਕੈਟਜ, ਡੇਵਿਡ ਲਿੰਪ, ਸੰਜੇ ਮੇਹਰੋਤਰਾ, ਵਿਵੇਕ ਰਣਦਿਵੇ, ਸ਼ਿਆਮ ਸ਼ੰਕਰ ਅਲੈਕਜੈਂਡਰ ਵਾਂਗ, ਜੇਰੇਡ ਇਸਾਕਮੈਨ ਵੀ ਸ਼ਾਮਲ ਸਨ।

> **ਟਰੰਪ ਦੀ ਹੀ ਪਾਰਟੀ ਦੇ ਕੁਝ ਨੇਤਾਵਾਂ ਨੇ ਆਈ.ਟੀ. ਦਿੱਗਜਾਂ ਨਾਲ ਅਜਿਹੀਆਂ ਮੀਟਿੰਗਾਂ ਦੀ ਆਲੋਚਨਾ ਕਰਦਿਆਂ ਕਿਹਾ ਕਿ ਸਰਕਾਰ ਨੂੰ ਇਹ ਵੇਖਣਾ ਸਮਝਣਾ ਪਵੇਗਾ ਕਿ ਆਈ.ਟੀ. ਕੰਪਨੀਆਂ ਕੀ ਬਣਾਉਣ ਅਤੇ ਨਸ਼ਟ ਕਰਨ ਦੀ ਯੋਜਨਾ ਬਣਾ ਰਹੀਆਂ ਹਨ।**

ਟਰੰਪ ਦੀ ਹੀ ਪਾਰਟੀ ਦੇ ਕੁਝ ਨੇਤਾਵਾਂ ਨੇ ਆਈ.ਟੀ. ਦਿੱਗਜਾਂ ਨਾਲ ਅਜਿਹੀਆਂ ਮੀਟਿੰਗਾਂ ਦੀ ਆਲੋਚਨਾ ਕਰਦਿਆਂ ਕਿਹਾ ਕਿ ਸਰਕਾਰ ਨੂੰ ਇਹ ਵੇਖਣਾ ਸਮਝਣਾ ਪਵੇਗਾ ਕਿ ਆਈ.ਟੀ. ਕੰਪਨੀਆਂ ਕੀ ਬਣਾਉਣ ਅਤੇ ਨਸ਼ਟ ਕਰਨ ਦੀ ਯੋਜਨਾ ਬਣਾ ਰਹੀਆਂ ਹਨ।

ਟਰੰਪ ਬਾਰੇ ਕਿਹਾ ਜਾਂਦਾ ਹੈ ਕਿ ਉਹ ਅਕਸਰ ਏ.ਆਈ. (ਮਸਨੂਈ ਬੁੱਧੀ) ਦੁਆਰਾ ਬਣਾਈਆਂ ਤਸਵੀਰਾਂ ਨੂੰ ਆਨਲਾਈਨ ਸਾਂਝੀਆਂ ਕਰਦੇ ਰਹਿੰਦੇ ਹਨ। ਪਰੰਤੂ ਨਾਲ ਹੀ ਭਰਮ ਫੈਲਾਉਣ ਵਾਲੀਆਂ ਵੀਡੀਓ ਬਣਾਉਣ 'ਤੇ ਇਤਰਾਜ਼ ਦਾ ਪ੍ਰਗਟਾਵਾ ਵੀ ਕਰਦੇ ਹਨ। ਟਰੰਪ ਨੇ ਮਜ਼ਾਜ ਵਿਚ ਕਿਹਾ ਕਿ ਜਦ ਕੁਝ ਬਹੁਤ ਹੀ ਬੁਰਾ ਵਾਪਰ ਜਾਵੇਗਾ, ਤਾਂ ਮੈਂ ਕੇਵਲ ਏ.ਆਈ. ਨੂੰ ਦੋਸ਼ ਦੇ ਦੇਵਾਂਗਾ। ਦੁਪਹਿਰ ਦੀ ਮੀਟਿੰਗ ਵਿਚ ਏ.ਆਈ. ਦੀ ਸਮਰੱਥਾ ਅਤੇ ਖ਼ਤਰਿਆਂ ਸੰਬੰਧੀ ਖੁੱਲ੍ਹ ਕੇ ਗੱਲਬਾਤ ਹੋਈ।

ਰਾਤ ਦੇ ਖਾਣੇ 'ਤੇ ਹੋਈ ਮੀਟਿੰਗ ਦੀ ਵਿਸ਼ੇਸ਼ਤਾ ਇਹ ਵੀ ਸੀ ਕਿ ਇਸ ਵਿਚ ਪੰਜ ਭਾਰਤੀ ਮੂਲ ਦੇ ਸੀ.ਈ.ਓ. ਸ਼ਾਮਲ ਸਨ। ਦਰਅਸਲ ਡੋਨਾਲਡ ਟਰੰਪ ਦਾ ਮਕਸਦ ਏ.ਆਈ. ਖੇਤਰ 'ਚ ਅਮਰੀਕਾ ਦੇ ਵੱਧਦੇ ਕਦਮਾਂ, ਨਿਵੇਸ਼ ਅਤੇ ਖੋਜ ਵੱਲ ਦੁਨੀਆਂ ਦਾ ਧਿਆਨ ਖਿੱਚਣਾ ਸੀ। ਨਿਰਸੰਦੇਹ ਇਹਦੇ ਵਿਚ ਉਹ ਪੂਰੀ ਤਰ੍ਹਾਂ ਕਾਮਯਾਬ ਰਹੇ ਹਨ।

ਏ.ਆਈ. ਦੇ ਪ੍ਰਸੰਗ ਵਿਚ ਦੁਨੀਆਂ ਦੇ ਪ੍ਰਮੁੱਖ ਸ਼ਕਤੀਸ਼ਾਲੀ ਦੇਸ਼ਾਂ ਵਿਚਾਲ ਡਿਜ਼ੀਟਲ ਜੰਗ ਦਿਨੋਂ-ਦਿਨ ਤੇਜ਼ ਹੋ ਰਹੀ ਹੈ।

ਇਹ ਉਸੇ ਜੰਗ ਦੀ ਇਕ ਮਹੱਤਵਪੂਰਨ ਕੜੀ ਸੀ। ਦੁਨੀਆਂ ਨੂੰ ਇਹ ਸੰਦੇਸ਼ ਦੇਣਾ ਕਿ ਇਸ ਖੇਤਰ ਵਿਚ ਅਸੀਂ ਕਿਸੇ ਤੋਂ ਪਿੱਛੇ ਨਹੀਂ ਹਾਂ।


ਹਾਂਲਾਕਿ ਮੀਟਿੰਗ ਦੇ ਏਜੰਡੇ 'ਚ ਦੱਸਿਆ ਗਿਆ ਕਿ ਇਸਦਾ ਉਦੇਸ਼ ਅਮਰੀਕੀ ਨੌਜਵਾਨਾਂ ਲਈ ਏ.ਆਈ. ਸਿੱਖਿਆ ਨੂੰ ਉਤਸ਼ਾਹਿਤ ਕਰਨਾ ਹੈ।

ਹਾਲੇ ਕੁਝ ਦਿਨ ਪਹਿਲਾਂ ਚੀਨ ਨੇ ਵਿਕਟਰੀ ਡੇਅ ਪਰੇਡ ਮੌਕੇ ਆਪਣੀ ਮਿਲਟਰੀ ਤਾਕਤ ਦਾ ਖੁੱਲ੍ਹਾ ਕੇ ਪ੍ਰਦਰਸ਼ਨ ਕੀਤਾ। ਉਸ ਤੋਂ ਕੁਝ ਦਿਨ ਬਾਅਦ ਅਮਰੀਕਾ ਨੇ ਆਰਟੀਫੀਸ਼ਲ ਇੰਟੈਲੀਜੈਂਸ ਅਤੇ ਤਕਨੀਕੀ ਦਾ ਡੰਕਾ ਵਜਾ ਦਿੱਤਾ। ਟਰੰਪ ਦੱਸਣਾ ਚਾਹੁੰਦਾ ਹੈ ਕਿ ਜੇਕਰ ਚੀਨ ਕੋਲ ਆਪਣਾ ਉਤਪਾਦਨ ਹੈ, ਤਾਂ ਅਮਰੀਕਾ ਕੋਲ ਆਪਣੀ ਤਕਨੀਕ ਹੈ।

ਚੱਲਦੇ-ਚੱਲਦੇ ਇਹ ਮੀਟਿੰਗ ਇਕ ਦੂਸਰੇ ਦੀ ਪ੍ਰਸ਼ੰਸਾ ਵਿਚ ਤਬਦੀਲ ਹੋ ਗਈ। ਟਰੰਪ ਨੇ ਸਾਰੇ ਆਈ.ਟੀ. ਉੱਚ-ਅਧਿਕਾਰੀਆਂ ਦੀ ਖੁੱਲ੍ਹ ਕੇ ਤਾਰੀਫ਼ ਕੀਤੀ। ਟਰੰਪ ਉਨ੍ਹਾਂ ਨੂੰ ਵਾਰ-ਵਾਰ ਉੱਚ-ਬੁੱਧੀ ਵਾਲੇ ਲੋਕ ਕਹਿ ਰਿਹਾ ਸੀ। ਅਮਰੀਕਾ ਦੀਆਂ ਕਈ ਅਖਬਾਰਾਂ ਨੇ ਇਸ ਮੀਟਿੰਗ ਦੇ ਪ੍ਰਸੰਗ ਵਿਚ ਲਿਖਿਆ ਕਿ ਟਰੰਪ ਦਾ ਮਤਲਬ ਹੈ ਕਾਰੋਬਾਰ।

# ਰਾਵਣ ਦੀ ਜਿੱਤ

## ਕੰਡੇ ਦਾ ਕੰਡਾ : ਡਾ. ਅਮਰੀਕ ਸਿੰਘ ਕੰਡਾ



-ਡਾ ਅਮਰੀਕ ਸਿੰਘ ਕੰਡਾ
1764, ਗੁਰੂ ਰਾਮ ਦਾਸ ਨਗਰ
ਨੇੜੇ ਨੈਸ਼ਲੇ ਮੋਗਾ
98557-35666
(Punjab Mail USA)



ਦੁਸ਼ਹਿਰੇ ਦਾ ਦਿਨ ਸੀ। ਸਦੀਆਂ ਤੋਂ ਚੱਲੀ ਆ ਰਹੀ ਪਰੰਪਰਾ ਦੇ ਮੁਤਾਬਿਕ ਰਾਵਣ ਦੇ ਪੁਤਲੇ ਨੂੰ ਸ਼ਾਮ ਨੂੰ ਚੀਫ ਮਨਿਸ਼ਟਰ ਸਾਹਬ ਅੱਗ ਲਾਉਣ ਲੱਗੇ ਤਾਂ ਰਾਵਣ ਦਾ ਪੁਤਲਾ ਬੋਲ ਪਿਆ

"ਠਹਿਰੋ...... ਠਹਿਰੋ ਮੈਨੂੰ ਅੱਗ ਨਾ ਲਾਉ, ਮੈਂ ਸਦੀਆਂ ਤੋਂ ਸੜਦਾ ਆ ਰਿਹਾ ਹਾਂ। ਪਰ ਅੱਜ ਮੇਰੀ ਬਰਦਾਸ਼ਤ ਦੀ ਹੱਦ ਹੋ ਗਈ, ਮੈਨੂੰ ਕੋਈ ਲੱਲੀ ਛੱਲੀ ਅੱਗ ਨਾ ਲਾਵੇ। ਮੈਨੂੰ ਉਹ ਅੱਗ ਲਾਵੇ ਜਿਹੜਾ ਰਾਮ ਹੋਵੇ। ਰਾਵਣ ਨਾ ਹੋਵੇ। ਹੈ ਕੋਈ ਰਾਮ........ਹੈ ਕੋਈ ਰਾਮ............?"

ਹਜ਼ਾਰਾਂ ਦੀ ਭੀੜ 'ਚੋਂ ਕੋਈ ਨਹੀਂ ਬੋਲਿਆ। ਸਭ ਦੇ ਸਿਰ ਝੁਕੇ ਹੋਏ ਸੀ। ਰਾਵਣ ਫੇਰ ਗਰਜਿਆ

"ਹਾ...ਹਾ......ਹਾ......ਹਾ..ਹਾ ।"

ਆਕਾਸ਼ 'ਚ ਆਵਾਜ਼ ਗੂੰਜੀ। ਲੱਖਾਂ ਕਰੋੜਾਂ ਲੋਕਾਂ ਨੇ ਸੁਣੀ। ਹਾਸਾ ਹੋਰ ਉੱਚੀ ਹੋ ਰਿਹਾ ਸੀ। ਰਾਵਣ ਫੇਰ ਆਕਾਸ਼ ਵੱਲ ਮੂੰਹ ਕਰ ਕੇ ਬੋਲਿਆ।

"ਹਾ....ਹਾ... ਰਾਮ ਥੱਲੇ ਆ ਕੇ ਵੇਖ ਤੇਰੇ ਵਰਗਾ ਕੋਈ ਨਹੀਂ, ਇੱਥੇ ਸਭ ਰਾਵਣ ਹੀ ਰਾਵਣ ਨੇ, ਕੋਈ ਕੁਰਸੀ ਦਾ ਰਾਵਣ, ਕੋਈ ਦਾਜ ਦਾ ਲੋਭੀ ਰਾਵਣ, ਭ੍ਰਿਸ਼ਟਾਚਾਰੀ, ਅਫਸਰਸ਼ਾਹੀ ਰਾਵਣ, ਪੈਸੇ ਦੇ ਰਾਵਣ, ਵੇਖ ਅੱਜ ਮੈਂ ਕਰੋੜਾਂ ਅਰਬਾਂ ਸਿਰ ਲੈ ਕੇ ਘੁੰਮ ਰਿਹਾ ਹਾਂ। ਮੇਰੇ ਤਾਂ ਦਸ ਸਿਰ ਦਸ ਚਿਹਰੇ ਸੀ ਪਰ ਅੱਜ ਹਰ ਬੰਦੇ ਕੋਲ ਇੱਕ ਸਿਰ ਸੈਂਕੜਿਆਂ ਚੇਹਰੇ ਨੇ, ਤੂੰ ਮੈਨੂੰ ਉਸ ਵੇਲੇ ਹਰਾ ਗਿਆ ਸੀ ਪਰ ਅੱਜ ਮੈਂ ਜਿੱਤ ਗਿਆ ਹਾਂ ਹਾ......ਹਾ....ਹਾ......।"

ਸ਼੍ਰਿਸ਼ਟੀ ਰਚਨਹਾਰ ਜੀ ਸ਼ਰਮਿੰਦਾ ਹੋਏ ਸੋਚ ਰਹੇ ਸਨ ਕਿ ਇਸ ਰਾਵਣ ਦੁਨੀਆਂ ਦਾ ਅੰਤ ਕਿਵੇਂ ਤੇ ਕਦੋਂ ਕੀਤਾ ਜਾਵੇ?"



# ਗਲੋਬਲ ਵਾਰਮਿੰਗ ਕਾਰਨ ਦੁਨੀਆਂ ਦੇ ਨਕਸ਼ੇ ਤੋਂ ਗਾਇਬ ਹੋਣ ਜਾ ਰਿਹਾ ਪਹਿਲਾ ਦੇਸ਼




ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 95011-00062
ਪੰਜਾਬ ਮੇਲ USA




ਟੂਵਾਲੂ ਨਾਮਕ ਦੇਸ਼ ਗਲੋਬਲ ਵਾਰਮਿੰਗ ਕਾਰਨ ਦੁਨੀਆਂ ਦੇ ਨਕਸ਼ੇ ਤੋਂ ਗਾਇਬ ਹੋਣ ਜਾ ਰਿਹਾ ਹੈ। ਇਹ ਦੇਸ਼ ਪ੍ਰਸ਼ਾਂਤ ਮਹਾਸਾਗਰ ਵਿਚ ਦੂਰ ਦੁਰੇਡੇ ਸਥਿਤ ਹੈ ਤੇ ਇਸ ਦਾ ਸਭ ਤੋਂ ਨਜ਼ਦੀਕੀ ਗੁਆਂਢੀ ਆਸਟਰੇਲੀਆ ਵੀ ਇਸ ਤੋਂ 3970 ਕਿ.ਮੀ. ਦੂਰ ਹੈ। ਇਸ ਵੇਲੇ ਇਸ ਦਾ ਪ੍ਰਧਾਨ ਮੰਤਰੀ ਫੈਲੇਟੀ ਟੀਓ ਹੈ ਤੇ ਇਸ ਦੀ ਰਾਜਧਾਨੀ ਦਾ ਨਾਮ ਫੁਨਾਫੁਟੀ ਹੈ, ਜੋ ਸਭ ਤੋਂ ਵੱਡੇ ਟਾਪੂ ਫੁਨਾਫੁਟੇ ਵਿਖੇ ਸਥਿਤ ਹੈ। ਵੈਟੀਕਨ ਸਿਟੀ, ਮੋਨਾਕੋ ਤੇ ਨਾਉਰੂ ਤੋਂ ਬਾਅਦ ਇਹ ਦੁਨੀਆਂ ਦਾ ਚੌਥਾ ਸਭ ਤੋਂ ਛੋਟਾ ਦੇਸ਼ ਹੈ। 9 ਛੋਟੇ-ਛੋਟੇ ਜਵਾਲਾਮੁਖੀ ਟਾਪੂਆਂ ਨੂੰ ਮਿਲਾ ਕੇ ਸਿਰਫ 26 ਵਰਗ ਕਿ.ਮੀ. ਵਿਚ ਸਥਿਤ ਇਸ ਦੇਸ਼ ਦੀ ਕੁੱਲ ਆਬਾਦੀ 11000 ਦੇ ਕਰੀਬ ਹੈ। ਛੋਟਾ ਜਿਹਾ ਇਹ ਦੇਸ਼ ਸੰਸਾਰ ਦੇ ਭਵਿੱਖ ਵਾਸਤੇ ਇੱਕ ਭਿਆਨਕ ਮਿਸਾਲ ਬਣਨ ਜਾ ਰਿਹਾ ਹੈ। ਜਵਾਲਾਮੁਖੀ ਟਾਪੂਆਂ ਦੀ ਇੱਕ ਵਿਸ਼ੇਸ਼ਤਾ ਹੁੰਦੀ ਹੈ ਕਿ ਇਹ ਜ਼ਿਆਦਾ ਉੱਚੇ ਨਹੀਂ ਹੁੰਦੇ। ਇਸ ਕਾਰਨ ਟੁਵਾਲੂ ਦਾ ਸਭ ਤੋਂ ਉਚੇਰਾ ਸਥਾਨ ਸਮੁੰਦਰ ਤਲ ਤੋਂ ਸਿਰਫ 4.5 ਮੀਟਰ ਉੱਚਾ ਹੈ ਤੇ ਔਸਤ ਉਚਾਈ 2 ਮੀਟਰ ਹੈ। ਵੈਸੇ ਤਾਂ ਸਾਰੀ ਦੁਨੀਆਂ ਹੀ ਆਪਣੇ ਹੱਥੀਂ ਪੈਦਾ ਕੀਤੀ ਗਈ ਇਸ ਮੁਸੀਬਤ ਦਾ ਸ਼ਿਕਾਰ ਬਣਨ ਜਾ ਰਹੀ ਹੈ ਪਰ ਟੁਵਾਲੂ ਦਾ ਨੰਬਰ ਸਭ ਤੋਂ ਪਹਿਲਾਂ ਲੱਗਣ ਜਾ ਰਿਹਾ ਹੈ। ਟੁਵਾਲੂ ਦੀ ਸਮੁੰਦਰ ਤੋਂ ਘੱਟ ਉੱਚਾਈ ਹੋਣ ਕਾਰਨ ਜਦੋਂ ਵੀ ਕੋਈ ਵੱਡੀ ਲਹਿਰ ਜਾਂ ਤੂਫਾਨ ਆਉਂਦਾ ਹੈ, ਤਾਂ ਸਾਰਾ ਦੇਸ਼ ਕੁਝ ਦੇਰ ਲਈ ਜਲਮਘਨ ਹੋ ਜਾਂਦਾ ਹੈ। ਇਸ ਕਾਰਨ ਇਥੇ ਇਮਾਰਤਾਂ 7-8 ਫੁੱਟ ਉੱਚੇ ਥੜ੍ਹਿਆਂ 'ਤੇ ਬਣਾਈਆਂ ਜਾਂਦੀਆਂ ਹਨ। ਟੁਵਾਲੂ ਦਾ ਮੁੱਖ ਟਾਪੂ ਫੂਨਾਫੂਟੇ ਸੱਪ ਵਰਗਾ ਲੰਬਾ ਦੀਪ ਹੈ, ਜਿਸ ਦੀ ਚੌੜਾਈ ਬਹੁਤ ਹੀ ਘੱਟ ਹੈ ਤੇ ਇਸ ਦੀ ਅੱਧੀ ਜਗ੍ਹਾ 'ਤੇ ਤਾਂ ਸਿਰਫ ਏਅਰਪੋਰਟ ਹੀ ਬਣਿਆ ਹੋਇਆ ਹੈ।

ਦੁਨੀਆਂ ਵਿਚ ਕੋਲਾ, ਡੀਜ਼ਲ ਅਤੇ ਪੈਟਰੋਲ ਆਦਿ ਦੀ ਹੋ ਰਹੀ ਬੇਤਹਾਸ਼ਾ ਵਰਤੋਂ ਕਾਰਨ ਕਾਰਬਨ ਡਾਇਆਕਸਾਈਡ ਅਤੇ ਕਾਰਬਨ ਮੋਨੋਆਕਸਾਈਡ ਆਦਿ ਵਰਗੀਆਂ ਗਰੀਨ ਹਾਊਸ ਗੈਸਾਂ ਦਾ ਲੱਖਾਂ ਟਨ ਉਤਪਾਦਨ ਰੋਜ਼ਾਨਾ ਹੋ ਰਿਹਾ ਹੈ, ਜਿਸ ਕਾਰਨ ਧਰਤੀ ਦਾ ਤਾਪਮਾਨ ਲਗਾਤਾਰ ਵਧ ਰਿਹਾ ਹੈ। ਇਸ ਦੇ ਫਲਸਵਰੂਪ ਉੱਤਰੀ ਅਤੇ ਦੱਖਣੀ ਧਰੁਵ ਦੀ ਬਰਫ ਤੇਜ਼ੀ ਨਾਲ ਪਿਘਲ ਰਹੀ ਹੈ ਤੇ ਮਹਾਸਾਗਰਾਂ ਦਾ ਪੱਧਰ ਵਧ ਰਿਹਾ ਹੈ। ਟੁਵਾਲੂ ਦੀ ਇਹ ਬਦਕਿਸਮਤੀ ਹੀ ਕਹੀ ਜਾ ਸਕਦੀ ਹੈ ਕਿ ਉਹ ਅਜਿਹੇ ਖਿੱਤੇ ਵਿਚ ਸਥਿਤ ਹੈ, ਜਿੱਥੇ ਸਮੁੰਦਰ ਦਾ ਤਲ ਬਾਕੀ ਸਾਰੀ ਦੁਨੀਆਂ ਨਾਲੋਂ ਤੇਜ਼ੀ ਨਾਲ ਵਧ ਰਿਹਾ ਹੈ। ਅਮਰੀਕੀ ਸਪੇਸ ਏਜੰਸੀ ਨਾਸਾ ਨੇ ਕਈ ਸਾਲਾਂ ਦੀ ਰਿਸਰਚ ਤੋਂ ਬਾਅਦ ਇੱਕ ਰਿਪੋਰਟ ਜਾਰੀ ਕੀਤੀ ਹੈ ਕਿ 2003 ਤੋਂ ਲੈ ਕੇ 2023 ਤੱਕ ਦੇ 30 ਸਾਲਾਂ ਵਿਚ ਟੁਵਾਲੂ ਨੇੜੇ ਸਮੁੰਦਰ ਦਾ ਪੱਧਰ 30 ਸੈਂਟੀਮੀਟਰ ਵਧ ਗਿਆ ਸੀ, ਜੋ ਗਲੋਬਲ ਐਵਰੇਜ਼ ਤੋਂ 1.5 ਗੁਣਾ ਵੱਧ ਹੈ। ਨਾਸਾ ਨੇ ਆਪਣੀ ਰਿਪੋਰਟ ਵਿਚ ਇੰਕਸ਼ਾਫ ਕੀਤਾ ਹੈ ਕਿ 2050 ਤੱਕ ਟੁਆਲੂ ਦੁਆਲੇ ਪਾਣੀ 60 ਸੈਂਟੀਮੀਟਰ ਤੇ ਸੰਨ 2100 ਤੱਕ 1.60 ਮੀਟਰ ਉੱਚਾ ਹੋ ਜਾਵੇਗਾ। ਇਸ ਕਾਰਨ ਹੜ੍ਹਾਂ ਦੀ ਗਿਣਤੀ ਵੀ ਬੇਤਹਾਸ਼ਾ ਵਧ ਜਾਵੇਗੀ। ਹੁਣ ਇਥੇ ਇੱਕ ਸਾਲ ਵਿਚ ਸਿਰਫ ਪੰਜ-ਛੇ ਵਾਰ ਪਾਣੀ ਚੜ੍ਹਦਾ ਹੈ ਪਰ 2050 ਤੱਕ 25-30 ਵਾਰ ਤੇ 2100 ਤੱਕ ਸਾਲ ਵਿਚ 100 ਤੋਂ ਵੱਧ ਵਾਰ ਹੜ੍ਹ ਆਉਣ ਲੱਗ ਪੈਣਗੇ। ਨਾਸਾ ਦਾ ਕਹਿਣਾ ਹੈ ਕਿ ਜੇ ਗਲੋਬਲ ਵਾਰਮਿੰਗ ਇਸੇ ਤਰ੍ਹਾਂ ਚੱਲਦੀ ਰਹੀ, ਤਾਂ 2050 ਤੱਕ ਟੁਆਲੂ ਦਾ ਜ਼ਿਆਦਾਤਰ ਹਿੱਸਾ ਡੁੱਬ ਜਾਵੇਗਾ ਤੇ ਇਸ ਦਾ ਮੁੱਖ ਟਾਪੂ ਫੂਨਾਫੂਟੇ ਅੱਧਾ ਗਾਇਬ ਹੋ ਜਾਵੇਗਾ। ਸੰਨ 2100 ਤੱਕ ਸਾਰੀ ਖੇਡ ਖਤਮ ਹੋ ਜਾਵੇਗੀ ਤੇ 95% ਦੇਸ਼ ਪਾਣੀ ਹੇਠ ਡੁੱਬ ਜਾਵੇਗਾ।

ਜੇ ਭਾਰਤ ਜਾਂ ਕਿਸੇ ਹੋਰ ਵੱਡੇ ਦੇਸ਼ ਵਿਚ ਅਜਿਹੀ ਸਮੱਸਿਆ ਆਵੇ, ਤਾਂ ਆਰਾਮ ਨਾਲ ਪੀੜਤਾਂ ਨੂੰ ਥੋੜ੍ਹੀ ਉੱਚੀ ਜਗ੍ਹਾ 'ਤੇ ਵਸਾਇਆ ਜਾ ਸਕਦਾ ਹੈ। ਪਰ ਟੂਵਾਲੂ ਵਿਖੇ ਅਜਿਹਾ ਨਹੀਂ ਹੋ ਸਕਦਾ ਕਿਉਂਕਿ ਇਹ ਸਮਤਲ ਧਰਤੀ ਹੈ ਤੇ ਕੋਈ ਪਹਾੜ ਨਹੀਂ ਹੈ। ਇਸ ਦਾ ਇੱਕੋ ਇੱਕ ਹੱਲ ਹੈ ਕਿ ਇਨਸਾਨੀ ਦਖਲਅੰਦਾਜ਼ੀ ਨਾਲ ਇਸ ਦਾ ਭੂਗੋਲ ਦੁਬਈ ਵਾਂਗ ਬਦਲ ਦਿੱਤਾ ਜਾਵੇ, ਜਿਸ ਨੇ ਸਮੁੰਦਰ ਵਿਚ ਭਰਤੀ ਪਾ ਕੇ ਪਾਮ ਅਤੇ ਵਰਲਡ ਟਾਪੂਆਂ ਵਰਗੇ ਅਜੂਬੇ ਤਿਆਰ ਕੀਤੇ ਹਨ। ਪਰ ਇਹ ਕੰਮ ਕਰਨ ਵਿਚ ਸਭ ਤੋਂ ਵੱਡੀ ਮੁਸ਼ਕਿਲ ਹੈ ਪੈਸਾ। ਜਿਵੇਂ ਉੱਪਰ ਦੱਸਿਆ ਗਿਆ ਕਿ ਇਸ ਦੀ ਕੁੱਲ ਆਬਾਦੀ ਕਰੀਬ 11000 ਹੈ ਤੇ ਇਸ ਕੋਲ ਦੁਬਈ ਵਰਗੇ ਪੈਟਰੋ ਡਾਲਰ ਨਹੀਂ ਹਨ। ਇਸ ਦੀ ਆਮਦਨ ਦਾ ਸਾਧਨ ਥੋੜ੍ਹੀ ਬਹੁਤੀ ਮਾਹੀਗਿਰੀ ਅਤੇ ਅਮੀਰ ਦੇਸ਼ਾਂ ਵੱਲੋਂ ਦਿੱਤੀ ਜਾ ਰਹੀ ਆਰਥਿਕ ਮਦਦ ਹੈ। ਸਭ ਤੋਂ ਵੱਧ ਆਰਥਿਕ ਮਦਦ ਇੰਗਲੈਂਡ (ਜਿਸ ਦੀ ਇਹ ਕਲੋਨੀ ਰਿਹਾ ਹੈ, ਆਜ਼ਾਦੀ 1 ਅਕਤੂਬਰ 1978), ਨਿਊਜ਼ੀਲੈਂਡ ਤੇ ਆਸਟ੍ਰੇਲੀਆ ਵੱਲੋਂ ਕੀਤੀ ਜਾ ਰਹੀ ਹੈ। ਗਰੀਬੀ ਦੇ ਬਾਵਜੂਦ ਵੀ ਟੁਵਾਲੂ ਦੇ ਲੋਕ ਸਮੁੰਦਰ ਕੋਲੋਂ ਬਚਣ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਟਾਪੂ ਜਵਾਲਾਮੁਖੀ ਫਟਣ ਨਾਲ ਬਣੇ ਸਨ, ਜਿਸ ਕਾਰਨ ਇਨ੍ਹਾਂ ਦੇ ਆਲੇ-ਦੁਆਲੇ ਸਮੁੰਦਰ ਕੋਈ ਬਹੁਤਾ ਡੂੰਘਾ ਨਹੀਂ ਹੈ। ਸਰਕਾਰ ਵੱਡੀਆਂ ਕਰੇਨਾਂ ਅਤੇ ਬੁਲਡੋਜ਼ਰਾਂ ਆਦਿ ਦੀ ਸਹਾਇਤਾ ਨਾਲ ਉਥੋਂ ਰੇਤ ਕੱਢ ਕੇ ਮੁੱਖ ਟਾਪੂ ਨੂੰ ਉੱਚਾ ਕਰਕੇ ਨਵੀਂ ਧਰਤੀ ਬਣਾ ਰਹੀ ਹੈ। 2024 ਤੱਕ ਕਰੀਬ 20-22 ਏਕੜ ਨਵੀਂ ਧਰਤੀ ਬਣ ਚੁੱਕੀ ਹੈ।

ਇਸ ਤੋਂ ਇਲਾਵਾ ਟੁਵਾਲੂ ਸਰਕਾਰ ਪਾਣੀ ਨੂੰ ਰੋਕਣ ਵਾਸਤੇ ਟਾਪੂ ਦੇ ਸਾਰੇ ਪਾਸੇ ਵੱਡੇ-ਵੱਡੇ ਬੈਰੀਅਰ ਅਤੇ ਕੰਕਰੀਟ ਦੀਆਂ ਉੱਚੀਆਂ ਦੀਵਾਰਾਂ ਬਣਾ ਰਹੀ ਹੈ। ਹੁਣ ਤੱਕ 1400 ਮੀਟਰ ਦੇ ਕਰੀਬ ਬੈਰੀਅਰ ਤੇ 200 ਮੀਟਰ ਦੇ ਕਰੀਬ ਦੀਵਾਰ ਤਿਆਰ ਹੋ ਚੁੱਕੀ ਹੈ ਤੇ ਜਨਤਾ ਦਾ ਪੇਟ ਭਰਨ ਲਈ ਖਾਰੇ ਪਾਣੀ ਨੂੰ ਝੱਲ ਸਕਣ ਯੋਗ ਫਸਲਾਂ ਉਗਾਈਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਪਰਲੋ ਆਉਣ ਦੀ ਸਥਿਤੀ ਵਿਚ ਸਾਰੀ ਦੀ ਸਾਰੀ ਆਬਾਦੀ ਨੂੰ ਹੋਰ ਕਿਤੇ ਲਿਜਾਉਣ ਲਈ ਪਲਾਨ ਬੀ 'ਤੇ ਵੀ ਕੰਮ ਹੋ ਰਿਹਾ ਹੈ। 2021 ਵਿਚ ਟੁਵਾਲੂ ਨੇ ਆਸਟ੍ਰੇਲੀਆ ਨਾਲ ਇੱਕ ਸੰਧੀ ਕੀਤੀ ਸੀ, ਜਿਸ ਅਧੀਨ ਆਸਟਰੇਲੀਆ ਹਰ ਸਾਲ 280 ਟੂਵਾਲੂਅਨਾਂ ਨੂੰ ਆਪਣੀ ਨਾਗਰਿਕਤਾ ਦੇਵੇਗਾ। ਇਸ ਤਰ੍ਹਾਂ 40 ਸਾਲਾਂ ਵਿਚ ਟੁਵਾਲੂ ਦੀ ਸਾਰੀ ਆਬਾਦੀ ਆਸਟਰੇਲੀਆ ਸ਼ਿਫਟ ਹੋ ਜਾਵੇਗੀ। ਇਨ੍ਹਾਂ ਨੂੰ ਆਸਟਰੇਲੀਆ ਦੇ ਬਾਕੀ ਨਾਗਰਿਕਾਂ ਵਾਂਗ ਹਰ ਸਹੂਲਤ ਮਿਲੇਗੀ ਪਰ ਉਹ ਇਲੈੱਕਸ਼ਨ ਵਿਚ ਵੋਟ ਨਹੀਂ ਪਾ ਸਕਣਗੇ। ਉਨ੍ਹਾਂ ਦੇ ਆਸਟਰੇਲੀਆ ਵਿਚ ਪੈਦਾ ਹੋਣ ਵਾਲੇ ਬੱਚਿਆਂ ਕੋਲ ਇਹ ਅਧਿਕਾਰ ਹੋਵੇਗਾ। ਟੂਵਾਲੂ ਦੇ ਸਾਰੇ ਨਾਗਰਿਕਾਂ ਨੂੰ ਆਸਟਰੇਲੀਆ ਨੇ ਇੱਕ ਖਾਸ ਵੀਜ਼ਾ ਜਾਰੀ ਕਰ ਦਿੱਤਾ ਹੈ, ਜਿਸ ਨੂੰ ਵਾਤਾਵਰਣ ਵੀਜ਼ਾ (ਕਲਾਈਮੇਟ ਵੀਜ਼ਾ) ਦਾ ਨਾਮ ਦਿੱਤਾ ਹੈ। ਅਜਿਹਾ ਵੀਜ਼ਾ ਸੰਸਾਰ ਵਿਚ ਪਹਿਲੀ ਵਾਰ ਜਾਰੀ ਕੀਤਾ ਗਿਆ ਹੈ।

ਇਸ ਤੋਂ ਇਲਾਵਾ ਜਿਵੇਂ ਸਾਡੇ ਬੱਚੇ ਪੜ੍ਹਾਈ ਲਈ ਕੈਨੇਡਾ ਜਾਂਦੇ ਹਨ, ਉਸੇ ਤਰ੍ਹਾਂ ਇਥੋਂ ਦੇ ਬੱਚੇ ਧੜਾਧੜ ਨਿਊਜ਼ੀਲੈਂਡ ਤੇ ਆਸਟਰੇਲੀਆ ਜਾ ਰਹੇ ਹਨ। ਹਰ ਸਾਲ 4% ਦੇ ਕਰੀਬ ਆਬਾਦੀ ਇਨ੍ਹਾਂ ਦੇਸ਼ਾਂ ਵੱਲ ਪ੍ਰਵਾਸ ਕਰ ਰਹੀ ਹੈ। ਇਸ ਲਈ ਫਿਲਹਾਲ ਇਸ ਦੇਸ਼ ਦੀ ਅਬਾਦੀ ਨੂੰ ਕਿਸੇ ਤਰ੍ਹਾਂ ਦਾ ਜਾਨ-ਮਾਲ ਦਾ ਕੋਈ ਖਤਰਾ ਨਹੀਂ ਹੈ। ਪਰ ਗਲੋਬਲ ਵਾਰਮਿੰਗ ਸਿਰਫ ਟੁਵਾਲੂ ਨੂੰ ਹੀ ਨਹੀਂ, ਬਲਕਿ ਸਾਰੇ ਸੰਸਾਰ ਨੂੰ ਪ੍ਰਭਾਵਿਤ ਕਰ ਰਹੀ ਹੈ। ਟੁਵਾਲੂ ਤੋਂ ਬਾਅਦ ਨਾਊਰੂ, ਕਿਰੀਬਾਟੀ, ਮਾਰਸ਼ਲ ਆਈਲੈਂਡਜ਼ ਆਦਿ ਵਾਰਗੇ ਟਾਪੂ ਦੇਸ਼ ਵੀ ਹਮੇਸ਼ਾਂ ਲਈ ਖਤਮ ਹੋਣ ਵਾਈ ਲਾਈਨ ਵਿਚ ਲੱਗੇ ਹੋਏ ਹਨ। ਸਿਤਮ ਦੀ ਗੱਲ ਇਹ ਹੈ ਕਿ ਇਨ੍ਹਾਂ ਛੋਟੇ-ਛੋਟੇ ਦੇਸ਼ਾਂ ਦਾ ਗਲੋਬਲ ਵਾਰਮਿੰਗ ਵਿਚ ਰੱਤੀ ਭਰ ਵੀ ਯੋਗਦਾਨ ਨਹੀਂ ਹੈ ਪਰ ਭਰਨਾ ਇਨ੍ਹਾਂ ਨੂੰ ਪੈ ਰਿਹਾ ਹੈ। ਗਲਤੀ ਅਮਰੀਕਾ, ਚੀਨ, ਰੂਸ, ਭਾਰਤ, ਜਰਮਨੀ, ਫਰਾਂਸ ਅਤੇ ਆਸਟਰੇਲੀਆ ਆਦਿ ਵਰਗੇ ਵੱਡੇ ਦੇਸ਼ਾਂ ਦੀ ਹੈ। ਇਕੱਲੇ ਜੀ 20 ਸੰਗਠਨ ਦੇ ਮੈਂਬਰ ਦੇਸ਼ ਸੰਸਾਰ ਦੀਆਂ ਗਰੀਨ ਹਾਊਸ ਗੈਸਾਂ ਦਾ 80% ਹਿੱਸਾ ਪੈਦਾ ਕਰਦੇ ਹਨ। 2023 ਵਿਚ ਯੂ.ਐੱਨ.ਓ. ਵੱਲੋਂ ਜਾਰੀ ਕੀਤੀ ਗਈ ਇੱਕ ਰਿਪੋਰਟ ਅਨੁਸਾਰ ਜਿਹੜੇ ਸ਼ਹਿਰਾਂ ਨੂੰ ਸਮੁੰਦਰਾਂ ਦੇ ਵਧ ਰਹੇ ਪੱਧਰ ਤੋਂ ਸਭ ਤੋਂ ਵੱਧ ਖਤਰਾ ਹੈ, ਉਨ੍ਹਾਂ ਵਿਚ ਭਾਰਤ ਦੇ ਮੁੰਬਈ, ਚੇਨਈ ਅਤੇ ਕਲਕੱਤਾ ਸ਼ਹਿਰ ਵੀ ਸ਼ਾਮਲ ਹਨ। ਇਸ ਕੁਦਰਤੀ ਆਫਤ ਤੋਂ ਬਚਣ ਦਾ ਸਿਰਫ ਇੱਕ ਹੀ ਹੱਲ ਹੈ ਕਿ ਕੋਲਾ ਅਤੇ ਪੈਟਰੋਲੀਅਮ ਈਂਧਣਾਂ ਦੀ ਵਰਤੋਂ ਅੱਜ ਹੀ ਬਿਲਕੁਲ ਬੰਦ ਕਰ ਦਿੱਤੀ ਜਾਵੇ, ਜੋ ਕਿ ਸੰਭਵ ਨਹੀਂ ਹੈ। ਜੇ ਗਲੋਬਲ ਵਾਰਮਿੰਗ ਇਸੇ ਤਰ੍ਹਾਂ ਵਧਦੀ ਰਹੀ ਤਾਂ ਹੋ ਸਕਦਾ ਹੈ 200-300 ਸਾਲਾਂ ਬਾਅਦ ਪੰਜਾਬ ਦਾ ਸ਼ਹਿਰ ਬਠਿੰਡਾ ਬੰਦਰਗਾਹ ਵਿਚ ਤਬਦੀਲ ਹੋ ਜਾਵੇ।

# ਅਸਲੀ ਰਾਵਣ




-ਅਮਰਬੀਰ ਸਿੰਘ ਚੀਮਾ
ਸਰਹਿੰਦ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ
ਮੋਬਾਈਲ ਨੰ: 98889-40211
ਪੰਜਾਬ ਮੇਲ USA


ਚਾਚਾ ਭਤੀਜਾ ਪਿੰਡੋਂ ਚਾਈਂ-ਚਾਈਂ ਦੁਸਹਿਰੇ ਦਾ ਮੇਲਾ ਦੇਖਣ ਸ਼ਹਿਰ ਆਏ। ਸਾਰਾ ਮੈਦਾਨ ਲੋਕਾਂ ਨਾਲ ਭਰਿਆ ਹੋਇਆ ਸੀ। ਇਕ ਪਾਸੇ ਕਬੱਡੀ ਟੂਰਨਾਮੈਂਟ ਤੇ ਰੱਸਾਕਸ਼ੀ ਦੀਆਂ ਖੇਡਾਂ ਚੱਲ ਰਹੀਆਂ ਸਨ, ਜਦਕਿ ਦੂਜੇ ਪਾਸੇ ਹਨੂੰਮਾਨ ਸੈਨਾ ਆਪਣੇ ਕਰਤੱਬ ਦਿਖਾ ਰਹੀ ਸੀ। ਦੁਸਹਿਰਾ ਮੈਦਾਨ ਦੇ ਆਲੇ-ਦੁਆਲੇ ਵੱਖੋ-ਵੱਖ ਖਾਣ-ਪੀਣ ਵਾਲੀਆਂ ਅਤੇ ਖਿਡੌਣਿਆਂ ਦੀਆਂ ਦੁਕਾਨਾਂ ਦੇ ਪੰਡਾਲ ਸਜੇ ਹੋਏ ਸਨ। ਸੂਰਜ ਅਸਤ ਹੋਣ ਮੌਕੇ ਰਾਵਣ ਨੂੰ ਦਹਿਣ ਕਰਨ ਦਾ ਸਮਾਂ ਆਇਆ। ਉਸ ਕਲੱਬ ਜਾਂ ਕਮੇਟੀ ਦੇ ਪ੍ਰਧਾਨ ਨੇ ਕਾਗਜ਼ੀ ਰਾਵਣ ਨੂੰ ਅੱਗ ਦੇ ਹਵਾਲੇ ਕਰ ਦਿੱਤਾ। ਚਾਰੇ ਪਾਸੇ ਪਟਾਕਿਆਂ ਤੇ ਆਤਿਸ਼ਬਾਜ਼ੀਆਂ ਦਾ ਸ਼ੋਰ ਮੱਚ ਗਿਆ। ਉਸ ਸ਼ੋਰ ਦੌਰਾਨ ਚਾਚੇ ਦੇ ਮੂੰਹੋਂ ਸਹਿਜ ਸੁਭਾਅ ਨਿਕਲਿਆ-ਵਾਹ, ਘੋਰ ਕਲਯੁਗ ਦਾ ਸਮਾਂ ਆ ਗਿਆ, ਅੱਜ ਅਸਲੀ ਰਾਵਣ ਨਕਲੀ ਰਾਵਣ ਨੂੰ ਫੂਕ ਰਿਹੈ। ਭਤੀਜੇ ਨੇ ਚਾਚੇ ਵੱਲ ਸਵਾਲੀਆ ਨਜ਼ਰਾਂ ਨਾਲ ਦੇਖਦਿਆਂ ਪੁੱਛਿਆ, ਚਾਚਾ, ਨਕਲੀ ਤਾਂ ਠੀਕ ਹੈ ਪਰ ਇਹ ਅਸਲੀ ਰਾਵਣ ਕਿੱਦਾਂ ਹੋਇਆ। ਮੈਦਾਨ 'ਚੋਂ ਬਾਹਰ ਆਉਂਦਿਆਂ ਚਾਚੇ ਨੇ ਭਤੀਜੇ ਨੂੰ ਦੱਸਿਆ ਕਿ ਅੱਜ ਤੋਂ 20-25 ਸਾਲ ਪਹਿਲਾਂ ਜਦੋਂ ਇਹ ਪਿੰਡ ਰਹਿੰਦਾ ਸੀ, ਇਸ ਨੇ ਆਪਣੇ ਪਿੰਡ ਨਾਨਕਿਆਂ ਦੇ ਘਰ ਆਈ ਇੱਕ ਕੁੜੀ ਦੀ ਇੱਜ਼ਤ ਨਾਲ ਖੇਡ ਖ਼ਰਾਬਾ ਕੀਤਾ ਸੀ। ਉਸ ਸਮੇਂ ਮੀਡੀਏ ਦਾ ਇੰਨਾ ਜ਼ਿਆਦਾ ਜ਼ੋਰ ਨਹੀਂ ਸੀ, ਇਸ ਲਈ ਉਨ੍ਹਾਂ ਨੂੰ ਡਰਾ ਧਮਕਾ ਕੇ ਜਾਂ ਕਿਸੇ ਲਾਲਚ ਵੱਸ ਸਮਝੌਤੇ ਉਪਰੰਤ ਮਹੀਨੇ ਕੁ ਬਾਅਦ ਹੀ ਪੁਲਿਸ ਗ੍ਰਿਫਤ 'ਚੋਂ ਬਾਹਰ ਆ ਗਿਆ ਸੀ। ਇਸ ਲਈ ਇਹੀ ਹੋਇਆ ਨਾ ਅਸਲੀ ਰਾਵਣ!



# ਪੰਜਾਬ ਅੰਦਰ ਹੜ੍ਹਾਂ ਦੀ ਭਿਆਨਕ ਤਬਾਹੀ ਦਾ ਮੰਜ਼ਰ

ਸ਼ਿੰਦਰ ਸਿੰਘ ਮੀਰਪੁਰੀ
ਫਰਿਜ਼ਨੋ ਅਮਰੀਕਾ
559-285-0841
ਪੰਜਾਬ ਮੇਲ USA





ਪਿਛਲੇ ਦਿਨੀਂ ਪੰਜਾਬ ਅੰਦਰ ਹੜ੍ਹਾਂ ਨੇ ਭਿਆਨਕ ਤਬਾਹੀ ਕੀਤੀ ਹੈ। ਇੱਕ ਅੰਦਾਜ਼ੇ ਮੁਤਾਬਿਕ ਕਰੀਬ 3 ਲੱਖ ਏਕੜ ਝੋਨੇ ਦੀ ਫਸਲ ਤਬਾਹ ਹੋ ਚੁੱਕੀ ਹੈ ਅਤੇ ਸੈਂਕੜੇ ਘਰ ਢਹਿ ਚੁੱਕੇ ਹਨ। ਬਹੁਤ ਸਾਰੇ ਖੇਤਰਾਂ ਅੰਦਰ ਜਾਨੀ ਅਤੇ ਮਾਲੀ ਨੁਕਸਾਨ ਵੀ ਹੋਇਆ ਹੈ। ਸਰਕਾਰੀ ਅੰਕੜਿਆਂ ਮੁਤਾਬਕ ਪੰਜਾਬ ਦੇ 12 ਜ਼ਿਲ੍ਹਿਆਂ ਦੇ ਅੰਦਰ ਹੜ੍ਹਾਂ ਦੇ ਪਾਣੀ ਨੇ ਭਾਰੀ ਤਬਾਹੀ ਮਚਾਈ ਹੈ। ਝੋਨਾ ਖੇਤਾਂ ਦੇ ਵਿਚ ਖੜ੍ਹਾ ਤਬਾਹ ਹੋ ਗਿਆ ਹੈ। ਘਰਾਂ ਦੀ ਤਬਾਹੀ ਦਾ ਆਲਮ ਬੇਹੱਦ ਖਤਰਨਾਕ ਹੈ ਕਈ ਪਿੰਡਾਂ ਦੀ ਤਾਂ ਸਥਿਤੀ ਅਜੇ ਵੀ ਡਾਵਾਂਡੋਲ ਬਣੀ ਹੋਈ ਹੈ। ਦਰਿਆ ਦੇ ਪਾਣੀ ਨੇ ਤਬਾਹੀ ਦਾ ਜੋ ਮੰਜ਼ਰ ਪੈਦਾ ਕੀਤਾ ਹੈ, ਉਸ ਨੂੰ ਵੇਖ ਕੇ ਕਿਸੇ ਵੀ ਇਨਸਾਨ ਦੇ ਰੌਂਗਟੇ 'ਤੇ ਖੜ੍ਹੇ ਹੋ ਜਾਣ। ਪੰਜਾਬ ਦਾ ਇੱਕ ਹਿੱਸਾ ਹੜ੍ਹਾਂ ਦੀ ਇਨ੍ਹਾਂ ਤਬਾਹੀ ਨੇ ਪੂਰੀ ਤਰ੍ਹਾਂ ਨੇਸਤੋ-ਨਬੂਦ ਕਰ ਦਿੱਤਾ ਹੈ। ਉਹ ਪਰਿਵਾਰ ਉਹ ਘਰ ਤੇ ਉਹ ਪਿੰਡ ਕਿਵੇਂ ਮੁੜ ਕੇ ਉੱਠਣ ਜੋਗੇ ਖੜ੍ਹੇ ਹੋ ਜਾਣਗੇ, ਜੋ ਆਲਮ ਤਬਾਹੀ ਹੜਾਂ ਦੇ ਇਸ ਪਾਣੀ ਨੇ ਮਚਾਈ ਹੈ। ਸਥਿਤੀ ਬੇਹੱਦ ਖਰਾਬ ਹੈ।

ਸਰਕਾਰਾਂ ਨੇ ਕਦੇ ਵੀ ਪੰਜਾਬੀਆਂ ਦੀ ਬਾਂਹ ਨਹੀਂ ਫੜੀ। ਉਹ ਗੱਲ ਭਾਵੇਂ ਹੜ੍ਹਾਂ ਦੇ ਪਾਣੀ ਦੀ ਹੋਵੇ ਜਾਂ ਹੋਰ ਨਾ ਕਾਰਨਾਂ ਦੀ। ਪੰਜਾਬ ਦਾ ਭਾਰੀ ਨੁਕਸਾਨ ਹੋਇਆ ਹੈ। ਪੰਜਾਬੀਆਂ ਦੀ ਕਰੋੜਾਂ-ਅਰਬਾਂ ਰੁਪਏ ਦੀ ਜਾਇਦਾਦ ਤਬਾਹ ਹੋ ਜਾਂਦੀ ਹੈ ਅਤੇ ਪੰਜਾਬ ਸਿਆਸਤ ਦੀ ਭੇਟ ਚੜ੍ਹ ਜਾਂਦਾ ਹੈ। ਜੇਕਰ ਹੁਣ ਵੀ ਗੱਲ ਕਰੀਏ, ਤਾਂ ਇੱਥੇ ਸਰਕਾਰ ਵੱਲੋਂ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਨੇ ਇਸ ਨੂੰ ਕੁਦਰਤੀ ਕਰੋਪੀ ਨਾ ਆ ਕੇ ਕੇਂਦਰ ਸਰਕਾਰ ਦੀ ਕਰੋਪੀ ਆਖਦਿਆਂ ਰੱਜ ਕੇ ਕੋਸਿਆ ਗਿਆ। ਸੱਚ ਕੀ ਹੈ ਰੱਬ ਜਾਣੇ ਪਰ ਇਸ ਹੜ੍ਹਾਂ ਦੇ ਪਾਣੀ ਵਿਚ ਪੰਜਾਬੀਆਂ ਦਾ ਸਭ ਕੁਝ ਬਹਿ ਗਿਆ ਹੈ। ਕਿਸਾਨ ਪਰਿਵਾਰਾਂ ਦੇ ਸੁਪਨੇ ਇਸ ਹੜ੍ਹ ਦੇ ਪਾਣੀ ਦੀ ਵਿਚ ਬਹਿ ਗਏ ਹਨ। ਸਰਕਾਰਾਂ ਦੇ ਵਾਅਦੇ ਅਤੇ ਦਾਵੇ ਮੁੱਕਣ ਦਾ ਨਾਮ ਨਹੀਂ ਲੈ ਰਹੇ, ਕਿਸਾਨੀ ਦੀ ਹਾਲਤ ਬੇਹੱਦ ਤਰਸਯੋਗ ਬਣੀ ਹੋਈ ਹੈ।

ਪੰਜਾਬ ਸਰਕਾਰ ਵੱਲੋਂ ਭਾਵੇਂ ਵੱਡੇ ਪੱਧਰ 'ਤੇ ਕਿਸਾਨਾਂ ਦੀ ਮਦਦ ਕਰਨ ਦੀ ਗੱਲ ਕੀਤੀ ਜਾ ਰਹੀ ਹੈ ਪਰ ਅਸਲ ਸੱਚ ਕੀ ਹੈ ਜ਼ਮੀਨੀ ਹਕੀਕਤਾਂ ਕੀ ਹਨ। ਉਹ ਤਾਂ ਹੜ੍ਹ ਪੀੜਤ ਪਰਿਵਾਰ ਹੀ ਜਾਣਦੇ ਹਨ। ਕੇਂਦਰ ਸਰਕਾਰ ਨੂੰ ਮੌਜੂਦਾ ਸਮੇਂ ਔਖੀ ਘੜੀ ਦੇ ਅੰਦਰ ਪੰਜਾਬ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਕਿਸਾਨ ਦੀ ਬਾਂਹ ਫੜਨੀ ਚਾਹੀਦੀ ਹੈ, ਕਿਉਂਕਿ ਪੰਜਾਬ ਨੇ ਸਦਾ ਹੀ ਦੇਸ਼ ਦੇ ਅੰਨ ਭੰਡਾਰ ਨੂੰ ਭਰਨ ਦੇ ਲਈ ਆਪਣਾ ਵੱਡਾ ਯੋਗਦਾਨ ਪਾਇਆ ਹੈ। ਪੰਜਾਬ ਨੇ ਸਦਾ ਹੀ ਦੇਸ਼ ਦੇ ਹਿੱਤਾਂ ਦੇ ਖਾਤਰ ਆਪਣਾ ਭਰਵਾਂ ਯੋਗਦਾਨ ਪਾ ਕੇ ਆਪਣੀ ਵਫ਼ਾਦਾਰੀ ਦਾ ਸਬੂਤ ਦਿੱਤਾ ਹੈ। ਪਰ ਪਤਾ ਨਹੀਂ ਕਿਉਂ ਕੇਂਦਰ ਸਰਕਾਰ ਸਦਾ ਹੀ ਪੰਜਾਬ ਦੇ ਨਾਲ ਵਿਤਕਰਾ ਕਰਦੀ ਆਈ ਹੈ।

ਅੱਜ ਜਦ ਪੰਜਾਬ ਨੂੰ ਕੇਂਦਰ ਸਰਕਾਰ ਦੀ ਲੋੜ ਹੈ, ਤਾਂ ਸਰਕਾਰ ਨੇ ਮਹਿਜ਼ 1600 ਕਰੋੜ ਰੁਪਿਆ ਦੇ ਕੇ ਬੁੱਤਾ ਸਾਰ ਦਿੱਤਾ ਹੈ। ਆਗੂਆਂ ਨੇ ਆਖਿਆ ਕਿ ਚੰਗਾ ਹੋਵੇ ਜੇਕਰ ਇਹ ਔਖੀ ਘੜੀ ਅੰਦਰ ਕੇਂਦਰ ਪੰਜਾਬ ਨੂੰ ਇੱਕ ਵੱਡਾ ਪੈਕਜ ਦੇ ਕੇ ਕਿਸਾਨਾਂ ਦੇ ਅੱਲ੍ਹੇ ਜ਼ਖ਼ਮਾਂ 'ਤੇ ਮੱਲ੍ਹਮ ਲਗਾਉਣ ਦਾ ਕੰਮ ਕਰੇ। ਆਗੂਆਂ ਨੇ ਆਖਿਆ ਕਿ ਕਰੀਬ 3 ਲੱਖ ਏਕੜ ਝੋਨੇ ਦੀ ਫਸਲ ਤਬਾਹ ਹੋ ਚੁੱਕੀ ਹੈ ਅਤੇ 2 ਹਜ਼ਾਰ ਪਿੰਡ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਚੁੱਕੇ ਹਨ ਪਰ ਸਰਕਾਰ ਕਿਸਾਨਾਂ ਨਾਲ ਮਜ਼ਾਕ ਕਰ ਰਹੀ ਪ੍ਰਤੀਤ ਹੁੰਦੀ ਹੈ। ਪਹਿਲੀਆਂ ਸਰਕਾਰਾਂ ਨੇ ਵੀ ਪੰਜਾਬ ਦੀ ਕਿਸਾਨੀ ਦਾ ਕੁਝ ਸਵਾਰਨ ਦਾ ਯਤਨ ਨਹੀਂ ਕੀਤਾ, ਹਾਂ ਕਿਸਾਨਾਂ ਨੂੰ ਨਿਰਾਸ਼ ਜ਼ਰੂਰ ਕੀਤਾ ਹੈ। ਇਹੀ ਹਾਲ ਮੌਜੂਦਾ ਸਰਕਾਰਾਂ ਕਰ ਰਹੀਆਂ ਹਨ। ਬਾਕੀ ਸੂਬਿਆਂ ਦੇ ਅੰਦਰ ਵੀ ਭਾਵੇਂ ਹੜ੍ਹਾਂ ਨੇ ਭਾਰੀ ਤਬਾਹੀ ਮਚਾਈ ਹੈ ਪਰ ਉੱਥੇ ਸਰਕਾਰਾਂ ਨੇ ਬਹੁਤ ਕੁਝ ਕੀਤਾ।

ਇੱਥੇ ਇੱਕ ਗੱਲ ਦਾ ਜ਼ਿਕਰ ਜ਼ਰੂਰ ਕਰਨਾ ਚਾਹਾਂਗਾ ਕਿ ਭਾਵੇਂ ਸਰਕਾਰ ਅਤੇ ਸਰਕਾਰੀ ਤੰਤਰ ਨੇ ਹੜ੍ਹਾਂ ਦੀ ਤਬਾਹੀ ਦੌਰਾਨ ਬਹੁਤ ਕੁਝ ਘੱਟ ਕੀਤਾ ਹੈ ਪਰ ਉਸ ਦੇ ਮੁਕਾਬਲੇ 'ਤੇ ਜੇਕਰ ਗੱਲ ਕਰੀਏ ਕਲਾਕਾਰ ਵਰਗ ਦੀ ਜਾਂ ਫਿਲਮਾਂ ਕਾਰਾਂ ਦੀ, ਤਾਂ ਉਨ੍ਹਾਂ ਨੇ ਵੱਡੇ ਪੱਧਰ 'ਤੇ ਪੈਸਾ ਦੇ ਕੇ ਕਿਸਾਨਾਂ ਦੀ ਬਾਂਹ ਫੜਨ ਦੀ ਕੋਸ਼ਿਸ਼ ਜ਼ਰੂਰ ਕੀਤੀ ਹੈ। ਸਰਕਾਰਾਂ ਦੀ ਗੱਲ ਤਾਂ ਛੱਡੋ। ਹਾਂ ਸਮਾਜ ਕਿਸੇ ਵੀ ਜਥੇਬੰਦੀਆਂ ਅਤੇ ਥੋੜੇ ਬਹੁਤ ਸੰਤ ਬਾਬੇ ਵੀ ਇਸ ਵੇਲੇ ਕਿਸਾਨ ਭਾਈਚਾਰੇ ਦੀ ਮਦਦ ਕਰ ਰਹੇ ਹਨ। ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਵੱਲੋਂ ਵੀ ਵੱਡਾ ਯੋਗਦਾਨ ਪਾਇਆ ਜਾ ਰਿਹਾ ਹੈ। ਕਈ ਕਲਾਕਾਰਾਂ ਨੇ ਵੀ ਪੈਸੇ ਦੀ ਹਨੇਰੀ ਲਿਆਂਦੀ ਹੈ। ਕੁਝ ਵੀ ਹੋਵੇ ਪੰਜਾਬ ਅੰਦਰ ਹੜ੍ਹਾਂ ਦੇ ਪਾਣੀ ਨੇ ਪੰਜਾਬੀਆਂ ਦਾ ਵੱਡਾ ਨੁਕਸਾਨ ਕੀਤਾ ਹੈ, ਜਿਨ੍ਹਾਂ ਨੂੰ ਮੁੜ ਪੈਰਾਂ ਸਿਰ ਹੋਣ ਨੂੰ ਕਈ ਵਰ੍ਹੇ ਲੱਗ ਜਾਣਗੇ। ਜਦਕਿ ਸਰਕਾਰ ਨੂੰ ਚਾਹੀਦਾ ਹੈ ਕਿ ਇਹੋ ਜਿਹੀ ਚੀਜ਼ਾਂ ਪ੍ਰਤੀ ਪਹਿਲਾਂ ਖਿਆਲ ਰੱਖੇ ਅਤੇ ਲੋੜ ਅਨੁਸਾਰ ਕੰਮ ਕਰੇ। ਆਓ ਸਾਰੇ ਇਕੱਠੇ ਹੋ ਕੇ ਹੜ੍ਹ ਪਰਿਵਾਰਾਂ ਦੀ ਮਦਦ ਕਰੀਏ।

# ਹਮੇਸ਼ਾ ਪ੍ਰੇਰਨਾ ਸਰੋਤ ਰਹਿਣਗੇ ਗੋਦੜੀ ਦੇ ਲਾਲ

ਰਜਵਿੰਦਰ ਪਾਲ ਸ਼ਰਮਾ
ਪਿੰਡ ਕਾਲਝਰਾਣੀ
ਡਾਕਖਾਨਾ ਚੱਕ ਅਤਰ ਸਿੰਘ ਵਾਲਾ
ਤਹਿ ਅਤੇ ਜ਼ਿਲ੍ਹਾ ਬਠਿੰਡਾ
70873-67969
ਪੰਜਾਬ ਮੇਲ USA



23 ਨਵੰਬਰ 1956 ਦੀ ਰਾਤ ਭਾਰੀ ਮੀਂਹ ਤੋਂ ਬਾਅਦ ਪੁਲ ਦੀ ਖ਼ਸਤਾ ਹਾਲਤ ਹੋਣ ਕਰਕੇ ਮਾਰੁਦਈਅਰ ਨਦੀ ਵਿਚ ਡਿੱਗੀ ਟ੍ਰੇਨ ਜਿਸ ਵਿਚ 800 ਯਾਤਰੀ ਸਵਾਰ ਸਨ, ਜਿਨ੍ਹਾਂ ਵਿਚੋਂ ਲਗਭਗ 250 ਵਿਅਕਤੀ ਮਾਰੇ ਗਏ (ਪ੍ਰੰਤੂ ਲਾਸ਼ਾਂ 150 ਵਿਅਕਤੀਆਂ ਦੇ ਪ੍ਰਾਪਤ ਹੋਣ ਦੇ ਅੰਕੜੇ ਹਨ) ਅਤੇ ਕਈ ਲਾਪਤਾ ਹੋ ਗਏ। ਇਸ ਭਿਆਨਕ ਹਾਦਸੇ ਦੀ ਨੈਤਿਕ ਤੌਰ 'ਤੇ ਜ਼ਿੰਮੇਵਾਰੀ ਲੈਂਦਿਆਂ ਉਸ ਸਮੇਂ ਦੇ ਰੇਲ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੇ ਅਸਤੀਫਾ ਦੇ ਦਿੱਤਾ। ਲਾਲ ਬਹਾਦਰ ਜੀ ਦਾ ਅਸਤੀਫ਼ਾ ਇਹ ਸ਼ਾਹਦੀ ਭਰਦਾ ਹੈ ਕਿ ਜਿਸ ਵਿਅਕਤੀ ਨੇ ਰਾਜਨੀਤੀ ਨੂੰ ਲੋਕਾਂ ਦੀ ਸੇਵਾ ਲਈ ਚੁਣਿਆ ਹੋਵੇ, ਉਸ ਨੂੰ ਅਹੁਦਿਆਂ ਦਾ ਕੋਈ ਫ਼ਿਕਰ ਨਹੀਂ। ਅਜੋਕੇ ਸਮੇਂ ਵਿਚ ਜਦੋਂ ਨੇਤਾ ਅਤੇ ਮੰਤਰੀ ਭ੍ਰਿਸ਼ਟਾਚਾਰ ਦਾ ਸ਼ਿਕਾਰ ਹੋ ਚੁੱਕੇ ਹਨ ਅਤੇ ਸੱਤਾ ਦੀ ਪ੍ਰਾਪਤੀ ਲਈ ਹਰ ਹੱਥਕੰਡਾ ਵਰਤਣ ਲਈ ਤਿਆਰ ਹਨ, ਉਨ੍ਹਾਂ ਨੂੰ ਸ਼ਾਸਤਰੀ ਜੀ ਦੀ ਜ਼ਿੰਦਗੀ ਤੋਂ ਪ੍ਰੇਰਨਾ ਜ਼ਰੂਰ ਲੈਣੀ ਚਾਹੀਦੀ ਹੈ।

ਲਾਲ ਬਹਾਦਰ ਸ਼ਾਸਤਰੀ ਦਾ ਜਨਮ 02 ਅਕਤੂਬਰ, 1904 ਨੂੰ ਮੁਗਲਸਰਾਏ ਪਿਤਾ ਸ਼ਾਰਦਾ ਪ੍ਰਸਾਦ ਸ਼੍ਰੀਵਾਸਤਵ ਅਤੇ ਮਾਤਾ ਰਾਮ ਦੁਲਾਰੀ ਦੇ ਘਰ ਹੋਇਆ। ਲਾਲ ਬਹਾਦਰ ਦੀ ਉਮਰ ਉਸ ਸਮੇਂ ਅਠਾਰਾਂ ਮਹੀਨੇ ਹੀ ਸੀ, ਜਦੋਂ ਉਨ੍ਹਾਂ ਦੇ ਪਿਤਾ ਜੀ ਦਾ ਦੇਹਾਂਤ ਹੋ ਗਿਆ। ਉਨ੍ਹਾਂ ਦੇ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਉਨ੍ਹਾਂ ਦੇ ਨਾਨਾ-ਨਾਨੀ ਨੇ ਚੁੱਕੀ, ਕੁੱਝ ਸਮੇਂ ਬਾਅਦ ਹੋਈ ਨਾਨਾ ਜੀ ਦੀ ਮੌਤ ਵੀ ਉਨ੍ਹਾਂ ਲਈ ਇੱਕ ਗਹਿਰਾ ਸਦਮਾ ਸੀ ਪ੍ਰੰਤੂ ਉਨ੍ਹਾਂ ਦੇ ਮਾਮਾ ਜੀ ਨੇ ਲਾਲ ਬਹਾਦਰ ਸ਼ਾਸਤਰੀ ਨੂੰ ਨਾ ਕੇਵਲ ਪੜ੍ਹਾਇਆ, ਸਗੋਂ ਦੇਸ਼ ਸੇਵਾ ਦਾ ਵੀ ਸਬਕ ਸਿਖਾਇਆ। ਗੁਰਬਤ ਦੇ ਬਾਵਜੂਦ ਲਾਲ ਬਹਾਦਰ ਸ਼ਾਸਤਰੀ ਜੀ ਪੜ੍ਹਾਈ ਵਿਚ ਬਹੁਤ ਹੁਸ਼ਿਆਰ ਸੀ। ਇੱਕ ਵਾਰ ਦੀ ਗੱਲ ਹੈ ਕਿ ਉਨ੍ਹਾਂ ਦੇ ਅਧਿਆਪਕ ਨੇ ਸਾਰੇ ਬੱਚਿਆਂ ਨੂੰ ਕਿਤਾਬ ਲਿਆਉਣ ਲਈ ਕਿਹਾ। ਲਾਲ ਬਹਾਦਰ ਸ਼ਾਸਤਰੀ ਜੀ ਕੋਲ ਏਨੇ ਪੈਸੇ ਨਹੀਂ ਸਨ ਕਿ ਉਹ ਕਿਤਾਬ ਖ਼ਰੀਦ ਪਾਉਂਦੇ, ਉਨ੍ਹਾਂ ਨੇ ਆਪਣੇ ਸਹਿਪਾਠੀ ਤੋਂ ਕਿਤਾਬ ਲੈ ਕੇ ਰਾਤ ਨੂੰ ਚੌਂਕ ਵਿਚ ਲੱਗੇ ਲੈਂਪ ਦੇ ਹੇਠਾਂ ਬੈਠ ਕੇ ਪੂਰੀ ਕਿਤਾਬ ਹੂ-ਬ-ਹੂ ਛਾਪ ਦਿੱਤੀ। ਜਦੋਂ ਅਗਲੇ ਦਿਨ ਜਮਾਤ ਵਿਚ ਅਧਿਆਪਕ ਨੇ ਸਾਰੇ ਬੱਚਿਆਂ ਨੂੰ ਕਿਤਾਬ ਦਿਖਾਉਣ ਲਈ ਕਿਹਾ, ਤਾਂ ਲਾਲ ਬਹਾਦਰ ਸ਼ਾਸਤਰੀ ਜੀ ਦੀ ਕਿਤਾਬ ਦੇਖ ਕੇ ਅਧਿਆਪਕ ਗੁੱਸੇ ਹੋਇਆ ਅਤੇ ਲਾਲ ਬਹਾਦਰ ਨੂੰ ਡੰਡੇ ਨਾਲ ਮਾਰਨਾ ਸ਼ੁਰੂ ਕੀਤਾ। ਇਹ ਸਭ ਦੇਖ ਲਾਲ ਬਹਾਦਰ ਦਾ ਮਿੱਤਰ ਬੋਲਿਆ, ਗੁਰੂ ਜੀ ਇਸ ਵਿਚ ਇਸਦੀ ਕੋਈ ਗ਼ਲਤੀ ਨਹੀਂ, ਇਸ ਕੋਲ ਕਿਤਾਬ ਖ਼ਰੀਦਣ ਲਈ ਪੈਸੇ ਨਹੀਂ ਸਨ, ਇਹ ਮੇਰੀ ਕਿਤਾਬ ਲਿਜਾ ਕੇ ਪੂਰੀ ਰਾਤ ਵਿਚ ਹੂ-ਬ-ਹੂ ਕਿਤਾਬ ਦੀ ਨਕਲ ਕਰ ਲਿਆਇਆ। ਲਾਲ ਬਹਾਦਰ ਦੀ ਮਿਹਨਤ ਦੇਖਦਿਆਂ ਅਧਿਆਪਕ ਬਹੁਤ ਹੈਰਾਨ ਹੋਇਆ ਅਤੇ ਉਨ੍ਹਾਂ ਨੇ ਲਾਲ ਬਹਾਦਰ ਨੂੰ ਸ਼ਾਬਾਸ਼ ਦਿੱਤੀ। ਲਾਲ ਬਹਾਦਰ ਸਕੂਲ ਜਾਣ ਲਈ ਨਦੀ ਤੈਰ ਕੇ ਪਾਰ ਕਰਕੇ ਜਾਂਦੇ ਕਿਉਂਕਿ ਕਿਸ਼ਤੀ ਵਿਚ ਜਾਣ ਲਈ ਉਨ੍ਹਾਂ ਕੋਲ ਪੈਸੇ ਨਹੀਂ ਸੀ ਹੁੰਦੇ। ਸਕੂਲੀ ਪੜ੍ਹਾਈ ਖ਼ਤਮ ਕਰਦਿਆਂ ਕਾਂਸ਼ੀ ਵਿਦਿਆਪੀਠ ਤੋਂ ਲਾਲ ਬਹਾਦਰ ਜੀ ਨੇ ਡਿਗਰੀ ਪ੍ਰਾਪਤ ਕੀਤੀ ਅਤੇ ਆਪਣੇ ਨਾਂ ਮਗਰ ਸ਼ਾਸਤਰੀ (ਇੱਕ




ਪ੍ਰਕਾਰ ਦੀ ਡਿਗਰੀ) ਲਗਾ ਲਿਆ। 1928 ਵਿਚ ਮਿਰਜ਼ਾਪੁਰ ਦੀ ਰਹਿਣ ਵਾਲੀ ਲਲਿਤਾ ਨਾਲ ਲਾਲ ਬਹਾਦਰ ਦਾ ਵਿਆਹ ਹੋਇਆ, ਇਨ੍ਹਾਂ ਦੇ ਘਰ ਦੋ ਧੀਆਂ ਅਤੇ ਚਾਰ ਪੁੱਤਰਾਂ ਨੇ ਜਨਮ ਲਿਆ। ਸ਼ਾਸਤਰੀ ਜੀ ਨੇ ਰਾਜਨੀਤੀ ਨੂੰ ਕਦੇ ਵੀ ਨਿੱਜੀ ਫਾਇਦਿਆਂ ਲਈ ਨਹੀਂ ਵਰਤਿਆ। ਉਹ ਤਮਾਮ ਉਮਰ ਸਾਦਗੀ ਅਤੇ ਸਾਧਾਰਨ ਜੀਵਨ ਸ਼ੈਲੀ ਦੇ ਮੁਰੀਦ ਰਹੇ। ਪ੍ਰਧਾਨ ਮੰਤਰੀ ਹੁੰਦਿਆਂ ਵੀ ਉਹ ਆਪਣੇ ਫਟੇ ਕੁੜਤੇ ਨੂੰ ਟਾਂਕਾ ਲਗਾ ਕੇ ਪਾ ਲੈਂਦੇ ਸਨ।


ਲਾਲ ਬਹਾਦਰ ਸ਼ਾਸਤਰੀ ਜੀ ਇਹ ਜਾਣਦੇ ਸਨ ਕਿ ਦੇਸ਼ ਦੀ ਤਰੱਕੀ ਕਿਸਾਨਾਂ ਅਤੇ ਜਵਾਨਾਂ ਦੇ ਮੋਢਿਆਂ 'ਤੇ ਟਿਕੀ ਹੈ। 1965 ਵਿਚ ਹੋਇਆ ਭਾਰਤ ਪਾਕਿਸਤਾਨ ਯੁੱਧ ਵਿਚ ਲਾਲ ਬਹਾਦਰ ਸ਼ਾਸਤਰੀ ਜੀ ਨੇ ਭਾਰਤੀ ਫ਼ੌਜ ਦਾ ਹੌਂਸਲਾ ਵਧਾਉਂਦੇ ਹੋਏ ਜਿੱਤ ਦਾ ਪਰਚਮ ਲਹਿਰਾਇਆ। ਦੇਸ਼ ਵਾਸੀ ਲਾਲ ਬਹਾਦਰ ਜੀ ਨੂੰ ਦਿਲੋਂ ਪਿਆਰ ਕਰਦੇ ਸਨ, ਇਹੀ ਕਾਰਨ ਹੈ ਕਿ ਜਦੋਂ ਦੇਸ਼ ਨੂੰ ਭੁੱਖਮਰੀ 'ਚੋਂ ਕੱਢਣ ਲਈ ਸ਼ਾਸਤਰੀ ਜੀ ਨੇ ਦੇਸ਼ ਵਾਸੀਆਂ ਨੂੰ ਇੱਕ ਦਿਨ ਲਈ ਵਰਤ ਰੱਖਣ ਦੀ ਅਪੀਲ ਕੀਤੀ, ਤਾਂ ਪੂਰੇ ਦੇਸ਼ ਨੇ ਉਨ੍ਹਾਂ ਦੇ ਫ਼ੈਸਲੇ ਦਾ ਸਵਾਗਤ ਕੀਤਾ। ਕਿਸਾਨ ਦੇਸ਼ ਦੀ ਰੀੜ੍ਹ ਦੀ ਹੱਡੀ ਹਨ, ਜੋ ਪੂਰੇ ਦੁਨੀਆਂ ਦਾ ਢਿੱਡ ਭਰਦੇ ਹਨ। ਭਾਰਤ ਦੇ ਕਿਸਾਨ ਮਿਹਨਤੀ ਅਤੇ ਸਿਰੜੀ ਹਨ, ਜੋ ਜੇਠ-ਹਾੜ ਦੀਆਂ ਗਰਮੀਆਂ ਅਤੇ ਪੋਹ ਦੀਆਂ ਰਾਤਾਂ ਵਿਚ ਵੀ ਪੁੱਤਾਂ ਵਾਂਗ ਫਸਲਾਂ ਪਾਲਦੇ ਹਨ। ਕਿਸਾਨਾਂ ਅਤੇ ਜਵਾਨਾਂ ਦੀ ਮਿਹਨਤ ਅਤੇ ਸੰਘਰਸ਼ ਨੂੰ ਸਲਾਮ ਕਰਦਿਆਂ ਹੀ ਲਾਲ ਬਹਾਦਰ ਸ਼ਾਸਤਰੀ ਜੀ ਨੇ 'ਜੈ ਜਵਾਨ ਜੈ ਕਿਸਾਨ' ਦਾ ਨਾਅਰਾ ਦਿੱਤਾ। ਜਵਾਨ ਬਾਰਡਰ 'ਤੇ ਅਤੇ ਕਿਸਾਨ ਦੇਸ਼ ਵਿਚ ਖ਼ੁਸ਼ਹਾਲ ਰਿਹਾ ਤਾਂ ਦੇਸ਼ ਤਰੱਕੀ ਕਰਨ ਵਿਚ ਕਦੇ ਵੀ ਪਿੱਛੇ ਨਹੀਂ ਰਹੇਗਾ। ਰਾਸ਼ਟਰੀ ਡੇਅਰੀ ਵਿਕਾਸ ਬੋਰਡ ਅਤੇ ਦੁੱਧ ਉਤਪਾਦਕ ਸਹਿਕਾਰੀ ਸੰਮਤੀਆਂ ਦੀ ਸਥਾਪਨਾ ਦਾ ਸਿਹਰਾ ਲਾਲ ਬਹਾਦਰ ਸ਼ਾਸਤਰੀ ਜੀ ਨੂੰ ਹੀ ਜਾਂਦਾ ਹੈ। ਗੁਜਰਾਤ ਤੋਂ ਸ਼ੁਰੂ ਕੀਤੀ ਸਹਿਕਾਰੀ ਸਭਾ ਅਮੂਲ ਅੱਜ ਅੰਤਰਰਾਸ਼ਟਰੀ ਬਰਾਂਡ ਬਣ ਚੁੱਕੀ ਹੈ। ਇਹ ਸੰਮਤੀਆਂ ਕਿਸਾਨਾਂ ਵੱਲੋਂ ਹੀ ਬਣਾਈਆਂ ਜਾਂਦੀਆਂ ਹਨ, ਜਿਨ੍ਹਾਂ ਦੇ ਮੁਨਾਫੇ ਦਾ ਲਾਭ ਵੀ ਕਿਸਾਨਾਂ ਤੱਕ ਪਹੁੰਚਾਇਆ ਜਾਂਦਾ ਹੈ। ਜਾਤ-ਪਾਤ, ਛੂਆ-ਛਾਤ ਅਤੇ ਭੇਦ-ਭਾਵ ਨੂੰ ਖ਼ਤਮ ਕਰਨ ਲਈ ਲਾਲ ਬਹਾਦਰ ਜੀ ਨੇ ਆਪਣੇ ਨਾਂ ਪਿੱਛੇ ਪੈਂਦੇ ਸ਼੍ਰੀਵਾਸਤਵ ਨੂੰ ਤਿਆਗਿਆ। ਦੇਸ਼ ਦੇ ਪ੍ਰਧਾਨ ਮੰਤਰੀ ਬਣਨ ਦੇ ਨਾਲ-ਨਾਲ ਉਹ ਰੇਲ ਮੰਤਰੀ, ਗ੍ਰਹਿ ਮੰਤਰੀ, ਵਿਦੇਸ਼ ਮੰਤਰੀ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਉੱਚ ਅਹੁਦਿਆਂ 'ਤੇ ਵੀ ਬਿਰਾਜਮਾਨ ਰਹੇ। ਸਦਾ ਆਪਣੀ ਧਰਤੀ ਮਾਂ ਨਾਲ ਜੁੜੇ ਰਹਿਣ ਵਾਲੇ ਲਾਲ ਬਹਾਦਰ ਸ਼ਾਸਤਰੀ ਜੀ ਦੁਆਰਾ 10 ਜਨਵਰੀ 1966 ਨੂੰ ਯੁੱਧ ਰੋਕਣ ਲਈ ਕੀਤਾ ਗਿਆ ਤਾਸ਼ਕੰਦ ਸਮਝੌਤਾ ਗਹਿਰੇ ਰਾਜ ਨਾਲ ਇਤਿਹਾਸ ਦੇ ਪੰਨਿਆਂ 'ਚ ਦਫ਼ਨ ਹੋਇਆ। ਤਾਸ਼ਕੰਦ ਸਮਝੌਤੇ ਤੋਂ ਅਗਲੇ ਦਿਨ 11 ਜਨਵਰੀ 1966 ਨੂੰ ਲਾਲ ਬਹਾਦਰ ਸ਼ਾਸਤਰੀ ਜੀ ਦੀ ਹੋਈ ਮੌਤ ਇੱਕ ਗਹਿਰਾ ਰਹੱਸ ਬਣ ਕੇ ਰਹਿ ਗਈ। ਕੁੱਝ ਤੱਥ ਦੱਸਦੇ ਹਨ ਕਿ ਉਨ੍ਹਾਂ ਦੀ ਮੌਤ ਦਿਲ ਦੇ ਦੌਰੇ ਨਾਲ ਹੋਈ ਅਤੇ ਕੁੱਝ ਸ਼ਾਸਤਰੀ ਜੀ ਦੀ ਹੱਤਿਆ ਹੋਣ ਦੀ ਗੱਲ ਕਰਦੇ ਹਨ। ਦੇਸ਼ ਸੇਵਾ ਦੇ ਯੋਗਦਾਨ ਲਈ ਉਨ੍ਹਾਂ ਨੂੰ ਮਰਨ ਉਪਰੰਤ ਭਾਰਤ ਰਤਨ ਨਾਲ ਸਨਮਾਨਿਤ ਕੀਤਾ ਗਿਆ। ਉਹ ਸੱਚਮੁੱਚ ਦੇ ਰਤਨ ਸਨ, ਜੋ ਗੁਰਬਤ ਵਿਚੋਂ ਉੱਠ ਕੇ ਦੇਸ਼ ਦੇ ਉੱਚ ਅਹੁਦਿਆਂ ਤੱਕ ਪਹੁੰਚ ਕੇ ਵੀ ਹੰਕਾਰ ਤੋਂ ਕੋਹਾਂ ਦੂਰ ਰਹਿ ਕੇ ਧਰਤੀ ਮਾਂ ਨਾਲ ਜੁੜੇ ਰਹੇ। ਸ਼ਾਸਤਰੀ ਜੀ ਵਾਹਿਗੁਰੂ ਵੱਲੋਂ ਮਿਲੀ ਸਵਾਸਾਂ ਦੀ ਪੂੰਜੀ ਭੋਗ ਕੇ ਇਸ ਦੁਨੀਆਂ ਤੋਂ ਤਾਂ ਰੁਖ਼ਸਤ ਹੋ ਗਏ ਪਰੰਤੂ ਉਨ੍ਹਾਂ ਦੁਆਰਾ ਦੇਸ਼ ਸੇਵਾ ਵਿਚ ਪਾਏ ਯੋਗਦਾਨ ਕਰਕੇ ਉਹ ਸਦਾ ਭਾਰਤੀਆਂ ਦੇ ਦਿਲਾਂ ਵਿਚ ਜਿਊਂਦੇ ਰਹਿਣਗੇ।

# ਰਾਵਿੰਦਰ ਸਿੰਘ ਸੋਢੀ ਦੀ ਪੁਸਤਕ 'ਸਾਂਝੇ ਫੁੱਲ' ਦੋ ਭਾਸ਼ਾਵਾਂ ਦਰਮਿਆਨ ਪੁਲ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA





**182 ਪੰਨਿਆਂ, 300 ਰੁਪਏ ਕੀਮਤ ਵਾਲਾ ਕਹਾਣੀ ਸੰਗ੍ਰਹਿ ਮਾਨ ਬੁੱਕ ਸਟੋਰ ਪਬਲੀਕੇਸ਼ਨ ਪਿੰਡ ਤੁੰਗਵਾਲੀ, ਜ਼ਿਲ੍ਹਾ ਬਠਿੰਡਾ ਨੇ ਪ੍ਰਕਾਸ਼ਤ ਕੀਤਾ ਹੈ। ਸੰਪਰਕ ਰਾਵਿੰਦਰ ਸੋਢੀ 001-604-369-2371**

ਰਾਵਿੰਦਰ ਸਿੰਘ ਸੋਢੀ ਬਹੁ-ਵਿਧਾਵੀ ਤੇ ਬਹੁ-ਪਰਤੀ ਸਾਹਿਤਕਾਰ ਹੈ। ਉਸ ਦੀਆਂ ਹੁਣ ਤੱਕ ਇੱਕ ਦਰਜਨ ਤੋਂ ਵਧੇਰੇ ਮੌਲਿਕ, ਦੋ ਸੰਪਾਦਨ ਅਤੇ ਦੋ ਅਨੁਵਾਦ ਦੀਆਂ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਉਸਦੀ ਸਾਹਿਤ ਦੀ ਹਰ ਵਿਧਾ 'ਤੇ ਪਕੜ ਹੈ। ਇੱਕ ਅਧਿਆਪਕ ਹੋਣ ਕਰਕੇ ਪੰਜਾਬੀ ਤੇ ਅੰਗਰੇਜ਼ੀ ਦੋਹਾਂ ਭਾਸ਼ਾਵਾਂ ਵਿਚ ਉਸਨੂੰ ਮੁਹਾਰਤ ਹੈ। 'ਸਾਂਝੇ ਫੁੱਲ' ਅਨੁਵਾਦ ਦੀ ਉਸਦੀ ਤੀਜੀ ਪੁਸਤਕ ਹੈ। ਇਸ ਪੁਸਤਕ ਵਿਚ ਅੰਗਰੇਜ਼ੀ ਦੀਆਂ 25 ਕਹਾਣੀਆਂ ਦਾ ਉਸਨੇ ਪੰਜਾਬੀ ਵਿਚ ਅਨੁਵਾਦ ਕੀਤਾ ਹੈ। ਅਨੁਵਾਦ ਕਰਨਾ ਹਰ ਵਿਅਕਤੀ ਦੇ ਵਸ ਦੀ ਗੱਲ ਨਹੀਂ ਹੁੰਦੀ। ਰਾਵਿੰਦਰ ਸਿੰਘ ਸੋਢੀ ਦਾ ਅਨੁਵਾਦ ਵੀ ਮੌਲਿਕ ਕਹਾਣੀਆਂ ਦੀ ਤਰ੍ਹਾਂ ਲੱਗਦਾ ਹੈ। ਉਸਨੇ ਇਨ੍ਹਾਂ ਕਹਾਣੀਆਂ ਰਾਹੀਂ ਆਪਣੀ ਅਨੁਵਾਦ ਦੀ ਕਲਾ ਦੀ ਪ੍ਰਤਿਭਾ ਦਾ ਪ੍ਰਗਟਾਵਾ ਕੀਤਾ ਹੈ। ਰਾਵਿੰਦਰ ਸਿੰਘ ਸੋਢੀ ਨੇ ਅਨੁਵਾਦ ਕਰਨ ਲਈ ਬਿਹਤਰੀਨ ਕਹਾਣੀਆਂ ਦੀ ਚੋਣ ਕੀਤੀ ਹੈ। ਇਹ ਸਾਰੀਆਂ ਕਹਾਣੀਆਂ ਸਮਾਜਿਕ ਸਰੋਕਾਰਾਂ ਦੀ ਬਾਤ ਪਾਉਂਦੀਆਂ ਹਨ। ਹਰ ਲੇਖਕ ਦੀ ਕਹਾਣੀ ਲਿਖਣ ਦੀ ਆਪਣੀ ਮੌਲਿਕ ਤਕਨੀਕ ਹੁੰਦੀ ਹੈ। ਰਾਵਿੰਦਰ ਸਿੰਘ ਸੋਢੀ ਨੇ 25 ਕਹਾਣੀਕਾਰਾਂ ਦੀ ਆਪੋ-ਆਪਣੀ ਤਕਨੀਕ ਨੂੰ ਆਪਣੀ ਸ਼ੈਲੀ ਵਿਚ ਲਿਖਕੇ ਮੌਲਿਕ ਕਹਾਣੀਆਂ ਦੀ ਤਰ੍ਹਾਂ ਪੇਸ਼ ਕਰ ਦਿੱਤਾ ਹੈ, ਕਿਉਂਕਿ ਹਰ ਕਹਾਣੀਕਾਰ ਦੀ ਭਾਵਨਾ ਨੂੰ ਸਮਝਕੇ ਲੇਖਕ ਦੀ ਰੂਹ ਦੀ ਆਵਾਜ਼ ਨੂੰ ਪਛਾਣਕੇ ਪੰਜਾਬੀ ਬੋਲੀ ਵਿਚ ਰੂਹ ਭਰ ਦਿੱਤੀ ਹੈ। ਸਾਰੀਆਂ ਕਹਾਣੀਆਂ ਨੂੰ ਅੱਗੇ ਪੜ੍ਹਨ ਦੀ ਪ੍ਰਵਿਰਤੀ ਭਾਰੂ ਰਹਿੰਦੀ ਹੈ, ਭਾਵ ਕਹਾਣੀਆਂ ਵਿਚ ਦਿਲਚਸਪੀ ਬਣੀ ਰਹਿੰਦੀ ਹੈ। ਸਾਰੀਆਂ ਕਹਾਣੀਆਂ ਇੱਕ ਦੂਜੀ ਤੋਂ ਵਧੇਰੇ ਦਿਲਚਸਪ ਲੱਗਦੀਆਂ ਹਨ। ਕਿਸੇ ਕਹਾਣੀ ਵਿਚ ਰੁੱਖਾਪਣ ਨਹੀਂ ਹੈ। ਪਹਿਲੀ ਕਹਾਣੀ 'ਪਿਆਰਾ ਜਿਹਾ ਰੁੱਕਾ' ਇਸਤਰੀ ਦੀ ਮਾਨਸਿਕਤਾ ਦਾ ਬਿਹਤਰੀਨ ਪ੍ਰਗਟਾਵਾ ਹੈ। ਇਹ ਕਹਾਣੀ ਪਾਠਕਾਂ ਨੂੰ ਔਰਤਾਂ ਦੀਆਂ ਭਾਵਨਾਵਾਂ ਦਾ ਅਹਿਸਾਸ ਕਰਵਾਉਂਦੀ ਹੈ। ਇਸੇ ਤਰ੍ਹਾਂ 'ਸੁੰਨੇ ਰਾਹਾਂ ਦੇ ਪਾਂਧੀ' ਕਹਾਣੀ ਇੱਕ ਵਿਲੱਖਣ ਤਰ੍ਹਾਂ ਦੀਆਂ ਭਾਵਨਾਵਾਂ ਨਾਲ ਭਰਪੂਰ ਕਹਾਣੀ ਹੈ। ਇਹ ਕਹਾਣੀ ਵੀ ਵਰਤਮਾਨ ਆਧੁਨਿਕ ਸਮਾਜ ਦੀ ਤੀਜੇ ਲਿੰਗ ਪ੍ਰਤੀ ਹਮਦਰਦੀ ਅਤੇ ਬਰਾਬਰਤਾ ਬਣਾਈ ਰੱਖਣ ਦੀ ਅਹਿਮੀਅਤ ਦਰਸਾਉਂਦੀ ਹੋਈ, ਇਨਸਾਨ ਦੀ ਸੋਚ ਵਿਚ ਬਦਲਾਓ ਦਾ ਵਰਣਨ ਕਰਦੀ ਹੈ। 'ਬਦਲਦੇ ਨਜ਼ਰੀਏ' ਕਹਾਣੀ ਵੀ ਬਾਕਮਾਲ ਹੈ, ਜਿਸ ਵਿਚ ਦਰਸਾਇਆ ਗਿਆ ਹੈ ਕਿ ਹਰ ਘਟਨਾ ਬਾਰੇ ਨਜ਼ਰੀਆ ਹਰ ਵਿਅਕਤੀ ਦਾ ਆਪੋ ਆਪਣਾ ਆਪੋ ਆਪਣੀ ਸੋਚ ਤੇ ਹਾਲਾਤ ਅਨੁਸਾਰ ਬਣਦਾ ਤੇ ਬਦਲਦਾ ਰਹਿੰਦਾ ਹੈ, ਜਿਵੇਂ ਪ੍ਰੋ. ਓਰਲੋਵ ਜੰਗ ਬਾਰੇ ਪਹਿਲਾਂ ਹੋਰ ਸੀ, ਪ੍ਰੰਤੂ ਜਦੋਂ ਉਸਦਾ ਪੁੱਤਰ ਸ਼ਹੀਦ ਹੋਇਆ, ਤਾਂ ਉਸਦਾ ਨਜ਼ਰੀਆ ਬਿਲਕੁਲ ਉਲਟ ਪਾਸੇ ਬਦਲ ਗਿਆ। ਇਸੇ ਤਰ੍ਹਾਂ 'ਚਿਹਰੇ ਦੇ ਬਦਲਦੇ ਰੰਗ' ਕਹਾਣੀ ਦਾ ਪ੍ਰਭਾਵ ਜਾਂਦਾ ਹੈ, ਜਦੋਂ ਬਰੁਨ ਦੀ ਚੈਟ ਉਸਦੀ ਪਤਨੀ ਤੇ ਲੜਕੀ ਪੜ੍ਹ ਲੈਂਦੇ ਹਨ ਤਾਂ ਤਿੰਨਾਂ ਦੇ ਚਿਹਰਿਆਂ ਦੇ ਰੰਗ ਬਦਲ ਜਾਂਦੇ ਹਨ। 'ਚੁੱਪ ਦੀ ਚੀਕ' ਕਹਾਣੀ ਬਹੁ-ਮੰਤਵੀ ਤੇ ਬਹੁ-ਪਰਤੀ ਹੈ, ਕਿਉਂਕਿ ਇਸ ਵਿਚ ਇੱਕ ਗ਼ਰੀਬ ਪਰਿਵਾਰ ਦੇ ਸਾਰੇ ਮੈਂਬਰਾਂ ਦੇ ਵੱਖਰੇ ਸੁਭਾਅ, ਜਿਵੇਂ ਰਾਜੂ ਸ਼ਰਾਬੀ, ਮੀਰਾ ਜ਼ਿੰਮੇਵਾਰ, ਮੋਹਕ ਹੁਸ਼ਿਆਰ ਤੇ ਜ਼ਿੰਮੇਵਾਰ ਅਤੇ ਤਿੰਨੇ ਕੁੜੀਆਂ ਤੇ ਛੋਟਾ ਲੜਕਾ ਵਫ਼ਦਾਰ ਤੇ ਗੁਆਂਢਣ, ਉਸਦਾ ਪਤੀ ਤੇ ਲੜਕੀ ਨਿਧੀ ਨੂੰ ਇਨਸਾਨੀਅਤ ਦੀ ਪ੍ਰਤੀਕ ਵਿਖਾਇਆ ਗਿਆ ਹੈ। 'ਹਾਦਸਾ' ਕਹਾਣੀ ਹਿੰਦੂ ਸਿੱਖ ਦੀ ਏਕਤਾ ਦੀ ਪ੍ਰਤੀਕ ਹੈ। 'ਖ਼ੂਨ ਦੇ ਰਿਸ਼ਤੇ' ਕਹਾਣੀ ਵਰਤਮਾਨ ਸਮਾਜਿਕ ਤਾਣੇ-ਬਾਣੇ ਵਿਚ ਪਰਿਵਾਰਾਂ ਦੇ ਰਿਸ਼ਤਿਆਂ ਵਿਚ ਪਈਆਂ ਤ੍ਰੇੜਾਂ ਦੀ ਖਟਾਸ ਦਾ ਵਰਣਨ ਕਰਦੀ ਹੈ। ਇਸ ਕਹਾਣੀ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਪਰਿਵਾਰਿਕ ਰਿਸ਼ਤਿਆਂ ਵਿਚ ਖ਼ੁਦਗਰਜ਼ੀ ਦਾ ਬੋਲਬਾਲਾ ਹੈ। ਸਮਾਜ ਵਿਚ ਆਪਸੀ ਪਿਆਰ ਦੇ ਰਿਸ਼ਤੇ ਬਿਹਤਰ ਨਿਭਦੇ ਹਨ। 'ਸਮਾਂ ਬਦਲ ਗਿਆ' ਕਹਾਣੀ ਪਰਿਵਾਰਾਂ ਵਿਚ ਤਿਓਹਾਰਾਂ ਮੌਕੇ ਵਿਖਾਵੇ ਦੀ ਵੱਧ ਰਹੀ ਪ੍ਰਵਿਰਤੀ ਦੀ ਜਾਣਕਾਰੀ ਦਿੱਤੀ ਗਈ ਹੈ। ਇਹ ਵੀ ਦਰਸਾਇਆ ਹੈ ਕਿ ਆਧੁਨਿਕ ਨੌਜਵਾਨ ਪੀੜ੍ਹੀ ਵਿਚ ਸਮੇਂ ਦੇ ਨਾਲ ਵਿਵਹਾਰਿਕ ਤਬਦੀਲੀ ਹੋ ਰਹੀ ਹੈ। 'ਪਤਾ ਨਹੀਂ' ਕਹਾਣੀ ਇਸਤਰੀਆਂ ਦੀ ਜ਼ਿੰਦਗੀ ਦੀ ਦੁੱਖ, ਦਰਦ ਅਤੇ ਮੁਸੀਬਤਾਂ ਦਾ ਪੁਲੰਦਾ ਹੈ, ਪ੍ਰੰਤੂ ਅਜਿਹੀ ਸਥਿਤੀ ਵਿਚ ਵੀ ਔਰਤ ਵਿਚਰਦੀ ਹੋਈ ਹਿੰਮਤ ਨਹੀਂ ਹਾਰਦੀ। ਔਰਤ ਭਾਵੇਂ ਕਿਤਨੀਆਂ ਹੀ ਉਲਝਣਾ ਵਿਚ ਹੋਵੇ ਇਸ਼ਕ/ਪਿਆਰ/ ਰੁਮਾਂਸ ਤੋਂ ਮੁੱਖ ਨਹੀਂ ਮੋੜ ਸਕਦੀ। 'ਕੌਣ ਲਿਖੇ ਲੇਖ' ਕਹਾਣੀ ਇਸ਼ਕ/ਪਿਆਰ ਦੇ ਗੋਰਖ ਧੰਦੇ ਦੀ ਦੀ ਤ੍ਰਾਸਦੀ ਦਾ ਵਰਣਨ ਕਰਦੀ ਹੈ। ਸਮੇਂ ਦੀ ਕਰਵਟ ਸਭ ਕੁਝ ਬਦਲ ਦਿੰਦੀ ਹੈ। ਇਸ਼ਕ/ਪਿਆਰ ਵਿਚ ਧੋਖੇ ਕਦਮ-ਕਦਮ 'ਤੇ ਵੇਖਣ ਨੂੰ ਮਿਲਦੇ ਹਨ। 'ਧਿਆਨ ਨਾਲ ਸੁਣੋ: ਇਕ ਪਿਆਰ ਕਹਾਣੀ' ਬਹੁਤ ਹੀ ਹਿਰਦੇਵੇਦਿਕ ਤੇ ਵਰਤਮਾਨ ਸਮਾਜ 'ਤੇ ਕਿੰਤੂ-ਪ੍ਰੰਤੂ ਕਰਦੀ ਹੈ, ਕਿਉਂਕਿ ਇਸਤਰੀਆਂ ਨਾਲ ਉਨ੍ਹਾਂ ਦੇ ਨਜ਼ਦੀਕੀ ਹੀ ਜਬਰ-ਜਨਾਹ ਕਰਦੇ ਹਨ। ਇਸ ਕਹਾਣੀ ਦਾ ਦੂਜਾ ਪੱਖ ਇਹ ਸੁਝਾਅ ਦਿੰਦਾ ਹੈ ਕਿ ਅੱਲ੍ਹੜ ਕੁੜੀਆਂ ਨੂੰ ਉਨ੍ਹਾਂ ਦੇ ਮਾਪਿਆਂ ਨੂੰ ਇਸ਼ਕ/ਪਿਆਰ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ, ਤਾਂ ਜੋ ਉਹ ਸੁਹਾਵਣਾ ਜੀਵਨ ਜੀਅ ਸਕਣ। 'ਉਹ ਅਸਲੀ ਇਨਸਾਨ ਹੈ' ਕਹਾਣੀ ਸਮਾਜਿਕ ਤਾਣੇ-ਬਾਣੇ ਵਿਚ ਨਿਘਾਰ ਦਾ ਪ੍ਰਗਟਾਵਾ ਕਰਦੀ ਹੈ, ਜਿਸ ਵਿਚ ਲਾਲਚ ਵਸ ਪਰਿਵਾਰਿਕ ਖ਼ੂਨ ਦੇ ਰਿਸ਼ਤਿਆਂ ਵੱਲੋਂ ਧੋਖੇ ਕੀਤੇ ਜਾਣ ਅਤੇ ਛੂਤ-ਛਾਤ ਦੀ ਪ੍ਰਵਿਰਤੀ ਦਾ ਪਰਦਾਫਾਸ਼ ਕੀਤਾ ਗਿਆ ਹੈ। 'ਉਹ ਸਭ ਦੇਖਦਾ ਹੈ' ਕਹਾਣੀ ਸਾਹਿਤਕ ਸੰਸਥਾਵਾਂ ਵਿਚ ਹੋ ਰਹੇ ਦੁਰਾਚਾਰ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦੀ ਹੈ। ਵਿਵਾਹਤ ਸ਼ਿਕਾਰੀ ਸਾਹਿਤਕਾਰ ਸਾਹਿਤਕ ਔਰਤਾਂ ਨੂੰ ਆਪਣੇ ਮੱਕੜਜਾਲ ਵਿਚ ਫਸਾਕੇ ਉਨ੍ਹਾਂ ਦੀਆਂ ਭਾਵਨਾਵਾਂ ਨਾਲ ਖੇਡਣ ਦੀ ਚਾਲ ਚਲਦੇ ਹਨ ਅਤੇ ਅਜਿਹੇ ਸਾਹਿਤਕਾਰ ਮਰਦ ਹਉਮੈ ਗ੍ਰਸਤ ਵੀ ਹੁੰਦੇ ਹਨ। ਔਰਤ ਨੂੰ ਨੀਵੀਂ ਵਿਖਾਉਣ ਵਿਚ ਵੀ ਮੋਹਰੀ ਬਣਦੇ ਹਨ, ਪ੍ਰੰਤੂ ਕਈ ਵਾਰ ਹਾਲਾਤ ਪੁੱਠਾ ਗੇੜਾ ਦੇ ਦਿੰਦੇ ਹਨ। 'ਆਸ਼ਰਮ ਇਕ ਸਹਾਰਾ' ਕਹਾਣੀ ਬਹੁਪੱਖੀ ਤੇ ਬਹੁ-ਮੰਤਵੀ ਹੈ। ਇਸ ਕਹਾਣੀ ਵਿਚ ਔਰਤ ਦੀ ਜ਼ਿੰਦਗੀ ਵਿਚ ਆਉਣ ਵਾਲੀਆਂ ਸਮੱਸਿਆਵਾਂ ਜਿਨ੍ਹਾਂ ਵਿਚ ਹਾਂ ਪੱਖੀ ਸੋਚ, ਮਰਦ ਦੀ ਔਰਤਾਂ ਬਾਰੇ ਮਾਨਸਿਕਤਾ, ਬਾਂਝਪਣ, ਕੈਂਸਰ ਵਰਗੀ ਨਾਮੁਰਾਦ ਬਿਮਾਰੀ, ਹਰ ਮੁਸ਼ਕਲ ਦਾ ਮੁਕਾਬਲਾ ਕਰਨ, ਪੁਰਾਣੀਆਂ ਘਟਨਾਵਾਂ ਨੂੰ ਭੁੱਲਕੇ ਨਵਾਂ ਜੀਵਨ ਜਿਓਣ, ਅਨੁਸ਼ਾਸਨ ਵਿਚ ਰਹਿਣ ਅਤੇ ਉਮੀਦ ਨਾ ਛੱਡਣ ਆਦਿ ਭੱਖਵੇਂ ਮੁੱਦਿਆਂ ਨੂੰ ਲਿਆ ਗਿਆ ਹੈ। 'ਦਿਨ ਦੇ ਸਪਨੇ' ਕਹਾਣੀ ਇੰਦੂ ਤੇ ਰਾਕੇਸ਼ ਦੀ ਵਿਵਾਹਤ ਜ਼ਿੰਦਗੀ ਸਮੇਂ ਔਰਤ ਦੇ ਸਪਨਿਆਂ ਦਾ ਟੁੱਟਣਾ, ਹਿੰਮਤ ਜਾਰੀ ਰੱਖਣਾ ਅਤੇ ਮੁਸੀਬਤ ਦਾ ਰਲ-ਮਿਲਕੇ ਮੁਕਾਬਲਾ ਕਰਕੇ ਜਿਉਣਾ ਕਮਾਲ ਦਾ ਬਿਰਤਾਂਤ ਹੈ। 'ਸੁਪਨਿਆਂ ਦੀ ਉਡਾਣ' ਕਹਾਣੀ ਸਮਾਜ ਵੱਲੋਂ ਮੁੰਡੇ ਅਤੇ ਕੁੜੀ ਵਿਚ ਰੱਖੇ ਜਾਂਦੇ ਅੰਤਰ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦੀ ਹੈ, ਪ੍ਰੰਤੂ ਮਾਲਤੀ ਦੀ ਦ੍ਰਿੜ੍ਹਤਾ, ਲਗਨ, ਹੁਸ਼ਿਆਰੀ ਅਤੇ ਬਹਾਦਰੀ ਨੇ ਇਸ ਸਮਾਜਿਕ ਬਿਮਾਰੀ ਵਿਰੁੱਧ ਜਾਗ੍ਰਤੀ ਪੈਦਾ ਕਰਕੇ ਲੜਕੀਆਂ ਲਈ ਪ੍ਰੇਰਨਾ ਸ੍ਰੋਤ ਬਣੀ ਹੈ। ਬਾਲ ਵਿਆਹ, ਦਾਜ ਅਤੇ ਬੇਜੋੜ ਵਿਆਹਾਂ ਵਿਰੁੱਧ ਔਰਤਾਂ ਨੂੰ ਲਾਮਬੰਦ ਕਰਨ ਦੀ ਕੋਸ਼ਿਸ਼ ਕਹੀ ਜਾ ਸਕਦੀ ਹੈ। 'ਮਨੁੱਖੀ ਕਲੋਨ' ਨਿਰਾਸ਼ ਲੋਕਾਂ ਦੀ ਤ੍ਰਾਸਦੀ ਦਾ ਜ਼ਿਕਰ ਕਰਦੀ ਹੈ, ਉਨ੍ਹਾਂ ਲਈ ਆਸ ਅਤੇ ਸਿਰਜਣਾ ਦੀ ਕਿਰਨ ਵਿਖਾਈ ਦਿੰਦੀ ਹੈ, ਪ੍ਰੰਤੂ ਕੁਦਰਤ ਨਾਲ ਟਕਰਾਓ ਸਫ਼ਲ ਹੋਣਾ ਅਸੰਭਵ ਹੈ। 'ਸਰਾਪ' ਕਹਾਣੀ ਵਹਿਮਾਂ-ਭਰਮਾਂ ਦਾ ਖੰਡਨ ਕਰਦੀ ਹੈ ਤੇ ਇਸਦੇ ਨਾਲ ਹੀ ਇਹ ਵੀ ਸਾਬਤ ਕਰਦੀ ਹੈ ਕਿ ਇਸ਼ਕ/ਪਿਆਰ ਤੋਂ ਮਰਦ/ਔਰਤ ਦੂਰ ਨਹੀਂ ਜਾ ਸਕਦੇ, ਇਹ ਕੁਦਰਤ ਦੀ ਵਿਰੋਧੀ ਲਿੰਗ ਦੀ ਖਿੱਚ ਦਾ ਪ੍ਰਤੀਕ ਹੈ। ਇਹ ਕਹਾਣੀ ਔਰਤ ਹੋਣ ਦੀ ਮਹੱਤਤਾ ਅਤੇ ਉਸ ਨਾਲ ਬਿਹਤਰੀਨ ਵਿਵਹਾਰ ਦੀ ਮੰਗ ਕਰਦੀ ਹੈ। ਇਹ ਸੰਦੇਸ਼ ਵੀ ਮਿਲਦਾ ਹੈ ਕਿ ਔਰਤ ਦੇ ਸਤਿਕਾਰ ਤੋਂ ਬਿਨਾ ਸਮਾਜ ਖ਼ੁਸ਼ਹਾਲ ਨਹੀਂ ਹੋ ਸਕਦਾ। 'ਮੌਤ ਅਤੇ ਆਸ' ਕਹਾਣੀ ਵੀ ਅੰਧ ਵਿਸ਼ਵਾਸਾਂ ਦਾ ਖੰਡਨ ਕਰਦੀ ਹੈ। ਇਸ਼ਕ/ਪਿਆਰ ਮਰਦ ਔਰਤ ਦੀ ਕਮਜ਼ੋਰੀ ਵੀ ਸਾਬਤ ਕਰਦੀ ਹੈ। 'ਚੋਰ ਨਹੀਂ ਭੁੱਖਾ' ਗ਼ਰੀਬੀ ਦਾ ਸੰਤਾਪ, ਅਮੀਰੀ ਦਾ ਘੁਮੰਡ ਅਤੇ ਧੋਖੇ ਦਾ ਬਿਰਤਾਂਤ ਹੈ। 'ਏਥੇ ਕੋਈ ਜ਼ਨਤ ਨਹੀਂ' ਇਹ ਕਹਾਣੀ ਪਿੰਡਾਂ ਦੇ ਲੋਕਾਂ ਦੀ ਮਾਨਸਿਕਤਾ ਜਿਸ ਵਿਚ ਲੜਕੀਆਂ ਨੂੰ ਅੱਗੇ ਵੱਧਣ ਤੋਂ ਰੋਕਣਾ, ਪੜ੍ਹਨ ਨਹੀਂ ਦੇਣਾ ਤਾਂ ਜੋ ਵਿਗੜ ਨਾ ਜਾਣ। ਪਿੰਡਾਂ ਵਿਚ ਲੜਕੀਆਂ ਨਿਰਾਸ਼ਾ ਦੀ ਜ਼ਿੰਦਗੀ ਜੀਅ ਰਹੀਆਂ ਹਨ, ਇਹ ਕਹਾਣੀ ਔਰਤ ਦੀ ਹੋਣੀ ਦਾ ਪ੍ਰਤੀਕ ਬਣਦੀ ਹੈ। 'ਕੀ ਉਹ ਆਏਗਾ ?' ਰੁਮਾਂਟਿਕ ਕਹਾਣੀ ਹੈ, ਜਿਹੜੀ ਮਰਦ ਔਰਤ ਦੀਆਂ ਭਾਵਨਾਵਾਂ ਦਰਸਾਉਂਦੀ ਹੋਈ ਕਹਿ ਰਹੀ ਹੈ ਕਿ ਇਸ਼ਕ/ਪਿਆਰ ਇੱਕ ਗੁੰਝਲਦਾਰ ਬੁਝਾਰਤ ਹੈ। 'ਚਿੜੀਆਂ ਦਾ ਆਲ੍ਹਣਾ' ਗ਼ਰੀਬਾਂ ਦੇ ਦੁਖ ਦਰਦ ਦੀ ਕਹਾਣੀ ਤੇ ਉਸ ਦਰਦ ਨੂੰ ਵੰਡਾਉਣ ਦੀ ਪ੍ਰਵਿਤੀ ਦੀ ਦ੍ਰਿਸ਼ਟਾਂਤਿਕ ਪੇਸ਼ਕਾਰੀ ਕਰਦੀ ਹੈ। 'ਸਮੁੰਦਰ ਦੀਆਂ ਤਾਰੀਆਂ' ਕਹਾਣੀ ਤੋਂ ਦੋ ਸਬਕ ਮਿਲਦੇ ਹਨ, ਪਹਿਲੀ ਗੱਲ ਤਾਂ ਇਹ ਹੈ ਕਿ ਖ਼ਤਰੇ ਵਾਲੀਆਂ ਹਰਕਤਾਂ ਨਾ ਕਰੋ ਅਤੇ ਹਰ ਦੁੱਖ-ਸੁੱਖ ਵਿਚ ਹੌਂਸਲਾ ਨਾ ਛੱਡੋ, ਇੱਛਾ ਸ਼ਕਤੀ ਮਜ਼ਬੂਤ ਬਣਾਓ ਜਿਵੇਂ ਸਮੀਹਤਾ ਨੇ ਕੀਤਾ ਹੈ। 'ਲਾਲ ਫੁੱਲ ਗਏ ਮੁਰਝਾ' ਕਹਾਣੀ ਤੋਂ ਪ੍ਰੇਰਨਾ ਮਿਲਦੀ ਹੈ ਕਿ ਮਾਂ ਦੀ ਨਸੀਹਤ 'ਤੇ ਲੜਕੀਆਂ ਨੂੰ ਅਮਲ ਕਰਨਾ ਚਾਹੀਦਾ ਹੈ ਅਤੇ ਹਰ ਦੇਸ਼ ਦੀ ਪੁਲਿਸ ਲਗਪਗ ਇੱਕੋ ਤਰ੍ਹਾਂ ਦਾ ਵਿਵਹਾਰ ਕਰਦੀ ਹੈ। ਅਖ਼ੀਰ ਵਿਚ ਕਿਹਾ ਸਕਦਾ ਹੈ ਕਿ ਰਵਿੰਦਰ ਸਿੰਘ ਸੋਢੀ ਆਪਣੀ ਅਨੁਵਾਦ ਦੀ ਕਲਾ ਵਿਚ ਸਫਲ ਰਿਹਾ ਹੈ।

**ਸਾਰੀਆਂ ਕਹਾਣੀਆਂ ਇੱਕ ਦੂਜੀ ਤੋਂ ਵਧੇਰੇ ਦਿਲਚਸਪ ਲੱਗਦੀਆਂ ਹਨ। ਕਿਸੇ ਕਹਾਣੀ ਵਿਚ ਰੁੱਖਾਪਣ ਨਹੀਂ ਹੈ। ਪਹਿਲੀ ਕਹਾਣੀ 'ਪਿਆਰਾ ਜਿਹਾ ਰੁੱਕਾ' ਇਸਤਰੀ ਦੀ ਮਾਨਸਿਕਤਾ ਦਾ ਬਿਹਤਰੀਨ ਪ੍ਰਗਟਾਵਾ ਹੈ। ਇਹ ਕਹਾਣੀ ਪਾਠਕਾਂ ਨੂੰ ਔਰਤਾਂ ਦੀਆਂ ਭਾਵਨਾਵਾਂ ਦਾ ਅਹਿਸਾਸ ਕਰਵਾਉਂਦੀ ਹੈ। ਇਸੇ ਤਰ੍ਹਾਂ 'ਸੁੰਨੇ ਰਾਹਾਂ ਦੇ ਪਾਂਧੀ' ਕਹਾਣੀ ਇੱਕ ਵਿਲੱਖਣ ਤਰ੍ਹਾਂ ਦੀਆਂ ਭਾਵਨਾਵਾਂ ਨਾਲ ਭਰਪੂਰ ਕਹਾਣੀ ਹੈ। ਇਹ ਕਹਾਣੀ ਵੀ ਵਰਤਮਾਨ ਆਧੁਨਿਕ ਸਮਾਜ ਦੀ ਤੀਜੇ ਲਿੰਗ ਪ੍ਰਤੀ ਹਮਦਰਦੀ ਅਤੇ ਬਰਾਬਰਤਾ ਬਣਾਈ ਰੱਖਣ ਦੀ ਅਹਿਮੀਅਤ ਦਰਸਾਉਂਦੀ ਹੋਈ, ਇਨਸਾਨ ਦੀ ਸੋਚ ਵਿਚ ਬਦਲਾਓ ਦਾ ਵਰਣਨ ਕਰਦੀ ਹੈ।**

# ਸ਼ਹੀਦੇ-ਏ-ਆਜ਼ਮ ਸਰਦਾਰ ਭਗਤ ਸਿੰਘ

ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।
ਪੰਜਾਬ ਮੇਲ USA



ਭਾਰਤ ਦੀ ਆਜ਼ਾਦੀ ਦੀ ਲੜਾਈ ਵਿਚ ਅਣਗਿਣਤ ਮਹਾਨ ਯੋਧਿਆਂ ਨੇ ਆਪਣੇ ਯੋਗਦਾਨ ਪਾ ਕੇ ਇਤਿਹਾਸ ਦਾ ਰੁੱਖ ਬਦਲ ਦਿੱਤਾ। ਇਨ੍ਹਾਂ ਨਿਧੜਕ ਸਿਰਲੱਥ ਯੋਧਿਆਂ ਦੀ ਕਤਾਰ ਵਿਚ ਸਰਦਾਰ ਭਗਤ ਸਿੰਘ (1907-1931) ਦੀ ਸ਼ਖ਼ਸੀਅਤ ਵਿਲੱਖਣ ਸਥਾਨ ਰੱਖਦੀ ਹੈ। ਉਹ ਸਿਰਫ਼ ਬ੍ਰਿਟਿਸ਼ ਰਾਜ ਦੇ ਖ਼ਿਲਾਫ਼ ਹਥਿਆਰਬੰਦ ਲੜਾਕੂ ਨਹੀਂ ਸਨ, ਸਗੋਂ ਇੱਕ ਸੋਚਵਾਨ ਵਿਦਵਾਨ, ਸਮਾਜਿਕ ਵਿਚਾਰਕ ਅਤੇ ਨੌਜਵਾਨੀ ਦੀ ਬੇਬਾਕ ਆਵਾਜ਼ ਵੀ ਸਨ। ਉਨ੍ਹਾਂ ਦੀ ਛੋਟੀ ਉਮਰ ਵਿਚ ਸ਼ਹਾਦਤ ਨੇ ਉਨ੍ਹਾਂ ਨੂੰ ਅਮਰ ਬਣਾ ਦਿੱਤਾ ਅਤੇ ਉਹ ਪੀੜ੍ਹੀਆਂ ਲਈ ਪ੍ਰੇਰਣਾ-ਸਰੋਤ ਬਣੇ ਰਹੇ।

ਸ਼ੁਰੂਆਤੀ ਜੀਵਨ ਅਤੇ ਪ੍ਰਭਾਵ

ਸਰਦਾਰ ਭਗਤ ਸਿੰਘ ਦਾ ਜਨਮ 28 ਸਤੰਬਰ, 1907 ਨੂੰ ਬੰਗਾ (ਜ਼ਿਲ੍ਹਾ ਲਾਇਲਪੁਰ, ਮੌਜੂਦਾ ਪਾਕਿਸਤਾਨ) ਵਿਚ ਹੋਇਆ। ਉਨ੍ਹਾਂ ਦਾ ਪਰਿਵਾਰ ਗ਼ਦਰ ਪਾਰਟੀ ਅਤੇ ਕ੍ਰਾਂਤੀਕਾਰੀ ਹਲਚਲ ਨਾਲ ਡੂੰਘਾ ਜੁੜਿਆ ਹੋਇਆ ਸੀ। ਇਹ ਵਾਤਾਵਰਣ ਬਚਪਨ ਤੋਂ ਹੀ ਉਨ੍ਹਾਂ ਵਿਚ ਆਜ਼ਾਦੀ ਦੀ ਚਾਹ ਪੈਦਾ ਕਰ ਗਿਆ।

1919 ਦੇ ਜਲ੍ਹਿਆਂਵਾਲਾ ਬਾਗ ਕਤਲੇਆਮ ਨੇ ਨੌਜਵਾਨ ਸਰਦਾਰ ਭਗਤ ਸਿੰਘ ਦੇ ਮਨ ਉੱਤੇ ਗਹਿਰਾ ਅਸਰ ਛੱਡਿਆ। ਇਸ ਤੋਂ ਬਾਅਦ ਉਨ੍ਹਾਂ ਨੇ ਫੈਸਲਾ ਕਰ ਲਿਆ ਕਿ ਬ੍ਰਿਟਿਸ਼ ਰਾਜ ਦੇ ਜ਼ੁਲਮਾਂ ਨੂੰ ਖ਼ਾਮੋਸ਼ੀ ਨਾਲ ਨਹੀ ਸਹਿਣਗੇ। ਵਿਦਿਆਰਥੀ ਦੌਰ ਵਿਚ ਹੀ ਉਹ ਕਾਰਲ ਮਾਰਕਸ, ਲੈਨਿਨ ਅਤੇ ਟਾਮਸ ਪੇਨ ਵਰਗੇ ਵਿਚਾਰਕਾਂ ਦੀਆਂ ਰਚਨਾਵਾਂ ਪੜ੍ਹ ਕੇ ਰਾਸ਼ਟਰਵਾਦ, ਸਮਾਜਵਾਦ ਅਤੇ ਯੁਕਤੀਵਾਦ ਨਾਲ ਪ੍ਰੇਰਿਤ ਹੋਏ।



1919 ਦੇ ਜਲ੍ਹਿਆਂਵਾਲਾ ਬਾਗ ਕਤਲੇਆਮ ਨੇ ਨੌਜਵਾਨ ਸਰਦਾਰ ਭਗਤ ਸਿੰਘ ਦੇ ਮਨ ਉੱਤੇ ਗਹਿਰਾ ਅਸਰ ਛੱਡਿਆ। ਇਸ ਤੋਂ ਬਾਅਦ ਉਨ੍ਹਾਂ ਨੇ ਫੈਸਲਾ ਕਰ ਲਿਆ ਕਿ ਬ੍ਰਿਟਿਸ਼ ਰਾਜ ਦੇ ਜ਼ੁਲਮਾਂ ਨੂੰ ਖ਼ਾਮੋਸ਼ੀ ਨਾਲ ਨਹੀ ਸਹਿਣਗੇ। ਵਿਦਿਆਰਥੀ ਦੌਰ ਵਿਚ ਹੀ ਉਹ ਕਾਰਲ ਮਾਰਕਸ, ਲੈਨਿਨ ਅਤੇ ਟਾਮਸ ਪੇਨ ਵਰਗੇ ਵਿਚਾਰਕਾਂ ਦੀਆਂ ਰਚਨਾਵਾਂ ਪੜ੍ਹ ਕੇ ਰਾਸ਼ਟਰਵਾਦ, ਸਮਾਜਵਾਦ ਅਤੇ ਯੁਕਤੀਵਾਦ ਨਾਲ ਪ੍ਰੇਰਿਤ ਹੋਏ।

## ਕ੍ਰਾਂਤੀਕਾਰੀ ਮਾਰਗ ਅਤੇ ਵਿਚਾਰਧਾਰਾ

ਸਰਦਾਰ ਭਗਤ ਸਿੰਘ ਨੇ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ (ਐੱਚ.ਐੱਸ.ਆਰ.ਏ.) ਵਿਚ ਸ਼ਾਮਲ ਹੋ ਕੇ ਆਪਣੀ ਕ੍ਰਾਂਤੀਕਾਰੀ ਯਾਤਰਾ ਸ਼ੁਰੂ ਕੀਤੀ। ਉਹ ਮੰਨਦੇ ਸਨ ਕਿ ਹਿੰਸਾ ਨਹੀਂ, ਸਗੋਂ ਪ੍ਰਚਾਰ ਦੁਆਰਾ ਜਾਗਰੂਕਤਾ ਹੀ ਅਸਲ ਹਥਿਆਰ ਹੈ।

ਇਸ ਦੀ ਮਿਸਾਲ 1929 ਦੇ ਕੇਂਦਰੀ ਵਿਧਾਨ ਸਭਾ ਬੰਬ ਕਾਂਡ ਵਿਚ ਮਿਲਦੀ ਹੈ, ਜਿੱਥੇ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਨੇ ਬੰਬ ਸੁੱਟੇ, ਪਰ ਉਹ ਘਾਤਕ ਨਹੀਂ ਸਨ। ਉਨ੍ਹਾਂ ਦਾ ਉਦੇਸ਼ ਸਿਰਫ਼ ਬ੍ਰਿਟਿਸ਼ ਸਰਕਾਰ ਨੂੰ ਹਿਲਾਉਣਾ ਅਤੇ ਲੋਕਾਂ ਨੂੰ ਜਗਾਉਣਾ ਸੀ। ਪੱਤਰਾਂ ਰਾਹੀਂ ਉਨ੍ਹਾਂ ਨੇ ਸੁਨੇਹਾ ਦਿੱਤਾ— "ਗੂੰਗਿਆਂ ਤੇ ਬੋਲਿਆਂ ਨੂੰ ਸੁਣਾਉਣ ਲਈ ਧਮਾਕਾ ਲਾਜ਼ਮੀ ਹੈ।"

## ਲਾਲਾ ਲਾਜਪਤ ਰਾਇ ਦੀ ਮੌਤ ਤੇ ਬਦਲਾ

1928 ਵਿਚ ਸਾਇਮਨ ਕਮਿਸ਼ਨ ਦੇ ਖ਼ਿਲਾਫ਼ ਸ਼ਾਂਤੀਪੂਰਨ ਪ੍ਰਦਰਸ਼ਨ ਦੌਰਾਨ ਲਾਲਾ ਲਾਜਪਤ ਰਾਇ ਉੱਤੇ ਪੁਲਿਸ ਨੇ ਲਾਠੀਆਂ ਚਲਾਈਆਂ ਅਤੇ ਕੁਝ ਸਮੇਂ ਬਾਅਦ ਉਨ੍ਹਾਂ ਦੀ ਮੌਤ ਹੋ ਗਏ। ਇਹ ਘਟਨਾ ਸਰਦਾਰ ਭਗਤ ਸਿੰਘ ਲਈ ਇਤਿਹਾਸਿਕ ਮੋੜ ਸਾਬਤ ਹੋਈ। ਉਨ੍ਹਾਂ ਨੇ ਸਾਥੀਆਂ ਸਮੇਤ ਪੁਲਿਸ ਅਧਿਕਾਰੀ ਜੇਮਜ਼ ਏ. ਸਕਾਟ ਨੂੰ ਸਜ਼ਾ ਦੇਣ ਦਾ ਇਰਾਦਾ ਕੀਤਾ, ਪਰ ਗਲਤੀ ਨਾਲ ਜੇ.ਪੀ. ਸਾਂਡਰਜ਼ ਮਾਰਿਆ ਗਿਆ। ਇਸ ਕਾਰਵਾਈ ਨੇ ਉਨ੍ਹਾਂ ਨੂੰ ਬ੍ਰਿਟਿਸ਼ ਸਰਕਾਰ ਦੀ ਨਿਗਰਾਨੀ ਹੇਠ ਮੁੱਖ ਟਾਰਗੇਟ ਬਣਾ ਦਿੱਤਾ।

## ਗ੍ਰਿਫ਼ਤਾਰੀ, ਮੁਕੱਦਮਾ ਅਤੇ ਸ਼ਹਾਦਤ

ਵਿਧਾਨ ਸਭਾ ਬੰਬ ਕਾਂਡ ਤੋਂ ਬਾਅਦ ਗ੍ਰਿਫ਼ਤਾਰੀ ਨੇ ਸਰਦਾਰ ਭਗਤ ਸਿੰਘ ਨੂੰ ਕ੍ਰਾਂਤੀਕਾਰੀ ਤੋਂ ਰਾਸ਼ਟਰੀ ਪ੍ਰਤੀਕ ਬਣਾ ਦਿੱਤਾ। ਜੇਲ੍ਹ ਵਿਚ ਉਨ੍ਹਾਂ ਨੇ ਰਾਜਨੀਤਿਕ ਕੈਦੀਆਂ ਦੇ ਹੱਕਾਂ ਲਈ ਭੁੱਖ ਹੜਤਾਲ ਕੀਤੀ। ਇਹ ਸੰਘਰਸ਼ ਉਨ੍ਹਾਂ ਦੀ ਅਟੱਲ ਇੱਛਾ-ਸ਼ਕਤੀ ਦਾ ਪ੍ਰਗਟਾਵਾ ਸੀ।

ਲਾਹੌਰ ਸਾਜ਼ਿਸ਼ ਕੇਸ ਵਿਚ ਸਰਦਾਰ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਵੱਡੇ ਪੱਧਰ 'ਤੇ ਵਿਰੋਧ ਅਤੇ ਰਹਿਮ ਦੀਆਂ ਅਪੀਲਾਂ ਦੇ ਬਾਵਜੂਦ 23 ਮਾਰਚ 1931 ਨੂੰ ਤਿੰਨਾਂ ਨੂੰ ਫਾਂਸੀ ਦੀ ਸਜ਼ਾ ਨਾਲ ਸ਼ਹੀਦ ਕਰ ਦਿੱਤਾ ਗਿਆ। ਉਨ੍ਹਾਂ ਦੀ ਸ਼ਹਾਦਤ ਨੇ ਦੇਸ਼-ਪੱਧਰੀ ਗੁੱਸੇ ਅਤੇ ਕ੍ਰਾਂਤੀਕਾਰੀ ਜੋਸ਼ ਦੀ ਲਹਿਰ ਪੈਦਾ ਕਰ ਦਿੱਤੀ।

## ਬੌਧਿਕ ਯੋਗਦਾਨ

ਸਰਦਾਰ ਭਗਤ ਸਿੰਘ ਸਿਰਫ਼ ਯੋਧੇ ਹੀ ਨਹੀਂ ਸਨ, ਸਗੋਂ ਗੰਭੀਰ ਚਿੰਤਕ ਅਤੇ ਲੇਖਕ ਵੀ ਸਨ। ਉਨ੍ਹਾਂ ਦੀ ਪ੍ਰਸਿੱਧ ਲਿਖਤ "ਮੈਂ ਨਾਸਤਿਕ ਕਿਉਂ ਹਾਂ" ਅਤੇ ਹੋਰ ਜੇਲ੍ਹ-ਡਾਇਰੀਆਂ ਉਨ੍ਹਾਂ ਦੀ ਤਰਕਸ਼ੀਲ ਸੋਚ, ਧਾਰਮਿਕ ਅੰਧਵਿਸ਼ਵਾਸ ਦੇ ਵਿਰੋਧ ਅਤੇ ਸਮਾਜਿਕ ਨਿਆਂ ਦੀ ਲੋੜ ਨੂੰ ਦਰਸਾਉਂਦੀਆਂ ਹਨ। ਉਨ੍ਹਾਂ ਦਾ ਸੁਪਨਾ ਸਿਰਫ਼ ਗ਼ੁਲਾਮੀ ਤੋਂ ਮੁਕਤੀ ਨਹੀਂ ਸੀ, ਸਗੋਂ ਬਰਾਬਰੀ ਅਤੇ ਨਿਆਂ-ਅਧਾਰਿਤ ਸਮਾਜ ਦੀ ਰਚਨਾ ਸੀ।

## ਇਤਿਹਾਸਕ ਵਿਰਾਸਤ

ਸਰਦਾਰ ਭਗਤ ਸਿੰਘ ਦੀ ਸ਼ਹਾਦਤ ਨੇ ਉਨ੍ਹਾਂ ਨੂੰ ਲੋਕ-ਗੀਤਾਂ, ਸਾਹਿਤ, ਸਿਨੇਮਾ ਅਤੇ ਰਾਜਨੀਤਿਕ ਚਰਚਾਵਾਂ ਵਿਚ ਅਮਰ ਕਿਰਦਾਰ ਬਣਾ ਦਿੱਤਾ। ਉਹ ਪੰਜਾਬ ਦੀ ਵਿਲੱਖਣ ਸ਼ਖ਼ਸੀਅਤ ਹੀ ਨਹੀਂ, ਸਗੋਂ ਸਾਰੇ ਭਾਰਤ ਦੇ ਸਾਂਝੇ ਪ੍ਰਤੀਕ ਹਨ।

ਅੱਜ ਭਾਰਤ ਵਿਚ ਉਨ੍ਹਾਂ ਦੀ ਜ਼ਿੰਦਗੀ ਇਹ ਸਵਾਲ ਖੜ੍ਹੇ ਕਰਦੀ ਹੈ: ਕੀ ਆਜ਼ਾਦੀ ਸਿਰਫ਼ ਰਾਜਨੀਤਿਕ ਸੱਤਾ ਦਾ ਬਦਲਾਅ ਹੈ ਜਾਂ ਸਮਾਜਿਕ ਨਿਆਂ ਦੀ ਕੌਲ ਵੀ? ਕੀ ਅਸੀਂ ਉਹ ਬਰਾਬਰੀ ਵਾਲਾ ਸਮਾਜ ਬਣਾਇਆ ਹੈ, ਜਿਸ ਦਾ ਸੁਪਨਾ ਭਗਤ ਸਿੰਘ ਨੇ ਦੇਖਿਆ ਸੀ?

ਸਰਦਾਰ ਭਗਤ ਸਿੰਘ ਦੀ ਜ਼ਿੰਦਗੀ ਛੋਟੀ ਸੀ ਪਰ ਉਹ ਅੰਬਰ ਦੇ ਚਮਕਦੇ ਤਾਰਿਆਂ ਵਾਂਗ ਚਮਕੀ। ਉਹ ਹਿੰਮਤ, ਗਿਆਨ ਅਤੇ ਇਮਾਨਦਾਰੀ ਦਾ ਪ੍ਰਤੀਕ ਸਨ। ਉਨ੍ਹਾਂ ਦਾ ਸੁਪਨਾ ਸਿਰਫ਼ ਗ਼ੁਲਾਮੀ ਤੋਂ ਆਜ਼ਾਦੀ ਨਹੀਂ, ਸਗੋਂ ਨਵਾਂ ਭਾਰਤ ਸਿਰਜਣਾ ਜੋ ਸਮਾਨਤਾ, ਤਰਕਸ਼ੀਲਤਾ ਅਤੇ ਸਮਾਜਿਕ ਨਿਆਂ ਉੱਤੇ ਆਧਾਰਿਤ ਸੀ।

ਅੱਜ ਜਦੋਂ ਅਸੀਂ ਇਤਿਹਾਸ ਦੀ ਪਰਖ ਕਰਦੇ ਹਾਂ, ਸਰਦਾਰ ਭਗਤ ਸਿੰਘ ਦੀ ਯਾਦ ਸਾਨੂੰ ਯਾਦ ਦਿਵਾਉਂਦੀ ਹੈ ਕਿ ਆਜ਼ਾਦੀ ਸਿਰਫ਼ ਜਨਮ ਤੋਂ ਹੀ ਨਹੀਂ ਮਿਲਦੀ, ਉਸਨੂੰ ਸਾਂਭਿਆ ਵੀ ਜਾਣਾ ਚਾਹੀਦਾ ਹੈ। ਉਨ੍ਹਾਂ ਦੇ ਆਦਰਸ਼ ਸਾਨੂੰ ਕਿਰਿਆਸ਼ੀਲ ਬਣਨ ਦਾ ਸੱਦਾ ਦੇਂਦੇ ਹਨ।

# ਲਸੂੜਾ

ਖੋਜ ਅਤੇ ਲੇਖ :- ਮਾਸਟਰ ਹਰੇਸ਼ ਕੁਮਾਰ ਸੈਣੀ
ਪਠਾਨਕੋਟ
ਫੋਨ : 83607-27221
ਪੰਜਾਬ ਮੇਲ USA







ਲਸੂੜੇ ਦੇ ਰੁੱਖ ਪੰਜਾਬ ਅਤੇ ਭਾਰਤ ਦੇ ਹਰ ਰਾਜਾਂ ਵਿਚ ਆਮ ਹੀ ਮਿਲਦੇ ਹਨ। ਇਸ ਦਾ ਰੁੱਖ ਖੋਖਲਾ ਜਿਹਾ ਹੁੰਦਾ ਹੈ। ਇਸ ਉੱਤੇ ਹਰੇ ਰੰਗ ਦੇ ਚੌੜੇ ਪੱਤੇ ਹੁੰਦੇ ਹਨ। ਇਸ ਨੂੰ ਗੋਲ ਅਕਾਰ ਵਿਚ ਫਲ ਲੱਗਦਾ ਹੈ। ਲਸੂੜਾ ਸਾਲ ਵਿਚ ਇੱਕ ਵਾਰ ਹੀ ਫਲ ਦੇਂਦਾ ਹੈ। ਇਸ ਦਾ ਫਲ ਮਈ-ਜੂਨ ਵਿਚ ਅਚਾਰ ਪਾਉਣ ਦੇ ਯੋਗ ਹੋ ਜਾਂਦਾ ਹੈ। ਇਸ ਦਾ ਫਲ ਅਚਾਰ ਬਣਾਉਣ ਦੇ ਕੰਮ ਆਉਂਦਾ ਹੈ। ਲਸੂੜੇ ਦਾ ਅਚਾਰ ਦੋ-ਤਿੰਨ ਸਾਲ ਤੱਕ ਖਰਾਬ ਨਹੀਂ ਹੁੰਦਾ ਹੈ। ਇਸ ਦਾ ਅਚਾਰ ਦਵਾਈ ਵਰਗੇ ਗੁਣਾਂ ਨਾਲ ਭਰਪੂਰ ਹੁੰਦਾ ਹੈ। ਇਸ ਦਾ ਫਲ ਪੱਕ ਕੇ ਪੀਲੇ ਰੰਗ ਦਾ ਹੋ ਜਾਂਦਾ ਹੈ। ਇਸ ਦੇ ਪੱਕੇ ਫਲ ਵਿਚ ਲੇਸਦਾਰ ਗੂੰਦ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ। ਇਸ ਦੇ ਪੱਕੇ ਫਲ ਦੀ ਤਸੀਰ ਠੰਡੀ ਹੁੰਦੀ ਹੈ। ਇਸ ਦੇ ਪੱਕੇ ਫਲ ਨੂੰ ਪੰਛੀ ਅਤੇ ਹੋਰ ਜੀਵ ਵੀ ਖਾਂਦੇ ਹਨ। ਲਸੂੜੇ ਦੇ ਪੱਤੇ ਅਤੇ ਫਲ ਕਈ ਤਰ੍ਹਾਂ ਦੇ ਦੇਸੀ ਇਲਾਜ ਲਈ ਦਵਾਈ ਦੇ ਰੂਪ ਵਿਚ ਵਰਤੇ ਜਾਂਦੇ ਹਨ। ਪੁਰਾਤਨ ਸਮੇਂ ਤੋਂ ਮਨੁੱਖ ਲਸੂੜੇ ਦੇ ਪੱਤੇ ਤੋਂ ਡੂਨੇ, ਪੱਤਲਾ ਵੀ ਬਣਾਉਂਦਾ ਆ ਰਿਹਾ ਹੈ। ਇਹ ਪੱਤਲਾ, ਡੂਨੇ ਵਿਆਹ-ਸ਼ਾਦੀਆਂ ਅਤੇ ਯੱਗ-ਹਵਨ ਵਿਚ ਵੀ ਵਰਤੇ ਜਾਂਦੇ ਹਨ। ਅੱਜ ਵੀ ਲਸੂੜੇ ਦੀ ਪੱਤਲ ਉੱਤੇ ਰੋਟੀ ਖਾਣ ਦਾ ਰਿਵਾਜ ਹੈ। ਲਸੂੜੇ ਦੇ ਡੂਨੇ ਵਿਚ ਕੜਾਹ-ਪ੍ਰਸਾਦ ਆਦਿ ਪਾ ਕੇ ਖਾਣ ਦਾ ਰਿਵਾਜ਼ ਹੈ। ਲਸੂੜੇ ਦਾ ਰੁੱਖ ਜਲਦੀ ਖੋਖਲਾ ਹੋ ਜਾਂਦਾ ਹੈ। ਇਸ ਦੇ ਖੋਖਲੇ ਤਨੇ ਵਿਚ ਪੰਛੀ ਅਤੇ ਹੋਰ ਜੀਵ ਆਪਣੇ ਘਰ/ਆਲ੍ਹਣੇ ਬਣਾਉਂਦੇ ਹਨ। ਇਸ ਦੇ ਖੋੜਾ ਵਿਚ ਉੱਲੂ, ਬਿੱਲਪਤੋੜੀ, ਸੈਰਕ, ਕਾਟੋ-ਗਲੈਹੜੀ ਆਦਿ ਆਪਣੇ ਬੱਚੇ ਦੇ ਕੇ ਪਾਲਦੇ ਹਨ। ਲਸੂੜੇ ਦੇ ਖੋੜਾ ਵਿਚ ਲੋਪ ਹੋ ਰਹੇ ਪੰਛੀ ਅਕਸਰ ਆਪਣੇ ਘਰ ਬਣਾਉਂਦੇ ਹਨ। ਬਹੁਤ ਵੱਡੇ ਅਕਾਰ ਦਾ ਉੱਲੂ ਜਿਸ ਦੀ ਨਸਲ ਅਲੋਪ ਹੋ ਚੁੱਕੀ ਹੈ, ਉਹ ਵੀ ਲਸੂੜੇ ਦੇ ਖੋਖਲੇ ਤਨੇ ਵਿਚ ਅਕਸਰ ਆਪਣੇ ਘਰ ਬਣਾਉਂਦੇ ਸੀ। ਲਸੂੜੇ ਦੇ ਪੱਤਿਆਂ ਉੱਤੇ ਕਈ ਤਰ੍ਹਾਂ ਦੇ ਕੀਟ-ਪੱਤਗੇ ਵੀ ਪਲਦੇ ਹਨ, ਜੋ ਕਿਸੇ ਹੋਰ ਥਾਂ ਨਹੀਂ ਹੁੰਦੇ ਹਨ। ਲਸੂੜੇ ਦੇ ਰੁੱਖ ਉੱਤੇ ਮਖੀਰ/ਭੋਰ/ਮਧੂਮੱਖੀ ਵੀ ਆਪਣਾ ਘਰ ਬਣਾਉਂਦੇ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਇਸ ਦਾ ਫਲ ਪੱਕ ਕੇ ਮਿੱਠਾ ਹੁੰਦਾ ਹੈ, ਜੋ ਸ਼ਹਿਦ ਉੱਤਪਤੀ ਦੇ ਕੰਮ ਆਉਂਦਾ ਹੈ। ਲੋਪ ਹੋ ਚੁੱਕੇ ਪੰਛੀ ਵੀ ਲਸੂੜੇ ਦੇ ਰੁੱਖ ਵੱਲ ਖਿੱਚੇ ਚਲੇ ਆਉਂਦੇ ਹਨ। ਅੱਜਕੱਲ੍ਹ ਪੰਜਾਬ ਅਤੇ ਹੋਰ ਨਰਸਰੀਆਂ ਲਸੂੜੇ ਦੀ ਨਵੀਂ ਵਰਾਇਟੀ ਤਿਆਰ ਕੀਤੀ ਹੈ, ਜੋ ਜਲਦੀ ਫਲ ਦੇਂਦੀ ਹੈ ਅਤੇ ਜ਼ਮੀਨ ਉੱਤੇ ਝਾੜੀ ਨੁਮਾ ਅਕਾਰ ਵਿਚ ਫੈਲ ਜਾਂਦੀ ਹੈ। ਲਸੂੜੇ ਦੇ ਰੁੱਖ, ਫਲ, ਫੁੱਲ ਅਤੇ ਪੱਤਿਆਂ ਨੂੰ ਮਨੁੱਖ ਪੁਰਾਤਨ ਸਮੇਂ ਤੋਂ ਹੀ ਘਰਾਂ ਵਿਚ ਇਸਤੇਮਾਲ ਕਰਦਾ ਆ ਰਿਹਾ ਹੈ। ਇਹ ਬਹੁਤ ਹੀ ਗੁਣਕਾਰੀ ਪੌਦਾ ਹੈ। ਮੌਜੂਦਾ ਸਮੇਂ ਪਿੰਡਾਂ ਵਿਚ ਲਸੂੜਾ ਚਾਲੀ ਰੁਪਏ ਕਿਲੋ ਦੇ ਹਿਸਾਬ ਨਾਲ ਮਿਲਦਾ ਹੈ ਅਤੇ ਸ਼ਹਿਰ ਦੀ ਮਾਰਕੀਟ ਵਿਚ ਅੱਸੀ ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਵਿਕਦਾ ਹੈ। ਲਸੂੜੇ ਦੇ ਰੁੱਖ ਬਹੁਤ ਘੱਟ ਮੌਜੂਦ ਹਨ। ਲੋਕਾਂ ਦਾ ਰੁਝਾਨ ਲਸੂੜਾ ਉਤਪਾਦਨ ਵੱਲ ਨਹੀਂ ਹੈ। ਇਸ ਦੇ ਰੁੱਖ ਲੋਕ ਬਹੁਤ ਘੱਟ ਲਗਾ ਰਹੇ ਹਨ।

# ਬੁਢਾਪਾ ਉਸ ਵੇਲੇ ਆਉਂਦਾ ਹੈ, ਜਦੋਂ ਮੇਲੇ ਤੋਂ ਵਾਪਸ ਘਰ ਆਉਂਦੇ ਹੋ

ਬੁਢਾਪੇ ਦੀ ਜ਼ਿੰਦਗੀ ਅਕਸਰ ਲੋਕਾਂ ਨੂੰ ਡਰਾਉਣੀ, ਭਾਰੀ ਜਾਂ ਬੇਕਾਰ ਲੱਗਦੀ ਹੈ, ਪਰ ਜੇ ਕੋਈ ਮਾਨਣਾ ਚਾਹੇ ਤਾਂ ਇਹ ਜੀਵਨ ਦਾ ਸਭ ਤੋਂ ਅਨੰਦਤ, ਰੌਸ਼ਨੀ ਭਰਿਆ ਅਤੇ ਗਿਆਨ ਨਾਲ ਭਰਪੂਰ ਦਰਜਾ ਹੋ ਸਕਦਾ ਹੈ।

ਸਾਹਿਤਕ ਰੂਪ ਵਿਚ ਇਸਨੂੰ ਅਜਿਹੀ ਯਾਤਰਾ ਕਿਹਾ ਜਾ ਸਕਦਾ ਹੈ, ਜਿਸ ਵਿਚ ਮਨੁੱਖ ਇਕੱਠੇ ਕੀਤੇ ਅਨੁਭਵਾਂ ਦੇ ਰਸ ਪੀ-ਪੀ ਕੇ, ਸ਼ਾਂਤੀ, ਆਤਮ-ਗਿਆਨ ਅਤੇ ਸਮਝ ਨਾਲ ਭਰਪੂਰ ਹੁੰਦਾ ਹੈ।

ਬੁਢਾਪੇ ਦੀ ਅਨੰਦਤਾਈ -ਬੁਢਾਪਾ ਉਹ ਮੌਸਮ ਹੈ, ਜਦੋਂ ਜੜ੍ਹਾਂ ਪੱਕੀਆਂ ਹੋ ਜਾਂਦੀਆਂ ਹਨ। ਪਹਿਲਾਂ ਦੇ ਸਮੇਂ ਦੀ ਦੌੜ-ਭੱਜ ਘੱਟਦੀ ਜਾਂਦੀ ਹੈ ਤੇ ਵਿਚਾਰਾਂ ਦੀ ਸ਼ਾਂਤੀ ਵਧਦੀ ਹੈ। ਜੀਵਨ ਦੇ ਅਨੁਭਵ ਬੁੱਧੀ ਦਾ ਖ਼ਜ਼ਾਨਾ ਬਣ ਜਾਂਦੇ ਹਨ। ਪਰਿਵਾਰ ਤੇ ਪੋਤਰੇ ਪੋਤਰੀਆਂ ਖ਼ੁਸ਼ੀ ਦਾ ਸਰੋਤ ਬਣਦੇ ਹਨ। ਸਰੀਰ ਭਾਵੇਂ ਹੌਲਾ ਹੁੰਦਾ ਹੈ ਪਰ ਚਿੱਤ ਹੌਲੇ-ਹੌਲੇ ਵਿਚਾਰਾਂ ਦੇ ਗਗਨ 'ਚ ਖਿੜਦਾ ਹੈ। ਜਦੋਂ ਇਨਸਾਨ ਸੰਭਾਲਿਆ ਹੋਇਆ ਆਪਣੇ ਆਪ ਨੂੰ ਵੇਖਦਾ ਹੈ, ਤਾਂ ਇੱਕ ਨਾਮੁਮਕਿਨ ਜਿਹੀ ਰਾਹਤ ਮਿਲਦੀ ਹੈ।

**ਬੁਢਾਪੇ ਨੂੰ ਮਾਨਣ ਦੇ ਵਧੀਆ ਤਰੀਕੇ**

**ਕਿਰਤਗਤਾ ਨਾਲ ਜੀਵੋ:** ਹਰ ਸਵੇਰ ਉਠ ਕੇ ਕੁਦਰਤ ਕਰਤਾ ਸਿਰਜਕ ਦਾ ਧੰਨਵਾਦ ਕਰੋ ਕਿ ਜੀਵਨ ਦਾ ਇਕ ਹੋਰ ਦਿਨ ਮਿਲਿਆ।

**ਆਤਮ-ਰਸ ਵਿਚ ਡੁੱਬੋ:** ਪਾਠ, ਧਿਆਨ, ਨਾਮ-ਸਿਮਰਨ ਬੁਢਾਪੇ ਨੂੰ ਅਨੰਦ ਦਾ ਸਮੁੰਦਰ ਬਣਾ ਸਕਦੇ ਹਨ।



**ਸ਼ੁਰੂਆਤੀ ਰੁਚੀਆਂ ਵਾਪਸ ਗਲ ਲਗਾਓ:** ਪੇਂਟਿੰਗ ਰੰਗਣਾ, ਲਿਖਣਾ, ਗਾਉਣਾ, ਬਾਗਬਾਨੀ—ਉਹ ਕੰਮ ਕਰੋ, ਜੋ ਜਵਾਨੀ ਵਿਚ ਕਰ ਨਹੀਂ ਸਕੇ।

**ਸਬੰਧਾਂ ਵਿਚ ਗਰਮੀ ਰੱਖੋ:** ਪਰਿਵਾਰ ਨਾਲ ਪਿਆਰ, ਦੋਸਤਾਂ ਨਾਲ ਗੱਲਬਾਤ, ਬੱਚਿਆਂ ਨੂੰ ਕਹਾਣੀਆਂ ਸੁਣਾਉਣਾ—ਇਹ ਰੂਹ ਲਈ ਟੌਨਿਕ ਵਾਂਗ ਕੰਮ ਕਰਦਾ ਹਨ।

**ਸੇਵਾ ਦਾ ਅਨੰਦ:** ਬੁੱਢੇ ਲੋਕ ਅਨੁਭਵਾਂ ਨਾਲ ਭਰੇ ਹੁੰਦੇ ਹਨ—ਇਸਨੂੰ ਦਾਨ ਵਾਂਗ ਨਵੀਂ ਪੀੜ੍ਹੀ ਨੂੰ ਦਿਓ।

**ਸਿਹਤ ਸੰਭਾਲ:** ਹੌਲੀ ਟਹਿਲਣਾ, ਯੋਗਾ, ਸਰੀਰਕ ਹਿਲਜੁਲ ਬੁਢਾਪੇ ਦਾ ਰਸਤਾ ਸੁਖਮਈ ਬਣਾਉਂਦੇ ਹਨ।

**ਵਰਤਮਾਨ ਵਿਚ ਜੀਵੋ:** ਨਾ ਭੂਤਕਾਲ ਦੀ ਗਿਲਟ ਨਾਲ ਫੜੇ ਰਹੋ, ਨਾ ਹੀ ਭਵਿੱਖ ਦੀ ਚਿੰਤਾ ਕਰੋ—ਇਹ ਪਲ ਹੀ ਸਭ ਕੁਝ ਹੈ।

ਸਾਹਿਤਕ ਚਿੰਤਨ ਬੁਢਾਪਾ ਸੁੱਕਾ ਪੱਤਾ ਨਹੀਂ, ਸਗੋਂ ਦਰੱਖ਼ਤ ਦਾ ਉਹ ਸਵਾਲੀ ਮੌਸਮ ਹੈ, ਜਦੋਂ ਉਹ ਛਾਂ ਦੇਣ ਤੋਂ ਬਾਅਦ ਹੁਣ ਫਲਾਂ ਦਾ ਰਸ ਹੋਰਾਂ ਨੂੰ ਚਖਾਂਦਾ ਹੈ।

ਜੋ ਚਿਹਰੇ ਉੱਪਰਲੀਆਂ ਲਕੀਰਾਂ ਨੂੰ "ਬੁਢੇਪੇ ਦੀਆਂ ਸਲਵੱਟਾਂ" ਕਹਿੰਦੇ ਹਨ, ਉਹ ਦਰਅਸਲ ਜੀਵਨ ਕਥਾ ਦੇ ਸੋਨੇ ਦੇ ਅੱਖਰ ਹਨ।

ਇਥੇ ਇਨਸਾਨ ਉਸ ਮੌਜੂਦਗੀ ਨਾਲ ਮਿਲਦਾ ਹੈ, ਜਿੱਥੇ ਨਾ ਦੌਲਤ ਦੀ ਭੁੱਖ ਰਹਿੰਦੀ ਹੈ, ਨਾ ਹੀ ਸ਼ੋਹਰਤ ਦੀ ਤ੍ਰਿਖਾ—ਕੇਵਲ ਸਾਕਸ਼ੀ ਦਾ ਰੰਗ। ਜਿਵੇਂ ਦਰਿਆ ਆਪਣੇ ਅਖੀਰਲੇ ਸਫ਼ਰ ਵਿਚ ਸਮੁੰਦਰ ਨਾਲ ਮਿਲਣ ਤੋਂ ਥੋੜ੍ਹਾ ਪਹਿਲਾਂ ਸਭ ਤੋਂ ਵਧੇਰੇ ਗੂੜ੍ਹਾ ਤੇ ਮੱਤਵਾਹੀ ਹੁੰਦਾ ਹੈ, ਓਵੇਂ ਹੀ ਮਨੁੱਖ ਦਾ ਬੁਢਾਪਾ ਜੀਵਨ ਦੇ ਸਮੁੰਦਰ ਵਿਚ ਵਿਲੀਨ ਹੋਣ ਤੋਂ ਪਹਿਲਾਂ ਸਭ ਤੋਂ ਸਮਝਦਾਰ ਅਤੇ ਅਨੰਦਤ ਬਣ ਸਕਦਾ ਹੈ।

-ਡਾਕਟਰ ਅਮਰਜੀਤ ਟਾਂਡਾ
ਸੰਪਰਕ 61-417271147
ਪੰਜਾਬ ਮੇਲ USA



ਰੂਪ ਪਿੰਡ ਦੇ ਕੋਨੇ ਵਾਲੇ ਘਰ ਵਿਚ ਬੈਠਾ ਸੀ ਬਾਬਾ ਜੀ। ਸਫ਼ੈਦ ਦਾਹੜੀ, ਮੱਥੇ ਉੱਤੇ ਚਮਕਦਾ ਚਿਹਰਾ, ਅੱਖਾਂ ਵਿਚ ਅਜਿਹੀ ਟਿਕਾਓ ਜੋ ਪੂਰੇ ਪਿੰਡ ਨੂੰ ਆਸਰਾ ਦੇ ਸਕੇ। ਬਚਪਨ ਵਿਚ ਉਨ੍ਹਾਂ ਦੇ ਮੱਥੇ 'ਤੇ ਕੇਵਲ ਖੇਤਾਂ ਦੀ ਮਿਹਨਤ ਦਾ ਪਸੀਨਾ ਹੀ ਸੀ, ਜਵਾਨੀ 'ਚ ਇਮਤਿਹਾਨ ਤੇ ਮੁਸ਼ਕਲਾਂ, ਮੱਧ ਉਮਰ ਵਿਚ ਘਰ ਦੀ ਜ਼ਿੰਮੇਵਾਰੀ। ਪਰ ਹੁਣ ਬੁਢਾਪੇ ਵਿਚ ਉਹ ਬੇਫਿਕਰੀ ਦੀ ਛਾਂ ਹੇਠ ਬੈਠੇ ਹਨ—ਵਿਚਾਰਾਂ ਦੀਆਂ ਲਹਿਰਾਂ 'ਚ ਡੁੱਬ ਕੇ। ਸਵੇਰ ਨੂੰ ਉਹ ਬਗੀਚੇ ਵਿਚ ਟਹਿਲਦੇ ਹਨ। ਹਰ ਪੱਤਾ, ਹਰ ਫੁੱਲ ਉਨ੍ਹਾਂ ਨਾਲ ਗੱਲਾਂ ਕਰਦਾ ਹੈ। ਉਹ ਬੱਚਿਆਂ ਨੂੰ ਆਵਾਜ਼ ਲਾ ਕੇ ਕਹਿੰਦੇ ਹਨ— "ਆਓ ਜੀ, ਇਹ ਗੁਲਾਬ ਦੀ ਖ਼ੁਸ਼ਬੂ ਮਹਿਸੂਸ ਕਰੋ। ਜ਼ਿੰਦਗੀ ਵੀ ਐਨੀ ਹੀ ਸੁਗੰਧੀ ਵਾਲੀ ਹੈ, ਜੇ ਇਸਨੂੰ ਦਿਲ ਨਾਲ ਜੀਵੋ।" ਪਰਿਵਾਰ ਦੇ ਬੱਚੇ ਉਨ੍ਹਾਂ ਵੱਲ ਦੌੜਦੇ ਹਨ। ਕਿਸੇ ਨੂੰ ਉਹ ਕਹਾਣੀ ਸੁਣਾਉਂਦੇ, ਕਿਸੇ ਨੂੰ ਪੁਰਾਣੀ ਰੁਝਾਨ ਦੀਆਂ ਯਾਦਾਂ, ਕਿਸੇ ਨੂੰ ਹੱਸਦੇ-ਖਿਲ੍ਹਾਰਦੇ ਜੀਵਨ ਦਾ ਸਬਕ। ਉਸ ਹੱਸਣ 'ਚ ਗੂੜ੍ਹਾ ਅਨੰਦ ਹੁੰਦਾ ਹੈ—ਜਿਵੇਂ ਸਾਰੀ ਜ਼ਿੰਦਗੀ ਦਾ ਰਸ ਉਹ ਇਕ-ਇਕ ਬੋਲੀ ਜਿਹੇ ਦਾਣਿਆਂ ਵਿਚ ਬੰਨ੍ਹ ਕੇ ਵੰਡ ਰਹੇ ਹਨ। ਇੱਕ ਦਿਨ ਪਿੰਡ ਦਾ ਇਕ ਨੌਜਵਾਨ ਮਿਲਣ ਆਇਆ। ਉਹ ਚਿੰਤਤ ਸੀ ਆਪਣੇ ਭਵਿੱਖ ਕਰਕੇ। ਬਾਬਾ ਜੀ ਨੇ ਹੌਲੀ ਮੁਸਕਰਾਹਟ ਨਾਲ ਕਿਹਾ—

"ਪੁੱਤਰ, ਜਵਾਨੀ ਦੀ ਦੌੜ ਮੇਲੇ ਵਾਂਗ ਹੁੰਦੀ ਹੈ। ਪਰ ਬੁਢਾਪਾ? ਇਹ ਉਸ ਵੇਲੇ ਆਉਂਦਾ ਹੈ ਜਦੋਂ ਮੇਲੇ ਤੋਂ ਵਾਪਸ ਘਰ ਆਉਂਦੇ ਹੋ, ਥੋੜ੍ਹੀ ਥਕਾਵਟ ਨਾਲ ਪਰ ਮਨ ਵਿਚ ਪੂਰੇ ਮੇਲੇ ਦੀਆਂ ਯਾਦਾਂ ਦਾ ਅਨੰਦ। ਇਹ ਅਨੰਦ ਹੀ ਬੁਢਾਪਾ ਹੈ।" ਬਾਬਾ ਜੀ ਦਾ ਬੁਢਾਪਾ ਸਿਰਫ਼ ਬੈਠਣ ਦਾ ਨਾਂ ਨਹੀਂ ਸੀ। ਉਹ ਸੇਵਾ ਕਰਦੇ, ਪਿੰਡ ਦੇ ਬੱਚਿਆਂ ਨੂੰ ਪੜ੍ਹਾਉਂਦੇ, ਕਿਸੇ ਨੂੰ ਗੁਰਬਾਣੀ ਦਾ ਅਰਥ ਸਮਝਾਉਂਦੇ, ਕਿਸੇ ਨੂੰ ਸਬਰ ਅਤੇ ਪਿਆਰ ਦੀ ਰਾਹੀਂ ਚੱਲਣ ਲਈ ਉਤਸ਼ਾਹਿਤ ਕਰਦੇ। ਬਾਬਾ ਜੀ ਦੀਆਂ ਅੱਖਾਂ 'ਚ ਯਕੀਨ ਸੀ ਕਿ ਬੁਢਾਪਾ ਕਿਸੇ ਸਜ਼ਾ ਦਾ ਨਾਮ ਨਹੀਂ, ਇਹ ਤਾਂ ਜ਼ਿੰਦਗੀ ਦਾ ਸਭ ਤੋਂ ਵੱਡਾ ਤੋਹਫਾ ਹੈ—ਜਿੱਥੇ ਇਨਸਾਨ ਆਪਣੀ ਜ਼ਿੰਦਗੀ ਦੀ ਕਿਤਾਬ ਨੂੰ ਫਿਰ ਤੋਂ ਪੜ੍ਹਦਾ ਹੈ, ਪਰ ਇਸ ਵਾਰੀ ਸ਼ਾਂਤੀ ਨਾਲ, ਮੌਜਾਂ ਨਾਲ। ਬੁਢਾਪਾ ਦਰਅਸਲ ਉਹ ਰੁੱਤ ਹੈ ਜਦੋਂ ਇਨਸਾਨ ਖ਼ੁਦ ਦਰੱਖ਼ਤ ਵਾਂਗ ਪਰਛਾਂਵਾ ਬਣ ਜਾਂਦਾ ਹੈ। ਉਨ੍ਹਾਂ ਦੀਆਂ ਸਲਵੱਟਾਂ ਵਿਚ ਪੀੜਾਂ ਨਹੀਂ, ਸਗੋਂ ਅਨੁਭਵਾਂ ਦੀਆਂ ਸੋਹਣੀਆਂ ਕਹਾਣੀਆਂ ਛੁਪੀਆਂ ਹੁੰਦੀਆਂ ਹਨ। ਸਕੂਨ ਦੀ ਛਾਂ, ਗਿਆਨ ਦੀ ਰੌਸ਼ਨੀ ਤੇ ਅਨੰਦ ਦਾ ਰਸ—ਇਹ ਸਭ ਕੁਝ ਬੁਢਾਪਾ ਦੇ ਸਕਦਾ ਹੈ, ਬਸ ਇਨਸਾਨ ਚਾਹੇ ਤਾਂ।

# ਆਯੁਰਵੇਦ ਨੂੰ "ਜੀਵਨ ਦਾ ਵਿਗਿਆਨ" ਕਿਹਾ ਜਾਂਦਾ ਹੈ

## (ਆਯੁਰਵੈਦਿਕ ਰਸਮਾਂ ਜੋ ਬਹੁਤ ਸਾਰੀਆਂ ਆਧੁਨਿਕ ਸਿਹਤ ਸਮੱਸਿਆਵਾਂ ਦਾ ਹੱਲ ਹਨ)

ਕੀ ਆਯੁਰਵੈਦਿਕ ਅਭਿਆਸ ਆਧੁਨਿਕ ਸਿਹਤ ਸਮੱਸਿਆਵਾਂ ਦਾ ਹੱਲ ਹੋ ਸਕਦੇ ਹਨ? ਆਯੁਰਵੇਦ, ਜਿਸਨੂੰ "ਜੀਵਨ ਦਾ ਵਿਗਿਆਨ" ਵੀ ਕਿਹਾ ਜਾਂਦਾ ਹੈ, ਹਮੇਸ਼ਾ ਇੱਕ ਡਾਕਟਰੀ ਪ੍ਰਣਾਲੀ ਤੋਂ ਵੱਧ ਰਿਹਾ ਹੈ। ਇਹ ਜੀਵਨ ਜਿਊਣ ਦਾ ਇੱਕ ਤਰੀਕਾ ਹੈ ਜੋ ਸਰੀਰ, ਮਨ ਅਤੇ ਵਾਤਾਵਰਣ ਨੂੰ ਜੋੜਦਾ ਹੈ। ਅੱਜ ਦੀ ਸਕ੍ਰੀਨ ਥਕਾਵਟ, ਤਣਾਅ, ਅਨਿਯਮਿਤ ਖਾਣ-ਪੀਣ ਦੇ ਤਰੀਕਿਆਂ ਅਤੇ ਜੀਵਨ ਸ਼ੈਲੀ-ਸੰਚਾਲਿਤ ਬਿਮਾਰੀਆਂ ਦੀ ਦੁਨੀਆਂ ਵਿਚ, ਆਯੁਰਵੇਦ ਦੇ ਬਹੁਤ ਸਾਰੇ ਸਾਧਾਰਨ ਰਸਮ ਸਮੇਂ ਸਿਰ ਹੱਲ ਵਾਂਗ ਮਹਿਸੂਸ ਹੁੰਦੇ ਹਨ। ਇਸ ਵਿਸ਼ਵ ਆਯੁਰਵੇਦ ਦਿਵਸ 'ਤੇ, ਇੱਥੇ ਛੇ ਅਭਿਆਸ ਹਨ, ਜੋ ਆਧੁਨਿਕ ਸਿਹਤ ਚੁਣੌਤੀਆਂ ਨੂੰ ਸਭ ਤੋਂ ਕੁਦਰਤੀ ਤਰੀਕੇ ਨਾਲ ਹੱਲ ਕਰਨ ਦੀ ਸ਼ਕਤੀ ਰੱਖਦੇ ਹਨ। ਇੱਕ ਅਜਿਹੀ ਦੁਨੀਆਂ ਵਿਚ ਜਿੱਥੇ ਤਣਾਅ ਈਮੇਲਾਂ ਨਾਲੋਂ ਤੇਜ਼ੀ ਨਾਲ ਫੈਲਦਾ ਹੈ, ਅਭਯੰਗ ਇੱਕ ਐਂਟੀਡੋਟ ਵਾਂਗ ਕੰਮ ਕਰਦਾ ਹੈ। ਗਰਮ ਤੇਲ ਦੀ ਮਾਲਿਸ਼, ਜੋ ਰਵਾਇਤੀ ਤੌਰ 'ਤੇ ਤਿਲ ਜਾਂ ਦਵਾਈ ਵਾਲੇ ਤੇਲਾਂ ਨਾਲ ਕੀਤੀ ਜਾਂਦੀ ਹੈ, ਚਮੜੀ ਨੂੰ ਪੋਸ਼ਣ ਦਿੰਦੀ ਹੈ ਅਤੇ ਦਿਮਾਗੀ ਪ੍ਰਣਾਲੀ ਨੂੰ ਸ਼ਾਂਤ ਕਰਦੀ ਹੈ। ਆਧੁਨਿਕ ਅਧਿਐਨਾਂ ਤੋਂ ਪਤਾ ਚੱਲਦਾ ਹੈ ਕਿ ਇਹ ਕੋਰਟੀਸੋਲ (ਤਣਾਅ ਹਾਰਮੋਨ) ਨੂੰ ਘਟਾ ਸਕਦਾ ਹੈ ਅਤੇ ਖੂਨ ਦੇ ਗੇੜ ਨੂੰ ਬਿਹਤਰ ਬਣਾ ਸਕਦਾ ਹੈ। ਬਹੁਤ ਸਾਰੇ ਲੋਕ ਰਿਪੋਰਟ ਕਰਦੇ ਹਨ ਕਿ ਕੁਝ ਹਫ਼ਤਿਆਂ ਬਾਅਦ, ਉਹ ਹਲਕਾ ਮਹਿਸੂਸ ਕਰਦੇ ਹਨ, ਚੰਗੀ ਨੀਂਦ ਲੈਂਦੇ ਹਨ ਅਤੇ ਮਾਸਪੇਸ਼ੀਆਂ ਦੀ ਕਠੋਰਤਾ ਘੱਟ ਜਾਂਦੀ ਹੈ, ਜੋ ਕਿ ਆਧੁਨਿਕ ਡੈਸਕ ਨੌਕਰੀਆਂ ਨੂੰ ਹੋਰ ਵੀ ਬਦਤਰ ਬਣਾਉਂਦੀਆਂ ਹਨ।

ਸ਼ਹਿਰੀ ਰਹਿਣ-ਸਹਿਣ ਪ੍ਰਦੂਸ਼ਣ, ਧੂੜ ਅਤੇ ਐਲਰਜੀਨਾਂ ਦੇ ਲਗਾਤਾਰ ਸੰਪਰਕ ਵਿਚ ਆਉਂਦੀ ਹੈ, ਜਿਸ ਕਾਰਨ ਵਾਰ-



ਵਾਰ ਸਾਈਨਸ ਸਿਰ ਦਰਦ, ਬੰਦ ਨੱਕ, ਜਾਂ ਦਿਮਾਗੀ ਧੁੰਦ ਵੀ ਹੁੰਦੀ ਹੈ। ਨਾਸਿਆਂ ਵਿਚ ਨੱਕ ਵਿਚ ਜੜੀ-ਬੂਟੀਆਂ ਦੇ ਤੇਲ (ਜਿਵੇਂ ਕਿ ਅਨੁ ਤੈਲਾ) ਦੀਆਂ ਕੁਝ ਬੂੰਦਾਂ ਲਗਾਉਣਾ ਸ਼ਾਮਲ ਹੈ। ਆਯੁਰਵੇਦ ਦੱਸਦਾ ਹੈ ਕਿ ਇਹ ਸਿਰ ਦੇ ਖੇਤਰ ਵਿਚੋਂ ਜ਼ਹਿਰੀਲੇ ਪਦਾਰਥਾਂ ਨੂੰ ਸਾਫ਼ ਕਰਦਾ ਹੈ ਅਤੇ ਸੰਵੇਦੀ ਕਾਰਜਾਂ ਨੂੰ ਤੇਜ਼ ਕਰਦਾ ਹੈ। ਜਦੋਂ ਕਿ ਇਹ ਸਾਧਾਰਨ ਲੱਗਦਾ ਹੈ, ਬਹੁਤ ਸਾਰੇ ਅਭਿਆਸੀ ਸਾਈਨਸ ਭੀੜ ਨੂੰ ਘੱਟ ਕਰਨ ਅਤੇ ਮਾਨਸਿਕ ਸਪੱਸ਼ਟਤਾ ਦਾ ਸਮਰਥਨ ਕਰਨ ਦੀ ਇਸਦੀ ਯੋਗਤਾ ਦੀ ਪੁਸ਼ਟੀ ਕਰਦੇ ਹਨ, ਜੋ ਕਿ ਇਸ ਡਿਜ਼ੀਟਲ ਯੁੱਗ ਵਿਚ ਇੱਕ ਘੱਟ ਸਮਝੀ ਜਾਣ ਵਾਲੀ ਲੋੜ ਹੈ।

ਇੱਕ ਚਮਚ ਤੇਲ ਮੂੰਹ ਵਿਚ 10-15 ਮਿੰਟਾਂ ਲਈ ਘੁਲਣ ਨਾਲ ਪੁਰਾਣੇ ਜ਼ਮਾਨੇ ਦੀ ਗੱਲ ਲੱਗ ਸਕਦੀ ਹੈ, ਪਰ ਗੰਡੂਸ਼ਾ ਸਮੇਂ ਦੀ ਪਰੀਖਿਆ 'ਤੇ ਖਰਾ ਉਤਰਿਆ ਹੈ। ਇਹ ਰਸਮ ਮੂੰਹ ਦੇ ਬੈਕਟੀਰੀਆ ਨੂੰ ਦੂਰ ਕਰਨ, ਮਸੂੜਿਆਂ ਨੂੰ ਮਜ਼ਬੂਤ ਕਰਨ ਅਤੇ ਸਾਹ ਦੀ ਬਦਬੂ ਨੂੰ ਘਟਾਉਣ ਵਿਚ ਮਦਦ ਕਰਦੀ ਹੈ। ਆਧੁਨਿਕ ਖੋਜ ਮੂੰਹ ਦੀ ਸਿਹਤ ਨੂੰ ਸ਼ੂਗਰ ਅਤੇ ਦਿਲ ਦੀ ਬਿਮਾਰੀ ਵਰਗੀਆਂ ਸਥਿਤੀਆਂ ਨਾਲ ਜੋੜਦੀ ਹੈ। ਰੋਜ਼ਾਨਾ ਮੂੰਹ ਸਾਫ਼ ਕਰਕੇ, ਗੰਡੂਸ਼ਾ ਅਸਿੱਧੇ ਤੌਰ 'ਤੇ ਬਿਹਤਰ ਸਮੁੱਚੀ ਸਿਹਤ ਵਿਚ ਯੋਗਦਾਨ ਪਾਉਂਦਾ ਹੈ, ਇਹ ਇੱਕ ਸੱਚੀ ਉਦਾਹਰਣ ਹੈ ਕਿ ਇੱਕ ਸਾਧਾਰਨ ਅਭਿਆਸ ਸਿਰਫ਼ ਦੰਦਾਂ ਤੋਂ ਵੱਧ ਕਿਵੇਂ ਪ੍ਰਭਾਵ ਪਾਉਂਦਾ ਹੈ।

-ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ, ਐਜੂਕੇਸ਼ਨਲ ਕਾਲਮਨਵੀਸ, ਮਲੋਟ (ਪੰਜਾਬ)
ਪੰਜਾਬ ਮੇਲ USA



ਬੇਅੰਤ ਸਕ੍ਰੀਨ ਘੰਟਿਆਂ ਨੇ ਅੱਖਾਂ 'ਤੇ ਤਣਾਅ ਅਤੇ ਮਾਨਸਿਕ ਬੇਚੈਨੀ ਨੂੰ ਆਮ ਬਣਾ ਦਿੱਤਾ ਹੈ। ਤ੍ਰਾਤਕਾ, ਇੱਕ ਧਿਆਨ ਤਕਨੀਕ ਜਿਸ ਵਿਚ ਅੱਗ ਵੱਲ ਲਗਾਤਾਰ ਦੇਖਣਾ ਸ਼ਾਮਲ ਹੈ, ਰਾਹਤ ਪ੍ਰਦਾਨ ਕਰਦੀ ਹੈ। ਇਹ ਅੱਖਾਂ ਦੀਆਂ ਮਾਸਪੇਸ਼ੀਆਂ ਨੂੰ ਮਜ਼ਬੂਤ ਕਰਦੀ ਹੈ, ਡਿਜੀਟਲ ਥਕਾਵਟ ਨੂੰ ਘਟਾਉਂਦੀ ਹੈ, ਅਤੇ ਇਕਾਗਰਤਾ ਨੂੰ ਤੇਜ਼ ਕਰਦੀ ਹੈ। ਬਹੁਤ ਸਾਰੇ ਅਭਿਆਸੀ ਇਸ ਅਭਿਆਸ ਤੋਂ ਬਾਅਦ ਸ਼ਾਂਤੀ ਦੀ ਭਾਵਨਾ ਵੀ ਮਹਿਸੂਸ ਕਰਦੇ ਹਨ, ਜੋ ਇਸਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਡੀਟੌਕਸ ਬਣਾਉਂਦਾ ਹੈ। ਅੱਜ ਦੇ ਸੰਦਰਭ ਵਿਚ, ਇਹ ਥੱਕੀਆਂ ਅੱਖਾਂ ਅਤੇ ਬੇਚੈਨ ਮਨ ਦੋਵਾਂ ਲਈ ਇੱਕ ਉਪਾਅ ਵਾਂਗ ਮਹਿਸੂਸ ਹੁੰਦਾ ਹੈ। ਆਯੁਰਵੇਦ ਨੇ ਕਦੇ ਵੀ ਸਿਹਤ ਨੂੰ ਇੱਕ-ਆਕਾਰ-ਸਭ-ਇੱਕ-ਆਕਾਰ-ਫਿੱਟ ਵਜੋਂ ਨਹੀਂ ਦੇਖਿਆ। ਰਿਤੂਚਰਿਆ, ਜੀਵਨ ਸ਼ੈਲੀ ਅਤੇ ਖੁਰਾਕ ਨੂੰ ਮੌਸਮੀ ਤਬਦੀਲੀਆਂ ਦੇ ਅਨੁਸਾਰ ਢਾਲਣ ਦਾ ਅਭਿਆਸ, ਸਰੀਰ ਨੂੰ ਕੁਦਰਤ ਨਾਲ ਤਾਲਮੇਲ ਵਿਚ ਰਹਿਣ ਵਿਚ ਮਦਦ ਕਰਦਾ ਹੈ। ਉਦਾਹਰਣ ਵਜੋਂ, ਗਰਮੀਆਂ ਵਿਚ ਠੰਢੇ ਭੋਜਨ, ਸਰਦੀਆਂ ਵਿਚ ਗਰਮ ਮਸਾਲੇ, ਜਾਂ ਮਾਨਸੂਨ ਦੌਰਾਨ ਹਲਕੇ ਭੋਜਨ ਖਾਣ ਨਾਲ ਪਾਚਨ ਕਿਰਿਆ ਮਜ਼ਬੂਤ ਅਤੇ ਪ੍ਰਤੀਰੋਧਕ ਸ਼ਕਤੀ ਸਥਿਰ ਰਹਿੰਦੀ ਹੈ। ਅੱਜ, ਜਿੱਥੇ ਮੋਟਾਪਾ ਅਤੇ ਸ਼ੂਗਰ ਵਰਗੇ ਪਾਚਕ ਵਿਕਾਰ ਵੱਧ ਰਹੇ ਹਨ, ਰਿਤੂਚਰਿਆ ਦੀ ਰੋਕਥਾਮ ਵਾਲੀ ਸਿਆਣਪ ਬਹੁਤ ਆਧੁਨਿਕ ਜਾਪਦੀ ਹੈ।

ਲਗਾਤਾਰ ਸੂਚਨਾਵਾਂ ਅਤੇ ਜ਼ਿੰਦਗੀ ਦੀ ਕਾਹਲੀ ਨੇ ਚਿੰਤਾ ਨੂੰ ਇੱਕ ਆਧੁਨਿਕ ਮਹਾਂਮਾਰੀ ਬਣਾ ਦਿੱਤਾ ਹੈ। ਸ਼ਿਰੋਧਰਾ, ਮੱਥੇ 'ਤੇ ਹੌਲੀ-ਹੌਲੀ ਗਰਮ ਦਵਾਈ ਵਾਲਾ ਤੇਲ ਪਾਉਣ ਦਾ ਅਭਿਆਸ, ਦਿਮਾਗੀ ਪ੍ਰਣਾਲੀ ਲਈ ਥੈਰੇਪੀ ਵਾਂਗ ਕੰਮ ਕਰਦਾ ਹੈ। ਇਹ ਡੂੰਘੀ ਆਰਾਮ ਨੂੰ ਉਤਸ਼ਾਹਿਤ ਕਰਦਾ ਹੈ, ਨੀਂਦ ਦੀ ਗੁਣਵੱਤਾ ਵਿਚ ਸੁਧਾਰ ਕਰਦਾ ਹੈ ਅਤੇ ਚਿੰਤਾ ਦੇ ਲੱਛਣਾਂ ਨੂੰ ਘਟਾਉਣ ਵਿਚ ਮਦਦ ਕਰਦਾ ਹੈ। ਹਾਲਾਂਕਿ ਆਮ ਤੌਰ 'ਤੇ ਪੇਸ਼ੇਵਰ ਨਿਗਰਾਨੀ ਹੇਠ ਅਭਿਆਸ ਕੀਤਾ ਜਾਂਦਾ ਹੈ, ਇਸਦਾ ਪ੍ਰਭਾਵ ਦਰਸਾਉਂਦਾ ਹੈ ਕਿ ਕਿਵੇਂ ਆਯੁਰਵੇਦ ਨੇ ਸਦੀਆਂ ਪਹਿਲਾਂ ਮਾਨਸਿਕ ਸਿਹਤ ਦੀ ਮਹੱਤਤਾ ਨੂੰ ਪਛਾਣਿਆ ਸੀ, ਇੱਕ ਅਜਿਹੀ ਧਾਰਨਾ ਜਿਸਨੂੰ ਦੁਨੀਆਂ ਹੁਣ ਤਰਜੀਹ ਦੇਣ ਲੱਗੀ ਹੈ।

# ਆਓ ! ਬਜ਼ੁਰਗਾਂ ਨੂੰ ਮਾਣ ਦੇਈਏ

## ਅੰਤਰਰਾਸ਼ਟਰੀ ਬਜ਼ੁਰਗ ਦਿਵਸ ’ਤੇ ਵਿਸ਼ੇਸ਼



ਸਾਨੂੰ ਬਜ਼ੁਰਗ ਵਿਅਕਤੀਆਂ ਲਈ ਇਹ ਦਿਨ ਇਸ ਲਈ ਮਨਾਉਣਾ ਚਾਹੀਦਾ ਹੈ ਕਿਉਂਕਿ ਪਹਿਲੀ ਗੱਲ ਉਹ ਸਭ ਸਾਡੇ ਸਤਿਕਾਰ ਦੇ ਪਾਤਰ ਹਨ। ਦੂਜੀ, ਅਸੀਂ ਆਪਣੀ ਨੌਜਵਾਨ ਪੀੜ੍ਹੀ ਨੂੰ ਸਿੱਖਿਅਤ ਕਰਨਾ ਚਾਹੁੰਦੇ ਹਾਂ ਅਤੇ ਤੀਸਰੀ ਇਹ ਕਿ ਅਸੀਂ ਸਭ ਕੁਝ ਨਹੀਂ ਜਾਣਦੇ, ਜਦਕਿ ਉਨ੍ਹਾਂ ਕੋਲ ਜੀਵਨ-ਤਜ਼ਰਬੇ ਦਾ ਵੱਡਾ ਖਜ਼ਾਨਾ ਹੈ।

ਜਸਵਿੰਦਰ ਸਿੰਘ
’ਰੁਪਾਲ’
98147-15796
ਪੰਜਾਬ ਮੇਲ USA



ਹਰ ਸਾਲ 1 ਅਕਤੂਬਰ ਬਜ਼ੁਰਗ ਦਿਵਸ ਵਜੋਂ ਜਾਣਿਆ ਜਾਂਦਾ ਹੈ। ਸੰਯੁਕਤ ਰਾਸ਼ਟਰ ਇਸ ਦਿਨ ਸਾਰੇ ਰਾਸ਼ਟਰਾਂ ਨੂੰ ਬਜ਼ੁਰਗ ਵਿਅਕਤੀਆਂ ਅਤੇ ਬੁਢਾਪੇ ਪ੍ਰਤੀ ਪੈਦਾ ਹੋਈਆਂ ਗਲਤ-ਮਾਨਤਾਵਾਂ ਪ੍ਰਤੀ ਧਿਆਨ ਦਿਵਾਉਣ, ਇਨ੍ਹਾਂ ਪ੍ਰਤੀ ਜਾਗਰੂਕਤਾ ਪੈਦਾ ਕਰਨ, ਇਨ੍ਹਾਂ ਨੂੰ ਪੇਸ਼ ਵੱਖ-ਵੱਖ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਬਜ਼ੁਰਗ ਵਿਅਕਤੀਆਂ ਨੂੰ ਆਪਣੀ ਸਮਰੱਥਾ ਅਤੇ ਅਧਿਕਾਰਾਂ ਬਾਰੇ ਜਾਗ੍ਰਿਤ ਕਰਨ ਲਈ ਇਹ ਦਿਨ ਮਨਾਉਂਦਾ ਹੈ। 14 ਦਸੰਬਰ, 1990 ਨੂੰ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਨੇ ਆਪਣੇ ਮਤੇ ਰਾਹੀਂ 1 ਅਕਤੂਬਰ ਦੇ ਦਿਨ ਨੂੰ ਬਜ਼ੁਰਗਾਂ ਦੇ ਦਿਨ ਵਜੋਂ ਐਲਾਨ ਕੀਤਾ ਸੀ। ਇਹ ਵੀਆਨਾ ਦੇ ਬੁਢਾਪੇ ਬਾਰੇ ਅੰਤਰਰਾਸ਼ਟਰੀ ਐਕਸ਼ਨ ਪਲੈਨ ਦੇ ਸਿੱਟੇ ਵਜੋਂ ਸੀ, ਜਿਸ ਨੂੰ ਬੁਢਾਪੇ ਬਾਰੇ ਬਣੀ ਵਿਸ਼ਵ-ਅਸੈਂਬਲੀ ਨੇ 1982 ਵਿਚ ਸਵੀਕਾਰ ਕਰ ਲਿਆ ਸੀ ਅਤੇ ਬਾਅਦ ਵਿਚ ਯੂ.ਐੱਨ. ਦੀ ਜਨਰਲ ਅਸੈਂਬਲੀ ਨੇ ਵੀ ਇਸਦੀ ਪ੍ਰੋੜਤਾ ਕਰ ਦਿੱਤੀ ਸੀ।

ਪਿਛਲੇ ਦਹਾਕਿਆਂ ਵਿਚ ਵਿਸ਼ਵ-ਜਨਸੰਖਿਆ ਦੀ ਬਣਤਰ ਵਿਚ ਵੱਡੀ ਤਬਦੀਲੀ ਆਈ ਹੈ। ਔਸਤ ਉਮਰ 46 ਸਾਲ ਤੋਂ ਵੱਧ ਕੇ 68 ਸਾਲ ਹੋਈ ਹੈ। 2019 ਵਿਚ ਵਿਸ਼ਵ ਦੇ 65 ਸਾਲ ਤੋਂ ਵੱਧ ਉਮਰ ਦੇ ਵਿਅਕਤੀਆਂ ਦੀ ਗਿਣਤੀ 703 ਮਿਲੀਅਨ ਸੀ, ਜੋ ਕਿ ਇੱਕ ਅਨੁਮਾਨ ਅਨੁਸਾਰ 2050 ਤੱਕ ਇਹ ਲਗਭਗ 1.5 ਬਿਲੀਅਨ ਤੋਂ ਵੱਧ (ਦੁੱਗਣੇ ਤੋਂ ਵੀ ਵੱਧ) ਹੋ ਜਾਵੇਗੀ। ਤ੍ਰਾਸਦੀ ਇਹ ਵੀ ਕਿ ਇਸ ਦੀ ਦੋ-ਤਿਹਾਈ ਤੋਂ ਵੀ ਵੱਧ (1.1 ਬਿਲੀਅਨ) ਘੱਟ-ਵਿਕਸਿਤ ਅਤੇ ਅਵਿਕਸਿਤ ਦੇਸ਼ਾਂ ਵਿਚ ਹੋਏਗੀ। ਇਸ ਤਰ੍ਹਾਂ ਵਿਸ਼ਵ-ਜਨਸੰਖਿਆ ਦਾ ਵੱਡਾ ਹਿੱਸਾ ਸਾਡੇ ਸਭ ਦਾ ਧਿਆਨ ਮੰਗਦਾ ਹੈ।

ਸਾਨੂੰ ਬਜ਼ੁਰਗ ਵਿਅਕਤੀਆਂ ਲਈ ਇਹ ਦਿਨ ਇਸ ਲਈ ਮਨਾਉਣਾ ਚਾਹੀਦਾ ਹੈ ਕਿਉਂਕਿ ਪਹਿਲੀ ਗੱਲ ਉਹ ਸਭ ਸਾਡੇ ਸਤਿਕਾਰ ਦੇ ਪਾਤਰ ਹਨ। ਦੂਜੀ, ਅਸੀਂ ਆਪਣੀ ਨੌਜਵਾਨ ਪੀੜ੍ਹੀ ਨੂੰ ਸਿੱਖਿਅਤ ਕਰਨਾ ਚਾਹੁੰਦੇ ਹਾਂ ਅਤੇ ਤੀਸਰੀ ਇਹ ਕਿ ਅਸੀਂ ਸਭ ਕੁਝ ਨਹੀਂ ਜਾਣਦੇ, ਜਦਕਿ ਉਨ੍ਹਾਂ ਕੋਲ ਜੀਵਨ-ਤਜ਼ਰਬੇ ਦਾ ਵੱਡਾ ਖਜ਼ਾਨਾ ਹੈ।

ਸੰਯੁਕਤ ਰਾਸ਼ਟਰ ਹਰ ਸਾਲ ਇਸ ਦਿਨ ਨੂੰ ਮਨਾਉਣ ਲਈ ਇੱਕ ਥੀਮ (ਉਦੇਸ਼) ਦਿੰਦਾ ਹੈ, ਸਾਰੀਆਂ ਗਤੀਵਿਧੀਆਂ ਇਸ ਥੀਮ ’ਤੇ ਹੀ ਕੇਂਦਰਿਤ ਹੁੰਦੀਆਂ ਹਨ।

**2025 ਦਾ ਬਜ਼ੁਰਗ ਦਿਵਸ ਦਾ ਥੀਮ :-** ਇਸ ਸਾਲ ਲਈ ਯੂ.ਐੱਨ.ਓ. ਵਲੋਂ ਦਿੱਤਾ ਗਿਆ ਥੀਮ ਹੈ -- : **Older Persons Driving Local and Global Action: Our Aspirations, Our Well-Being and Our Rights** ਬਜ਼ੁਰਗ ਵਿਅਕਤੀ ਸਥਾਨਕ ਅਤੇ ਵਿਸ਼ਵ ਪੱਧਰੀ ਕਾਰਵਾਈ ਦੇ ਪ੍ਰੇਰਕ - ਸਾਡੀਆਂ ਕਾਮਨਾਵਾਂ , ਸਾਡੀ ਭਲਾਈ ਅਤੇ ਸਾਡੇ ਅਧਿਕਾਰ॥ ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਬਜ਼ੁਰਗ ਸਿਰਫ ਲਾਭ ਪਾਤਰੀ ਨਹੀਂ, ਸਗੋਂ ਤਰੱਕੀ ਦੇ ਪ੍ਰੇਰਕ ਹਨ। ਜੋ ਆਰਥਿਕ, ਸਿਹਤ, ਸੁਚੱਜੇਪਣ, ਕੌਮਾਂਤਰੀ ਲਚਕੀਲੇਪਣ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਵਿਚ ਆਪਣਾ ਵੱਡਾ ਯੋਗਦਾਨ ਪਾਉਂਦੇ ਹਨ। 2002 ਦਾ “ਮੈਡਰਿਡ ਅੰਤਰਰਾਸ਼ਟਰੀ ਕਾਰਵਾਈ ਯੋਜਨਾ ਬਾਰੇ ਬੁਢਾਪਾ” (**MIPAA-Madridd International Plan of Action for Aging**) ਅਤੇ ਰਾਜਨੀਤਿਕ ਘੋਸ਼ਣਾ ਪੱਤਰ ਅੱਜ ਵੀ ਬਜ਼ੁਰਗਾਂ ਲਈ ਵਿਸ਼ਵ ਪੱਧਰੀ ਨੀਤੀਆਂ ਦੇ ਮੂਲ ਹਨ। 2025 ਦਾ ਵਿਸ਼ਾ ਇਸ ਗੱਲ ’ਤੇ ਜੋਰ ਦਿੰਦਾ ਹੈ ਕਿ ਬਜ਼ੁਰਗ ਵਿਅਕਤੀ ਤਬਦੀਲੀ ਦੇ ਨਿਰਮਾਤਾ ਹਨ। ਅਪ੍ਰੈਲ 2025 ਵਿਚ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ ਨੇ 81 ਦੇਸ਼ਾਂ ਦੇ ਸਹਿਯੋਗ ਨਾਲ ਫ਼ੈਸਲਾ ਕੀਤਾ ਕਿ ਬਜ਼ੁਰਗ ਵਿਅਕਤੀਆਂ ਦੇ ਅਧਿਕਾਰਾਂ ਦੀ ਰੱਖਿਆ ਲਈ ਕਾਨੂੰਨੀ ਉਪਕਰਣ ਤਿਆਰ ਕੀਤਾ ਜਾਵੇ। ਇਹ ਇੱਕ ਇਤਿਹਾਸਕ ਕਦਮ ਹੈ, ਜੋ ਬਜ਼ੁਰਗਾਂ ਨੂੰ ਅਧਿਕਾਰ-ਧਾਰੀ ਅਤੇ ਬਦਲਾਅ ਲਿਆਉਣ ਵਾਲੇ ਵਜੋਂ ਮੰਨਦਾ ਹੈ। ਅੱਜ ਦੇ ਤੇਜ਼ੀ ਨਾਲ ਬਦਲਦੇ ਲੋਕ-ਅੰਕੜਿਆਂ ਵਿਚ ਬਜ਼ੁਰਗਾਂ ਨੂੰ ਸ਼ਕਤੀਸ਼ਾਲੀ ਬਣਾਉਣ ਲਈ ਨੀਤੀਆਂ ਬਣਾਉਣਾ, ਸਿਹਤ ਸੇਵਾਵਾਂ ਤੇ ਸਮਾਜਿਕ ਸੁਰੱਖਿਆ ਤੱਕ ਨਿਆਂਯੋਗ ਪਹੁੰਚ ਦੇਣੀ, ਭੇਦਭਾਵ ਮਿਟਾਉਣਾ ਅਤੇ ਉਨ੍ਹਾਂ ਦੇ ਸਨਮਾਨ ਅਤੇ ਭਲਾਈ ਨੂੰ ਯਕੀਨੀ ਬਣਾਉਣਾ ਬਹੁਤ ਜ਼ਰੂਰੀ ਹੈ। ਇਸ ਦਿਵਸ ਦਾ ਸੰਦੇਸ਼ ਇਹ ਹੈ ਕਿ ਬਜ਼ੁਰਗ ਸਮਾਜ ਲਈ ਬੋਝ ਨਹੀਂ ਹਨ, ਸਗੋਂ ਉਹ ਆਪਣੀ ਸਿਆਣਪ ਅਤੇ ਤਜ਼ਰਬੇ ਨਾਲ ਭਵਿੱਖ ਨੂੰ ਹੋਰ ਲਚਕੀਲਾ ਅਤੇ ਨਿਆਂ ਸੰਗਤ ਬਣਾਉਣ ਦੇ ਹੱਕਦਾਰ ਹਨ।

ਸੰਯੁਕਤ ਰਾਸ਼ਟਰ ਦੇ ਸਕੱਤਰ ਐਂਟੋਨਿਓ ਗੁਟਰੇਸ ਦਾ ਇਸ ਦਿਵਸ ਲਈ ਸੰਦੇਸ਼ ਹੈ--

**As this year’s theme reminds us, older persons are powerful agents of change. Their voices must be heard in shaping policies, ending age-discrimination, and building inclusive societies. ---UN Secretary-General António Guterres**

“ਜਿਵੇਂ ਇਸ ਸਾਲ ਦਾ ਵਿਸ਼ਾ ਸਾਨੂੰ ਯਾਦ ਕਰਾਉਂਦਾ ਹੈ ਕਿ ਬਜ਼ੁਰਗ ਤਬਦੀਲੀ ਦੇ ਸ਼ਕਤੀਸ਼ਾਲੀ ਕਾਰਕ ਹਨ। ਨੀਤੀਆਂ ਬਣਾਉਣ ਸਮੇਂ, ਉਮਰ-ਵਿਤਕਰਾ ਦੂਰ ਕਰਨ ਸੰਬੰਧੀ, ਅਤੇ ਸਮਾਵੇਸ਼ੀ ਸਮਾਜ ਦੇ ਨਿਰਮਾਣ ਸੰਬੰਧੀ ਉਨ੍ਹਾਂ ਦੀ ਆਵਾਜ਼ ਨੂੰ ਸੁਣਨਾ ਚਾਹੀਦਾ ਹੈ।”

ਬਜ਼ੁਰਗਾਂ ਅਤੇ ਨੌਜਵਾਨਾਂ ਵਿਚ ਪਾੜਾ ਦਿਨੋਂ-ਦਿਨ ਵੱਧ ਰਿਹਾ ਹੈ। ਦੋਵਾਂ ਦੀ ਸੋਚ, ਰੁਚੀਆਂ, ਵਿਚਾਰ, ਲਚਕੀਲੇਪਣ, ਪਸੰਦ-ਨਾਪਸੰਦ, ਆਦਿ ਵਿਚ ਅੰਤਰ ਬਹੁਤ ਜ਼ਿਆਦਾ ਬਣ ਗਿਆ ਹੈ। ਸਿਤਮ ਜ਼ਰੀਫੀ ਇਹ ਹੈ ਕਿ ਖ਼ਾਸ ਕਰਕੇ ਨੌਜਵਾਨ, ਬਜ਼ੁਰਗਾਂ ਦੀ ਗੱਲ ਸੁਣਨ ਅਤੇ ਉਸ ’ਤੇ ਵਿਚਾਰ ਕਰਨ ਲਈ ਵੀ ਤਿਆਰ ਨਹੀਂ, ਅਮਲ ਕਰਨਾ ਤਾਂ ਦੂਰ ਦੀ ਗੱਲ ਹੈ। ਕੁਝ ਕੁ ਨੁਕਤੇ ਅਤੇ ਸੁਝਾਅ ਸਾਂਝੇ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ।

**ਬੱਚਿਆਂ ਦੇ ਕਰਨ ਯੋਗ ਕੰਮ :-**

1. **ਸਿਹਤ ਪੱਖ :-** ਬਹੁਤ ਮਹੱਤਵਪੂਰਨ ਪੱਖ ਹੈ ਵੱਧ ਉਮਰ ਵਿਚ ਵੀ ਤੰਦਰੁਸਤੀ ਨੂੰ ਮਾਨਣਾ। ਖ਼ਾਸ ਕਰਕੇ ਭਾਰਤ ਵਰਗੇ ਦੇਸ਼ ਵਿਚ ਜਿਥੇ ਸਰਕਾਰ ਵਲੋਂ ਕੋਈ ਠੋਸ ਉਪਾਅ ਨਹੀਂ ਕੀਤੇ ਗਏ। ਉੱਥੇ ਸਿਹਤ ਸੇਵਾਵਾਂ ਅਤੇ ਦਵਾਈਆਂ ਆਦਿ ਦਾ ਖਰਚਾ ਔਲਾਦ ਨੇ ਹੀ ਕਰਨਾ ਹੁੰਦਾ ਹੈ। ਨੌਜਵਾਨ ਖੁਦ ਇਸ ਮਹਿੰਗਾਈ ਦੇ ਜ਼ਮਾਨੇ ਵਿਚ ਆਪਣੇ ਲਈ ਅਤੇ ਆਪਣੇ ਪਰਿਵਾਰ ਲਈ ਸੰਘਰਸ਼ ਕਰ ਰਹੇ ਹੁੰਦੇ ਹਨ। ਮੈਡੀਕਲ ਬੀਮਾ ਸਾਡੇ ਦੇਸ਼ ਵਿਚ ਜ਼ਰੂਰੀ ਨਹੀਂ ਹੈ। ਕਿੰਨੇ ਦੁੱਖ ਅਤੇ ਹੈਰਾਨੀ ਦੀ ਗੱਲ ਹੈ ਕਿ ਵਾਹਨਾਂ ਦਾ ਬੀਮਾ ਹੋਣਾ ਜ਼ਰੂਰੀ ਹੈ ਪਰ ਮਨੁੱਖੀ ਜੀਵਨ ਦਾ ਜਾਂ ਮੈਡੀਕਲ ਬੀਮਾ ਕਰਵਾਉਣਾ ਸਰਕਾਰ ਵਲੋਂ ਜ਼ਰੂਰੀ ਨਹੀਂ ਹੈ। ਸਰਕਾਰੀ ਮੁਲਾਜ਼ਮਾਂ ਲਈ ਤਾਂ ਚਲੋ ਫਿਰ ਵੀ ਕੁਝ ਸਿਹਤ ਸਹੂਲਤਾਂ ਹਨ, ਭਾਵੇਂ ਉਹ ਵੀ ਜ਼ਿਆਦਾ ਨਹੀਂ ਹਨ, ਪਰ ਜੋ ਸਰਕਾਰੀ ਨੌਕਰੀ ਨਹੀਂ ਕਰਦੇ, ਉਨ੍ਹਾਂ ਲਈ ਕੋਈ ਪ੍ਰਬੰਧ ਨਹੀਂ ਹੈ। ਪ੍ਰਾਈਵੇਟ ਬੀਮਾ ਕੰਪਨੀਆਂ ਕੁਝ ਹਨ, ਪਰ ਜ਼ਰੂਰੀ ਨਾ ਹੋਣ ਕਾਰਨ ਬਹੁਤੇ ਪੁਰਾਣੇ ਵਿਅਕਤੀਆਂ ਦਾ ਬੀਮਾ ਜਾਂ ਮੈਡੀਕਲ ਬੀਮਾ ਨਹੀਂ ਕਰਵਾਇਆ ਹੁੰਦਾ ਅਤੇ ਉਨ੍ਹਾਂ ਦਾ ਭਵਿੱਖ ਖ਼ਤਰੇ ਵਿਚ ਹੈ।

2. **ਸਨਮਾਨ ਪੱਖ :-** ਦੂਸਰੀ ਮੁੱਖ ਲੋੜ ਜੋ ਇਸ ਉਮਰ ਵਿਚ ਹੁੰਦੀ ਹੈ, ਉਹ ਹੈ ਮਾਣ-ਸਨਮਾਨ ਦੀ। ਇਹ ਮਨੁੱਖ ਦੀ ਸਭ ਤੋਂ ਵੱਡੀ ਲੋੜ ਹੁੰਦੀ ਹੈ। ਸਭ ਤੋਂ ਪਹਿਲਾਂ ਪਰਿਵਾਰ ਦੇ ਅੰਦਰੋਂ ਪੁੱਤਰ ਨੂੰਹਾਂ ਦੀ ਜ਼ਿੰਮੇਵਾਰੀ ਬਣਦੀ ਹੈ। ਸੁੱਖ ਸਹੂਲਤਾਂ ਨਾਲੋਂ ਵੀ ਇਸਦੀ ਲੋੜ ਵੱਡੀ ਹੈ। ਇਨ੍ਹਾਂ ਬਜ਼ੁਰਗਾਂ ਨੇ ਜ਼ਿੰਦਗੀ ਵਿਚ ਬਹੁਤ ਸੰਘਰਸ਼ ਦੇਖੇ ਹੁੰਦੇ ਹਨ, ਉਹ ਆਰਥਿਕ ਘਾਟ, ਸਹੂਲਤਾਂ ਦੀ ਘਾਟ ਨੂੰ ਫਿਰ ਵੀ ਸਹਿਣ ਕਰ ਲੈਣਗੇ, ਪਰ ਉਨ੍ਹਾਂ ਦੀ ਰੂਹ ਉਦੋਂ ਜ਼ਖਮੀ ਹੋ ਜਾਂਦੀ ਹੈ, ਜਦੋਂ ਉਨ੍ਹਾਂ ਦੀ ਆਪਣੀ ਔਲਾਦ ਹੀ ਆਪਣੇ ਆਪ ਨੂੰ ਜ਼ਿਆਦਾ ਸਮਝਦਾਰ ਸਮਝਦੀ ਹੋਈ, ਉਨ੍ਹਾਂ ਦੀ ਗੱਲ ਸੁਣਨੀ ਜਾਂ ਸਲਾਹ ਲੈਣੀ ਤਾਂ ਦੂਰ, ਉਲਟਾ ਉਨ੍ਹਾਂ ਨੂੰ ਨਸੀਹਤਾਂ ਦੇ ਰਹੇ ਹੁੰਦੇ ਹਨ ਅਤੇ ਉਨ੍ਹਾਂ ਨਾਲ ਮਿੱਠਤ ਨਾਲ ਗੱਲ ਕਰਨ ਦੀ ਜਗ੍ਹਾ ਰੁੱਖੇਪਣ ਨਾਲ ਪੇਸ਼ ਆਉਂਦੇ ਹਨ। ਕੁਝ ਕੁ ਤਬਦੀਲੀ ਬਜ਼ੁਰਗਾਂ ਨੂੰ ਵੀ ਆਪਣੇ ਸੁਭਾਅ ਵਿਚ ਕਰਨੀ ਚਾਹੀਦੀ ਹੈ। ਉਨ੍ਹਾਂ ਨੂੰ ਵੀ ਕੁਝ ਕੱਟੜਤਾ ਛੱਡਣ ਦੀ ਲੋੜ ਹੈ।

ਇੱਕ ਸ਼ੇਅਰ ਯਾਦ ਆ ਰਿਹਾ ਹੈ, ਜੋ ਬੇਸ਼ੱਕ ਗੁਰੂ ਸ਼ਿਸ਼ ਦੇ ਆਰਥਿਕ ਪੱਖ ਲਈ ਠੀਕ ਹੈ, ਪਰ ਬਜ਼ੁਰਗਾਂ ਅਤੇ ਨੌਜਵਾਨਾਂ ਦੇ ਸਨਮਾਨ ਪੱਖ ’ਤੇ ਪੂਰਾ ਢੁੱਕਦਾ ਹੈ। ਇਹ ਸ਼ੇਅਰ ਹੈ...

ਸ਼ਿਸ਼ ਕੋ ਐਸਾ ਚਾਹੀਏ, ਗੁਰ ਕਉ ਸਰਬਸੁ ਦੇਇ॥
ਗੁਰ ਕਉ ਐਸਾ ਚਾਹੀਏ, ਸ਼ਿਸ਼ ਕਾ ਕਿਛੂ ਨ ਲੇਇ॥

ਹੁਣ ਇਸੇ ਤਰ੍ਹਾਂ ਕਹਿ ਸਕਦੇ ਹਾਂ ਕਿ ਬੱਚੇ ਅਜਿਹੇ ਹੋਣ ਜਿਹੜੇ ਹਰ ਕਦਮ ’ਤੇ ਮਾਪਿਆਂ ਦੀ ਇਜਾਜ਼ਤ ਲੈ ਕੇ ਚੱਲਣ, ਉਨ੍ਹਾਂ ਦੀ ਹਰ ਗੱਲ ਆਪਣੀ ਜ਼ਿੰਦਗੀ ਲਈ ਵੀ ਮੰਨਣ ਲਈ ਤਿਆਰ ਹੋਣ, ਪਰ ਦੂਜੇ ਪਾਸੇ ਬਜ਼ੁਰਗ ਇਹੋ ਜਿਹੀ ਮਾਨਸਿਕ ਅਵਸਥਾ ਦੇ ਹੋਣ ਕਿ ਉਹ ਔਲਾਦ ’ਤੇ ਬਹੁਤੀਆਂ ਆਸਾਂ ਨਾ ਰੱਖਦੇ ਹੋਣ। ਜ਼ਿਆਦਾ ਨਿਰਭਰਤਾ ਔਲਾਦ ’ਤੇ ਨਾ ਹੋਵੇ। ਜਿੰਨਾ ਉਹ ਆਪ ਕੰਮ ਕਰ ਸਕਦੇ ਹੋਣ, ਜ਼ਰੂਰ ਕਰਨ। ਬੱਚਿਆਂ ਨੂੰ ਉਨ੍ਹਾਂ ਦੇ ਆਪਣੇ ਅੰਦਾਜ਼ ਵਿਚ ਜਿਊਣ ਦੇਣ। ਉਨ੍ਹਾਂ ਦੇ ਖਾਣ, ਪਹਿਨਣ ਜਾਂ ਹੋਰ ਆਧੁਨਿਕ ਯੁੱਗ ਦੇ ਰਹਿਣ-ਸਹਿਣ ਤੇ ਫਜ਼ੂਲ ਦੀ ਟੋਕਾ-ਟਾਕੀ ਨਾ ਕਰਨ। ਬੱਚੇ ਜੇ ਸ਼ਬਦਾਂ ਵਿਚ ਹੀ ਮਿੱਠਤ ਅਤੇ ਮਾਣ ਸਤਿਕਾਰ ਬਣਾਈ ਰੱਖਣ, ਇਸ ਨਾਲ ਵੀ ਉਨ੍ਹਾਂ ਨੂੰ ਵੱਡੀ ਮਾਨਸਿਕ ਤੱਸਲੀ ਮਿਲਦੀ ਰਹੇਗੀ। ਕਦੇ ਉਨ੍ਹਾਂ ਦੀ ਪਸੰਦ ਦਾ ਖਾਣਾ ਬਣਾ ਦਿਓ, ਕਦੇ ਉਨ੍ਹਾਂ ਨੂੰ ਚੰਗਾ ਲੱਗਦਾ ਕੋਈ ਪ੍ਰੋਗਰਾਮ ਉਨ੍ਹਾਂ ਦੇ ਨਾਲ ਬੈਠ ਕੇ ਦੇਖੋ। ਸਦਾ ਹੀ ਮੰਦਰ ਗੁਰਦੁਆਰੇ ਹੀ ਨਾ ਲੈ ਕੇ ਜਾਓ, ਕਦੇ-ਕਦੇ ਨਵੇਂ ਜਗਤ ਦੀਆਂ ਨਵੀਆਂ ਚੀਜ਼ਾਂ ਵੀ ਉਨ੍ਹਾਂ ਨੂੰ ਦਿਖਾਓ। ਕੋਈ ਨਵੀਂ ਜਾਣਕਾਰੀ ਸਾਂਝੀ ਕਰਦੇ ਰਹੋ। ਆਪਣੀਆਂ ਪ੍ਰਾਪਤੀਆਂ ਉਨ੍ਹਾਂ ਨੂੰ ਜ਼ਰੂਰ ਦੱਸੋ। ਕਦੇ ਕੋਈ ਪੁਰਾਣੇ ਗੁਰ ਸਿੱਖੋ, ਉਨ੍ਹਾਂ ਦੇ ਤਜ਼ਰਬੇ ਸੁਣੋ। ਉਨ੍ਹਾਂ ਤੋਂ ਨਵੇਂ ਜ਼ਮਾਨੇ ਦੀ ਫੀਡਬੈਕ ਜ਼ਰੂਰ ਲਵੋ।

3. **ਛੋਟੇ ਬੱਚਿਆਂ ਵਾਂਗ ਖਿਆਲ ਰੱਖਣਾ:-** ਜੀ ਹਾਂ, ਬਜ਼ੁਰਗਾਂ ਦਾ ਧਿਆਨ ਬਹੁਤ ਛੋਟੇ ਬੱਚਿਆਂ ਵਾਂਗ ਰੱਖੇ ਜਾਣ ਦੀ ਲੋੜ ਹੈ। ਜਿਵੇਂ ਛੋਟੇ ਬੱਚਿਆਂ ਦੇ ਸਰਬਪੱਖੀ ਵਿਕਾਸ ਬਾਰੇ ਮਾਪੇ ਫਿਕਰ ਕਰਦੇ ਹਨ ਅਤੇ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਸਿਖਲਾਈ ਦਿਵਾਉਣ ਦੀ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਦੇ ਸ਼ੌਕ ਅਤੇ ਮਨੋਰੰਜਨ ਲਈ ਵੀ ਮਾਪੇ ਆਪਣਾ ਸਮਾਂ, ਧਨ ਅਤੇ ਊਰਜਾ ਖਰਚਣ ਲੱਗਿਆਂ ਕਦੇ ਔਖ ਮਹਿਸੂਸ ਨਹੀਂ ਕਰਦੇ, ਸਗੋਂ ਇਹ ਸਭ ਖੁਸ਼ੀ ਨਾਲ ਕਰਦੇ ਹਨ। ਪਰ ਜਦੋਂ ਇਹ ਬਜ਼ੁਰਗਾਂ ਨਾਲ ਸੰਬੰਧਿਤ ਗੱਲ ਆਉਂਦੀ ਹੈ, ਉੱਥੇ ਕਦੇ ਖਰਚ ਵੱਧ ਲੱਗਣ ਲੱਗਦਾ ਹੈ, ਕਦੇ ਉਨ੍ਹਾਂ ਲਈ ਸਮਾਂ ਨਹੀਂ ਹੈ। ਕਦੇ ਖੇਚਲ ਵਾਹਵਾ ਮੰਨਦੇ ਹਨ। ਜਿਨ੍ਹਾਂ ਨੇ ਤੁਹਾਨੂੰ ਆਪਣੇ ਪੈਰਾਂ ’ਤੇ ਖੜ੍ਹੇ ਕੀਤਾ ਹੈ, ਤੁਹਾਨੂੰ ਤੁਰਨਾ ਬੋਲਣਾ ਸਿਖਾਇਆ ਹੈ, ਕੁਝ ਫਰਜ਼ ਹੁਣ ਤੁਹਾਡੇ ਵੀ ਹਨ। ਉਨ੍ਹਾਂ ਨੂੰ ਤੁਹਾਡੇ ਵਕਤ ਦੀ ਖ਼ਾਸ ਲੋੜ ਹੈ। ਉਨ੍ਹਾਂ ਦੀ ਪਸੰਦ ਅਤੇ ਰੁਚੀਆਂ ਲਈ ਵੀ ਕੁਝ ਸਮਾਂ ਅਤੇ ਧਨ ਖਰਚਣ ਤੋਂ ਝਿਜਕ ਨਾ ਦਿਖਾਓ। ਤੁਹਾਡੀ ਵਲੋਂ ਦਿਖਾਏ ਗਏ ਹਲਕੇ ਸਤਿਕਾਰ ਨਾਲ ਹੀ ਉਨ੍ਹਾਂ ਦੀਆਂ ਬਹੁਤ ਬਿਮਾਰੀਆਂ ਠੀਕ ਹੋ ਜਾਣਗੀਆਂ। ਕਿਉਂਕਿ ਮਨ ਜੇ ਸ਼ਾਂਤ ਅਤੇ ਸੰਤੁਸ਼ਟ ਹੈ, ਉਹ ਕਾਫੀ ਹੱਦ ਤੱਕ ਸਰੀਰ ਨੂੰ ਵੀ ਕਾਇਮ ਰੱਖ ਸਕਦਾ ਹੈ।

4. **ਦਿਮਾਗ ਨਾਲ ਨਹੀਂ, ਦਿਲ ਨਾਲ ਰਿਸ਼ਤੇ ਨਿਭਾਓ :-** ਇਸ ਵਿਚ ਕੋਈ ਸ਼ੱਕ ਨਹੀਂ ਕਿ ਆਧੁਨਿਕ ਪੀੜ੍ਹੀ ਦੇ ਨੌਜਵਾਨਾਂ ਕੋਲ ਵਧੇਰੇ ਗਿਆਨ ਹੈ। ਉਹ ਹਾਈ ਟੈਕ ਹਨ ਅਤੇ ਸਕਿੰਟਾਂ ਵਿਚ ਦੇਸ਼-ਵਿਦੇਸ਼ ਦੀ ਮਨਚਾਹੀ ਵਸਤੂ ਜਾਂ ਘਟਨਾ ਬਾਰੇ ਜਾਣਕਾਰੀ ਲੈ ਸਕਦੇ ਹਨ। ਪਰ ਇਹ ਮੰਨ ਕੇ ਚੱਲੋ ਕਿ ਪੂਰਨ ਕੋਈ ਵੀ ਨਹੀਂ ਹੁੰਦਾ ਅਤੇ ਬਜ਼ੁਰਗ ਹੁਣ ਢਲਦੀ ਛਾਂ ਹੋਣ ਕਾਰਨ ਆਪਣੇ ਗਿਆਨ ਨੂੰ ਬਹੁਤਾ ਨਵਿਆ ਨਹੀਂ ਰਹੇ। ਉਨ੍ਹਾਂ ਦੀ ਗਤੀਸ਼ੀਲਤਾ ਵੀ ਘੱਟ ਹੈ ਅਤੇ ਨਵੇਂ ਤਜ਼ਰਬੇ ਵੀ ਘੱਟ ਗਏ ਹਨ। ਕੁਝ ਸਿਖਣ ਬਿਰਤੀ ਅਤੇ ਯਾਦ ਵੀ ਪਹਿਲਾਂ ਜਿੰਨੀ ਨਹੀਂ ਰਹੀ। ਇਸ ਲਈ ਜੇ ਕਿਧਰੇ ਉਹ ਤੁਹਾਡੇ ਗਿਆਨ ਜਾਂ ਤਕਨਾਲੌਜੀ ਪੱਖ ਦੇ ਬਰਾਬਰ ਨਹੀਂ ਹਨ, ਤਾਂ ਖੁਸ਼ੀ ਨਾਲ ਅਤੇ ਸਤਿਕਾਰ ਨਾਲ ਉਨ੍ਹਾਂ ਦੀ ਮਦਦ ਕਰੋ। ਤੁਸੀਂ ਜ਼ਰਾ ਕੁ ਅੱਗੇ ਲੱਗੋ, ਤਾਂ ਉਹ ਨਵੀਂ ਤਕਨਾਲੌਜੀ ਦੇ ਉਪਕਰਣ ਵੀ ਵਰਤਣਾ ਸਿੱਖ ਜਾਣਗੇ। ਹਰ ਨਵਾਂ ਗਿਆਨ ਉਨ੍ਹਾਂ ਨੂੰ ਮਿੱਠਤ ਪਿਆਰ ਅਤੇ ਸਤਿਕਾਰ ਨਾਲ ਦਿੱਤਾ ਜਾ ਸਕਦਾ ਹੈ। ਆਪਣੇ ਵਧੇਰੇ ਗਿਆਨਵਾਨ ਹੋਣ ਤੇ ਹੰਕਾਰੀ ਨਾ ਹੋ ਜਾਵੋ, ਉਨ੍ਹਾਂ ਦੇ ਪੁਰਾਣੇ ਗਿਆਨ ਨੂੰ ਅਤੇ ਤਜ਼ਰਬੇ ਨੂੰ ਇੱਕਦਮ ਹੀ ਰੱਦ ਨਾ ਕਰਦੇ ਚੱਲੋ। ਕੁਝ ਜੋ ਲੈ ਸਕਦੇ ਹੋ, ਲਓ ਵੀ। ਵਰਨਾ ਸਤਿਕਾਰ ਨਾਲ ਮੁਆਫੀ ਮੰਗ ਲਵੋ, ਉਹ ਗੁੱਸਾ ਨਹੀਂ ਕਰਨਗੇ, ਜਦੋਂ ਤੁਸੀਂ ਵਕਤ ਤਬਦੀਲੀ ਦੇ ਨਾਲ-ਨਾਲ ਪੁਰਾਤਨਤਾ ਨੂੰ ਅਪਨਾਉਣ ਤੋਂ ਇਨਕਾਰ ਵੀ ਕਰੋ। ਖਿਆਲ ਸਿਰਫ ਇਹ ਰੱਖਣਾ ਹੈ ਕਿ ਉਨ੍ਹਾਂ ਦੇ ਦਿਲ ਨੂੰ ਠੇਸ ਨਾ ਪਹੁੰਚੇ। ਕਾਫੀ ਹੱਦ ਤੱਕ ਉਹ ਆਪਣੇ ਬੱਚਿਆਂ ਦੀ ਹਰ ਗੱਲ ਮੰਨ ਹੀ ਰਹੇ ਹਨ।

**ਬਜ਼ੁਰਗਾਂ ਲਈ ਕੁਝ ਸੁਝਾਅ :-** ਸਭ ਤੋਂ ਵੱਡੀ ਗੱਲ ਕਿ ਆਪਣੇ ਆਪ ਨੂੰ ਬੇਕਾਰ ਅਤੇ ਫਜ਼ੂਲ ਨਾ ਸਮਝੋ। ਆਪਣੀ ਨਿਗਾਹ ਵਿਚ ਆਪਣਾ ਸਨਮਾਨ ਬਣਾ ਕੇ ਰੱਖੋ। ਕੁਝ ਨੁਕਤੇ ਪੇਸ਼ ਕਰ ਰਹੇ ਹਾਂ

1. ਸਾਰੀ ਸੰਪਤੀ ਅਤੇ ਆਮਦਨ ਬੱਚਿਆਂ ਨੂੰ ਨਾ ਦੇਵੋ, ਭਾਵੇਂ ਉਹ ਕਿੰਨੇ ਵੀ ਆਗਿਆਕਾਰ ਕਿਉਂ ਨਾ ਹੋਣ। ਕੁਝ ਆਪਣੇ ਹੱਥ ਵਿਚ ਜ਼ਰੂਰ ਰੱਖੋ। ਸਮੇਂ-ਸਮੇਂ ’ਤੇ ਕੁਝ ਹਿੱਸਾ ਬੱਚਿਆਂ ਨੂੰ ਦਿੰਦੇ ਵੀ ਰਹੋ। ਸਤਿਕਾਰ ਬਣਿਆ ਰਹੇਗਾ।
2. ਆਪਣੀ ਸਿਹਤ ਦਾ ਆਪ ਖਿਆਲ ਰੱਖਣਾ ਸਿੱਖੋ। ਸੰਤੁਲਿਤ ਭੋਜਨ, ਲੋੜ ਅਨੁਸਾਰ ਸੈਰ ਜਾਂ ਹਲਕੀ ਕਸਰਤ, ਠੀਕ ਅਰਾਮ ਅਤੇ ਨੀਂਦ ਇੱਕ ਤੰਦਰੁਸਤ ਵਿਅਕਤੀ ਲਈ ਬਹੁਤ ਜ਼ਰੂਰੀ ਹਨ।
3. ਜਿੰਨਾ ਹੋ ਸਕੇ, ਕੁਝ ਕੰਮ ਜ਼ਰੂਰ ਕਰਦੇ ਰਹੋ। ਸਿਰਫ ਧਨ ਪ੍ਰਾਪਤੀ ਲਈ ਹੀ ਨਹੀਂ, ਕੰਮ ਤੁਹਾਡਾ ਵਿਸ਼ਵਾਸ ਵੀ ਵਧਾਏਗਾ ਅਤੇ ਤਨ ਮਨ ਨੂੰ ਵੀ ਠੀਕ ਰੱਖੇਗਾ।
4. ਹਰ ਨਵੀਨਤਾ ਦਾ ਸਵਾਗਤ ਕਰੋ। ਨਵੀਂ ਪੀੜ੍ਹੀ ਦੀਆਂ ਨਵੀਆਂ ਗੱਲਾਂ ਐਵੇਂ ਹੀ ਨਿੰਦੀ ਨਾ ਜਾਵੋ। ਜ਼ਮਾਨੇ ਦੇ ਵਿਕਾਸ ਲਈ ਕੁਝ ਪੁਰਾਣੀਆਂ ਗੱਲਾਂ ਨੇ ਖਤਮ ਵੀ ਹੋਣਾ ਹੁੰਦਾ ਹੈ। ਧਾਰਮਿਕ ਵਿਚਾਰ ਤੇ ਨੈਤਿਕ ਕੀਮਤਾਂ ਸਿਰਫ ਪਿਆਰ ਨਾਲ ਹੀ ਨਵੀਂ ਪੀੜ੍ਹੀ ਨੂੰ ਸਿਖਾਈਆ ਜਾ ਸਕਦੀਆਂ ਹਨ, ਐਵੇਂ ਠੋਸਣ ਦੀ ਜਿੱਦ ਨਾ ਕਰ ਬੈਠਣਾ ।
5. ਆਪਣੇ ਮਨ ਨੂੰ ਰੁੱਝੇ ਰੱਖਣ ਲਈ ਕੋਈ ਸ਼ੌਕ ਜ਼ਰੂਰ ਪਾਲੋ। ਕੋਈ ਪੜ੍ਹਨਾ, ਲਿਖਣਾ, ਸੰਗੀਤ, ਜੋ ਵੀ ਤੁਹਾਡੀ ਰੁਚੀ ਹੈ, ਉਸ ਅਨੁਸਾਰ ਆਪਣੇ ਗਿਆਨ ਨੂੰ ਨਵਿਆਉਂਦੇ ਰਹੋ। ਨਵੀਆਂ ਦੋਸਤੀਆਂ ਜ਼ਰੂਰ ਬਣਾਓ। ਸਭਾ ਸੋਸਾਇਟੀਆਂ ਦੇ ਮੈਂਬਰ ਬਣ ਕੇ ਸਮਾਜ ਲਈ ਵੀ ਕੁਝ ਕਰਦੇ ਰਹੋ।
6. ਜਿੱਥੋਂ ਤੱਕ ਹੋ ਸਕੇ, ਪਰਿਵਾਰ ਦੇ ਕੰਮ ਜ਼ਰੂਰ ਆਓ। ਪੋਤੇ ਪੋਤੀਆਂ ਨਾਲ ਹੀ ਨਹੀਂ, ਗੁਆਂਢੀ ਬੱਚਿਆਂ ਨਾਲ ਵੀ ਪਿਆਰ ਪਾ ਕੇ ਰੱਖੋ।
7. ਨਵੀਆਂ ਥਾਵਾਂ ’ਤੇ ਮੌਕਾ ਮਿਲੇ, ਜ਼ਰੂਰ ਜਾਓ। ਹੋ ਸਕੇ ਨਵੀਆਂ ਭਾਸ਼ਾਵਾਂ ਵੀ ਸਿੱਖੋ।

ਭਾਵ ਇਹ ਕਿ ਜ਼ਿੰਦਾਦਿਲੀ ਨਾਲ ਰਹੋ। ਆਪਣੇ ਖੁਦ ਨੂੰ ਪਹਿਚਾਣੋ। ਤੁਹਾਡੇ ਵਿਚ ਬਹੁਤ ਸਮਰਥਾਵਾਂ ਹਨ। ਤੁਸੀਂ ਬਿਲਕੁਲ ਕਮਜ਼ੋਰ ਨਹੀਂ ਹੋ। ਆਪਣੇ ਆਖਰੀ ਸਾਹ ਤੱਕ ਸਮਾਜ ਨੂੰ ਆਪਣੀ ਲੋੜ ਮਹਿਸੂਸ ਕਰਵਾਉਂਦੇ ਰਹੋ। ਤਦ ਹੀ ਜੀਵਨ ਦਾ ਇਹ ਆਖਰੀ ਪੰਧ ਸੁਖਾਵਾਂ ਹੋ ਸਕਦਾ ਹੈ।

# ਸਿਰਲੇਖ: ਸੰਨ 1984 ਵਿਚ ਦਿੱਤੇ ਫਾਈਨਲ ਪੇਪਰ




ਪ੍ਰਿੰਸੀਪਲ ਜਸਪਾਲ ਸਿੰਘ ਲੋਹਾਮ
ਮੋਗਾ
(ਵਟਸਐਪ) : 97810-40140
ਪੰਜਾਬ ਮੇਲ USA




**ਮੇਰੇ ਘਰ ਤੋਂ ਮੇਰੇ ਕਾਲਜ ਦਾ ਰਸਤਾ ਸਿਰਫ ਪੰਜ ਮਿੰਟ ਦਾ ਸੀ, ਇਹ ਘਰ ਦੇ ਨੇੜੇ ਸੀ। ਕਈ ਵਾਰੀਂ ਘਰ ਤੋਂ ਕਾਲਜ ਸਾਈਕਲ 'ਤੇ ਚਲਿਆ ਜਾਂਦਾ ਸੀ। ਇੱਕ ਵਾਰ ਕਾਲਜ ਸਾਥੀ ਜੋ ਹੁਣ ਐਡਵੋਕੇਟ ਹੈ, ਅਸੀਂ ਸਾਈਕਲ 'ਤੇ ਗੱਲਾਂ ਮਾਰਦੇ ਜਾ ਰਹੇ ਸੀ, ਉਹ ਡੰਡੇ 'ਤੇ ਬੈਠਾ ਸੀ, ਮੈਂ ਚਲਾ ਰਿਹਾ ਸੀ। ਅਜੇ ਗਲੀ ਨੰਬਰ 9 ਅਤੇ ਆਰੀਆ ਸਕੂਲ ਰੋਡ ਚੌਂਕ 'ਤੇ ਪੁੱਜੇ ਸੀ ਕਿ ਅਚਾਨਕ ਸਾਈਕਲ ਦਾ ਚਿਮਟਾ ਟੁੱਟ ਗਿਆ ਤੇ ਅਸੀਂ ਦੋਨੇ ਜਾਣੇ ਹੇਠਾਂ ਡਿੱਗ ਪਏ।**

ਸੰਨ 1984 ਦੀ ਗੱਲ ਹੈ। ਉਦੋਂ ਮੇਰੇ ਵੱਡੇ ਵੀਰ ਸਤਿਕਾਰਯੋਗ ਸਰਦਾਰ ਇਕਬਾਲ ਸਿੰਘ ਲੋਹਾਮ ਜੀ ਦੀ ਪ੍ਰੇਰਨਾ ਸਦਕਾ, ਮੈਂ ਬੀ.ਐੱਸ.ਸੀ. ਦੇ ਵਿਚ ਦਾਖਲਾ ਲਿਆ ਸੀ ਤੇ ਫਾਈਨਲ ਵਿਭਾਗ ਵਿਚ ਪੜ੍ਹਦਾ ਸੀ। ਮੇਰਾ ਇੱਕੋ ਹੀ ਟੀਚਾ ਸੀ ਕਿ ਦੱਬ ਕੇ ਪੜ੍ਹਾਈ ਕਰਨੀ ਹੈ, ਸਮਾਂ ਬਰਬਾਦ ਨਹੀਂ ਕਰਨਾ ਤੇ ਫਾਲਤੂ ਦੇ ਕੰਮ ਨਹੀਂ ਕਰਨੇ। ਘਰ ਦੇ ਕੰਮ ਵੀ ਘੱਟ ਕਰਦਾ ਸੀ, ਤਾਂ ਜੋ ਪੜ੍ਹਾਈ ਦਾ ਨੁਕਸਾਨ ਨਾ ਹੋਵੇ। ਪੂਰਾ ਮਨ ਪੜ੍ਹਾਈ ਵੱਲ ਲਗਾਇਆ ਹੋਇਆ ਸੀ। ਡੀ.ਐੱਮ. ਕਾਲਜ ਮੋਗਾ ਵਿਚ ਕਰੀਬ ਸਵੇਰੇ ਅੱਠ ਤੋਂ ਤਿੰਨ ਵਜੇ ਤੱਕ ਸਾਰੇ ਪੀਰੀਅਡ ਲੱਗ ਜਾਂਦੇ ਸਨ। ਮੇਰਾ ਆਰਟਸ ਗਰੁੱਪ ਵਾਲਿਆਂ ਨਾਲੋਂ ਵੱਧ ਸਮਾਂ ਲੱਗਦਾ ਸੀ। ਕਾਲਜ ਵਿਚ ਪਹਿਲਾਂ ਰੋਜ਼ਾਨਾ ਦੀ ਤਰ੍ਹਾਂ ਨੋਟਿਸ ਬੋਰਡ ਦੇਖਦੇ ਸੀ ਤੇ ਫਿਰ ਕਲਾਸਾਂ ਲਗਾਉਣ ਚਲਾ ਜਾਂਦਾ ਸੀ। ਮੇਰੇ ਫਿਜਿਕਸ, ਕੈਮਿਸਟਰੀ, ਮੈਥ ਅਤੇ ਇੰਗਲਿਸ਼ ਪੀਰੀਅਡ ਲੱਗਦੇ ਸਨ। ਅੰਗਰੇਜ਼ੀ ਦੇ ਹਫਤੇ ਵਿਚ ਸਿਰਫ ਦੋ ਪੀਰੀਅਡ ਹੀ ਲੱਗਦੇ ਸਨ ਤੇ ਸਾਰਾ ਜ਼ੋਰ ਬਾਕੀ ਦੇ ਸਾਇੰਸ ਵਿਸ਼ਿਆਂ 'ਤੇ ਲਗਾਇਆ ਜਾਂਦਾ ਸੀ। ਰੋਜ਼ਾਨਾ ਹੀ ਸਾਰੇ ਪੀਰੀਅਡ ਲੱਗਦੇ ਸਨ। ਸਾਰੇ ਪ੍ਰੋਫੈਸਰ ਸਾਹਿਬਾਨ ਬਹੁਤ ਹੀ ਤਜ਼ਰਬੇਕਾਰ ਤੇ ਮਿਹਨਤੀ ਸਨ ਅਤੇ ਸਮੇਂ ਸਿਰ ਆਪਣਾ ਸਲੇਬਸ ਮੁਕਾ ਲੈਂਦੇ ਸਨ। ਆਖਰੀ ਸਾਲ ਸੀ, ਮੈਂ ਪਹਿਲਾਂ ਦੱਬ ਕੇ ਕਾਲਜ ਦੀ ਪੜ੍ਹਾਈ ਗ੍ਰਹਿਣ ਕਰਦਾ ਸੀ ਤੇ ਫਿਰ ਘਰ ਆ ਕੇ ਦੁਬਾਰਾ ਉਹੀ ਪੜ੍ਹਾਈ ਕਰਦਾ ਸੀ। ਮੇਰੇ ਕੋਲ ਬਚਪਨ ਦੀ ਸਲੇਟ ਸੀ, ਜੋ ਮੈਂ ਨਿੱਕੇ ਹੁੰਦੇ ਸਕੂਲ ਸਮੇਂ ਲਿਖਦਾ ਸੀ। ਉਸ ਦੇ ਦੁਆਲੇ ਲੱਕੜ ਦਾ ਫਰੇਮ ਸੀ, ਜੋ ਸਮੇਂ ਦੇ ਨਾਲ ਟੁੱਟ ਗਿਆ ਸੀ ਪਰ ਬਾਕੀ ਦੀ ਸਲੇਟ ਵਧੀਆ ਕੰਮ ਦੇ ਰਹੀ ਸੀ। ਸਲੇਟੀਆਂ ਦਾ ਡੱਬਾ ਮੇਰੇ ਕੋਲ ਰੱਖਿਆ ਹੁੰਦਾ ਸੀ। ਮੈਂ ਪੜ੍ਹ-ਪੜ੍ਹ ਕੇ ਯਾਦ ਕਰਦਾ ਸੀ, ਫਿਰ ਲਿਖ-ਲਿਖ ਕੇ ਦੇਖਦਾ ਸੀ, ਦੁਹਰਾਉਂਦਾ ਸੀ, ਰੱਟਾ ਲਗਾਉਂਦਾ ਸੀ, ਇਹ ਰੋਜ਼ਾਨਾ ਦਾ ਕੰਮ ਸੀ। ਅਕਸਰ ਹੀ ਲਿਖਣ ਦਾ ਕੰਮ ਮੈਂ ਆਪਣੀ ਸਲੇਟ 'ਤੇ ਕਰਦਾ ਸੀ। ਇੱਕ ਕੌਲੀ ਪਾਣੀ ਅਤੇ ਇੱਕ ਲੀਰ ਆਪਣੇ ਕੋਲ ਰੱਖਦਾ ਸੀ, ਜਿਸ ਦੇ ਨਾਲ ਸਲੇਟ ਨੂੰ ਪੂੰਝਦਾ ਸੀ। ਇਸ ਨੇ ਵੀ ਮੇਰਾ ਬਚਪਨ ਤੋਂ ਲੈ ਕੇ ਕਾਲਜ ਤੱਕ ਦਾ ਸਾਥ ਨਿਭਾਇਆ ਤੇ ਮੈਨੂੰ ਮੇਰੀ ਮੰਜ਼ਿਲ ਤੱਕ ਪਹੁੰਚਾਉਣ ਤੱਕ ਅਹਿਮ ਰੋਲ ਨਿਭਾਇਆ। ਅੱਜ ਵੀ ਮੈਂ ਸਲੇਟ ਸਾਂਭ ਕੇ ਰੱਖੀ ਹੋਈ ਹੈ। ਜਦੋਂ ਮੈਂ ਕਾਲਜ ਦੇ ਵਿਚ ਪ੍ਰੈਕਟੀਕਲ ਕਰਦਾ ਸੀ, ਤਾਂ ਪ੍ਰੈਕਟੀਕਲ ਦੀ ਰੀਡਿੰਗ ਸਾਰੇ ਵੇਰਵੇ ਕਾਪੀ 'ਤੇ ਨੋਟ ਕਰਦਾ ਸੀ ਤੇ ਫਿਰ ਘਰ ਆ ਕੇ ਪੱਕੀ ਪ੍ਰੈਕਟੀਕਲ ਦੀ ਕਾਪੀ 'ਤੇ ਲਿਖਦਾ ਸੀ। ਰੋਜ਼ਾਨਾ ਘਰ ਆ ਕੇ ਨਾਲ ਦੀ ਨਾਲ ਮੁਕੰਮਲ ਯਾਦ ਕਰਦਾ ਸੀ। ਪ੍ਰੈਕਟੀਕਲ ਦੀ ਕਾਪੀ ਬਹੁਤ ਹੀ ਵਧੀਆ ਤੇ ਸਾਫ-ਸੁਥਰੀਆਂ ਬਣਾਉਂਦਾ ਸੀ। ਫਿਰ ਅਗਲੇ ਦਿਨ ਪ੍ਰੈਕਟੀਕਲ ਦੀ ਕਾਪੀ ਪ੍ਰੋਫੈਸਰ ਸਾਹਿਬ ਤੋਂ ਚੈੱਕ ਕਰਾਉਂਦਾ ਸੀ। ਮੇਰੇ ਘਰ ਤੋਂ ਮੇਰੇ ਕਾਲਜ ਦਾ ਰਸਤਾ ਸਿਰਫ ਪੰਜ ਮਿੰਟ ਦਾ ਸੀ, ਇਹ ਘਰ ਦੇ ਨੇੜੇ ਸੀ। ਕਈ ਵਾਰੀਂ ਘਰ ਤੋਂ ਕਾਲਜ ਸਾਈਕਲ 'ਤੇ ਚਲਿਆ ਜਾਂਦਾ ਸੀ। ਇੱਕ ਵਾਰ ਕਾਲਜ ਸਾਥੀ ਜੋ ਹੁਣ ਐਡਵੋਕੇਟ ਹੈ, ਅਸੀਂ ਸਾਈਕਲ 'ਤੇ ਗੱਲਾਂ ਮਾਰਦੇ ਜਾ ਰਹੇ ਸੀ, ਉਹ ਡੰਡੇ 'ਤੇ ਬੈਠਾ ਸੀ, ਮੈਂ ਚਲਾ ਰਿਹਾ ਸੀ। ਅਜੇ ਗਲੀ ਨੰਬਰ 9 ਅਤੇ ਆਰੀਆ ਸਕੂਲ ਰੋਡ ਚੌਂਕ 'ਤੇ ਪੁੱਜੇ ਸੀ ਕਿ ਅਚਾਨਕ ਸਾਈਕਲ ਦਾ ਚਿਮਟਾ ਟੁੱਟ ਗਿਆ ਤੇ ਅਸੀਂ ਦੋਨੇ ਜਾਣੇ ਹੇਠਾਂ ਡਿੱਗ ਪਏ। ਉਹਦੇ ਬੁੱਲ 'ਤੇ ਸੱਟ ਵੱਜ ਗਈ। ਅਸੀਂ ਡਾਕਟਰ ਕੋਲ ਜਾ ਕੇ ਦਵਾਈ ਲਈ। ਕੁੱਝ ਦਿਨਾਂ ਵਿਚ ਹੀ ਉਹ ਠੀਕ ਹੋ ਗਿਆ। ਮੇਰੇ ਘਰ ਵਿਚ ਇੱਕ ਲੈਂਪ ਸੀ, ਜਿਹੜਾ ਮਿੱਟੀ ਦੇ ਤੇਲ ਨਾਲ ਜਗਦਾ ਸੀ, ਉਹਦੀ ਬੱਤੀ ਦਾ ਖਾਸ ਧਿਆਨ ਰੱਖਦਾ ਸੀ, ਕਈ ਵਾਰ ਕੈਂਚੀ ਨਾਲ ਕੱਟ ਕੇ ਉਹਦਾ ਸਿਰਾ ਠੀਕ ਕਰਦਾ ਸੀ, ਉਹਦੀਆਂ ਕੰਨੀਆਂ ਕੱਟ ਕੇ ਗੁਲਾਈ ਵਿਚ ਕਰ ਦਿੰਦਾ ਸੀ, ਤਾਂ ਜੋ ਉਹ ਵਧੇਰੇ ਰੋਸ਼ਨੀ ਦੇਵੇ। ਉਹਦਾ ਆਧਾਰ ਕੱਚ ਦਾ ਸੀ ਤੇ ਉੱਪਰ ਚਿਮਨੀ ਲੱਗੀ ਹੋਈ ਸੀ ਇਸ ਲੈਂਪ ਨੇ ਮੇਰੀ ਜ਼ਿੰਦਗੀ ਰੌਸ਼ਨ ਕਰਨ ਵਿਚ ਦੋਸਤਾਨਾ ਰੋਲ ਨਿਭਾਇਆ। ਜਦੋਂ ਵੀ ਬਿਜਲੀ ਚਲੀ ਜਾਂਦੀ ਸੀ, ਮੈਂ ਲੈਂਪ ਜਗਾ ਕੇ ਪੜ੍ਹਾਈ ਕਰਦਾ ਸੀ। ਬਿਜਲੀ ਦਾ ਜਾਣਾ ਆਮ ਹੀ ਸੀ। ਇੱਥੇ ਹੀ ਬਸ ਨਹੀਂ ਸੀ। ਘਰ ਵਿਚ ਇਕ ਲਾਲਟਿਨ ਵੀ ਸੀ, ਕਦੇ-ਕਦੇ ਉਹ ਵੀ ਕੰਮ ਦੇ ਦਿੰਦੀ ਸੀ। ਘਰ ਵਿਚ ਇੱਕ ਤੇਲ ਵਾਲਾ ਛੋਟਾ ਦੀਵਾ ਸੀ, ਜੋ ਸਦਾ ਹੀ ਮੱਝਾਂ ਵਾਲੇ ਬਰਾਂਡੇ ਵਿਚ ਉੱਚੇ ਥਾਂ 'ਤੇ ਲਗਾਇਆ ਹੁੰਦਾ ਸੀ। ਮੈਂ ਰਾਤ ਨੂੰ ਅਕਸਰ ਹੀ 12 ਵਜੇ ਤੱਕ ਪੜ੍ਹਦਾ ਸੀ। ਸਾਰਾ ਕੰਮ ਮੁਕਾ ਕੇ, ਸੌਂਦਾ ਸੀ। ਕਈ ਵਾਰ ਪੜ੍ਹਦੇ-ਪੜ੍ਹਦੇ ਦੀ ਝਪਕੀ ਲੱਗ ਜਾਂਦੀ ਸੀ, ਕਿਤਾਬ ਗੋਦੀ ਵਿਚ ਰਹਿ ਜਾਂਦੀ ਸੀ। ਕੋਲ ਪਈ ਮਾਂ ਨੇ ਹਲੂਣਾ ਦੇ ਕੇ ਕਹਿਣਾ, ਪੁੱਤ ਹੁਣ ਬਸ ਕਰ, ਤੈਨੂੰ ਨੀਂਦ ਆ ਰਹੀ ਹੈ, ਤੂੰ ਥੱਕ ਗਿਆ ਹੈ, ਤੂੰ ਸੌਂ ਜਾ। ਕਈ ਵਾਰ ਬੀਬੀ ਦੀ ਗੱਲ ਸੁਣ ਕੇ ਮੈਂ ਸੌਂ ਜਾਂਦਾ ਸੀ। ਪਰ ਜਦੋਂ ਕੰਮ ਰਹਿੰਦਾ ਹੁੰਦਾ ਸੀ, ਤਾਂ ਮੈਂ ਬੀਬੀ ਨੂੰ ਕਹਿ ਦਿੰਦਾ ਸੀ ਕਿ ਮਾਂ ਮੇਰੀਏ! ਮੇਰੀ ਪੜ੍ਹਾਈ ਅਜੇ ਰਹਿੰਦੀ ਹੈ, ਥੋੜ੍ਹਾ ਜਿਹਾ ਹੋਰ ਪੜ੍ਹ ਲਵਾਂ, ਕੰਮ ਮੁਕਾ ਕੇ ਹੀ ਸੌਂਵਾਂਗਾ। ਫਿਰ ਉੱਠ ਕੇ ਅੱਖਾਂ 'ਤੇ ਪਾਣੀ ਦੇ ਛਿੱਟੇ ਮਾਰਦਾ, ਥੋੜ੍ਹਾ ਮੋਟਾ ਤੁਰਦਾ-ਫਿਰਦਾ, ਫਿਰ ਪੜ੍ਹਨ ਲੱਗ ਜਾਂਦਾ। ਇਹ ਰੋਜ਼ਾਨਾ ਦਾ ਕੰਮ ਸੀ। ਪੱਕੇ ਪੇਪਰਾਂ ਦੇ ਦਿਨਾਂ ਵਿਚ ਸਾਰਾ ਦਿਨ ਸਾਰੀ ਰਾਤ ਪੜ੍ਹਦਾ ਰਹਿੰਦਾ ਸੀ ਫਿਰ ਮਸਾ ਜਾ ਕੇ ਸਾਰਾ ਸਲੇਬਸ ਪੂਰਾ ਹੁੰਦਾ ਸੀ। ਮਨ ਵਿਚ ਇਹ ਸੀ ਕਿ ਕੋਈ ਵੀ ਵਿਸ਼ਾ ਰਹਿ ਨਾ ਜਾਵੇ, ਪੇਪਰ ਨੇ ਪਤਾ ਨਹੀਂ ਕਿੱਥੋਂ, ਕਿਸ ਪਾਠ ਵਿਚੋਂ ਆਉਣਾ ਹੈ। ਰਾਤ ਦੇ ਸਮੇਂ ਵਿਚੋਂ ਸਿਰਫ ਤਿੰਨ ਕੁ ਘੰਟੇ ਸੌਂ ਕੇ ਗੁਜ਼ਾਰਾ ਕਰਦਾ ਸੀ। ਸਵੇਰੇ ਫਿਰ ਪੜ੍ਹਨ ਲੱਗ ਜਾਂਦਾ ਸੀ। ਅੱਖਾਂ ਵਿਚ ਨੀਂਦ ਰੜਕਦੀ ਸੀ ਪਰ ਪੜ੍ਹਾਈ ਨਾਲ ਕਦੇ ਵੀ ਸਮਝੌਤਾ ਨਹੀਂ ਕੀਤਾ। ਸਮਾਂ ਬਰਬਾਦ ਨਹੀਂ ਕੀਤਾ। ਇਹੋ ਜਿਹੇ ਸਮੇਂ ਵਿਚ ਪੱਕੇ ਪੇਪਰ ਦੇਣ ਸਮੇਂ ਜੋ ਹਾਲਤ ਹੁੰਦੀ ਸੀ, ਉਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ ਸੀ। ਇੱਕ ਪੇਪਰ ਦੇ ਕੇ, ਘਰ ਜਾ ਕੇ ਕਿਤਾਬਾਂ ਚੱਕ ਕੇ, ਅਗਲੇ ਪੇਪਰ ਦੀ ਪੜ੍ਹਾਈ ਨਾਲ ਹੀ ਸ਼ੁਰੂ ਕਰ ਦਿੰਦਾ ਸੀ। ਇਕੋ ਹੀ ਮਿਸ਼ਨ ਹੁੰਦਾ ਸੀ, ਪੜ੍ਹਾਈ ਹੀ ਭਗਤੀ ਹੈ। ਦੱਬ ਕੇ ਪੜ੍ਹਦਾ ਸੀ ਢਿੱਲ ਨਹੀਂ ਰੱਖਦਾ ਸੀ। ਸਾਰਾ ਸਲੇਬਸ ਕਰਦਾ। ਸਮੇਂ ਦੀ ਸਹੀ ਵਰਤੋਂ ਕਰਦਾ। ਇਹ ਗੱਲ ਦਿਮਾਗ ਵਿਚ ਬੈਠੀ ਹੋਈ ਸੀ। ਪੇਪਰਾਂ ਵਿਚ ਸਾਰੇ ਪ੍ਰਸ਼ਨਾਂ ਦੇ ਉੱਤਰ ਕਰਕੇ ਆਉਂਦਾ ਸੀ, ਗੱਲ ਕੀ ਪੇਪਰਾਂ ਦੇ ਚਿੱਥ ਕੱਢ ਦਿੰਦਾ ਸੀ। ਸਾਰਾ ਪੇਪਰ ਕਰਕੇ ਆਉਂਦਾ। ਮੈਂ ਕਾਲਜ ਪ੍ਰੋਫੈਸਰਾਂ ਦਾ ਦਿਲੋਂ ਸਤਿਕਾਰ ਕਰਦਾ ਸੀ। ਉਨ੍ਹਾਂ ਦੀ ਕਾਰਜਸ਼ੈਲੀ ਨੂੰ ਨਮਨ ਕਰਦਾ ਹੈ। ਸੰਨ 1984 ਦੇ ਵਿਚ ਵਿਦਿਆਰਥੀਆਂ ਨੇ ਪੱਕੇ ਪੇਪਰਾਂ ਦਾ ਬਾਈਕਾਟ ਕਰ ਦਿੱਤਾ ਸੀ ਤੇ ਜਿਸ ਕਰਕੇ ਨਤੀਜੇ ਆਉਣ ਵਿਚ ਦੇਰੀ ਹੋ ਰਹੀ ਸੀ। ਯੂਨੀਵਰਸਿਟੀ ਨੇ ਇੱਕ ਫੈਸਲਾ ਕਰਕੇ ਜਿਨ੍ਹਾਂ ਵਿਦਿਆਰਥੀਆਂ ਨੇ ਪੇਪਰ ਨਹੀਂ ਦਿੱਤੇ ਸੀ, ਉਨ੍ਹਾਂ ਨੂੰ ਦੁਬਾਰਾ ਪੇਪਰ ਦੇਣ ਦਾ ਮੌਕਾ ਦਿੱਤਾ ਸੀ। ਇਸ ਤਰ੍ਹਾਂ ਜਦੋਂ ਸਾਰੇ ਵਿਦਿਆਰਥੀਆਂ ਦੇ ਪੇਪਰ ਹੋ ਗਏ, ਤਾਂ ਮਨ ਨੂੰ ਇੱਕਦਮ ਸ਼ਾਂਤੀ ਜਿਹੀ ਆ ਗਈ ਕਿਉਂਕਿ ਹੁਣ ਕੁਝ ਸਮੇਂ ਲਈ ਵਿਹਲੇ ਹੋ ਗਏ। ਨਤੀਜੇ ਵਾਲੇ ਦਿਨ, ਮੈਂ ਨਤੀਜਾ ਪਤਾ ਕਰਨ ਲਈ ਸਵੇਰ 4 ਵਜੇ ਅੰਗਰੇਜ਼ੀ ਦਾ ਅਖਬਾਰ ਲੈਣ ਲਈ, ਜੇਲ੍ਹ ਵਾਲੀ ਗਲੀ ਵਿਚ ਗਿਆ, ਇੱਥੇ ਹੀ ਕਿਸੇ ਬੰਦੇ ਕੋਲ ਸਵੇਰੇ ਸਾਰੇ ਮੋਗੇ ਦੇ ਅਖਬਾਰ ਆਉਂਦੇ ਸਨ। ਉਸ ਦਿਨ ਉਸ ਗਲੀ ਵਿਚ ਮੇਲਾ ਲੱਗਿਆ ਹੋਇਆ ਸੀ। ਮੇਰੇ ਕਾਲਜ ਦੇ ਸਾਰੇ ਸਾਥੀ ਉਥੇ ਪੁੱਜੇ ਹੋਏ ਸਨ। ਮੇਰੇ ਸਾਥੀਆਂ ਨੇ ਜਾਂਦਿਆਂ ਹੀ, ਮੇਰੇ ਨਤੀਜੇ ਬਾਰੇ ਮੈਨੂੰ ਦੱਸ ਦਿੱਤਾ। ਉਨ੍ਹਾਂ ਨੂੰ ਸੁਣ ਕੇ ਬਹੁਤ ਖੁਸ਼ੀ ਹੋਈ ਪਰ ਖੁਦ ਅਖਬਾਰ ਵਿਚ ਦੇਖ ਕੇ ਤਸੱਲੀ ਹੋ ਗਈ। ਮੈਨੂੰ ਬੜੀ ਖੁਸ਼ੀ ਹੋਈ। ਇਸ ਤਰ੍ਹਾਂ ਮੈਂ ਬੀ.ਐੱਸ.ਸੀ. ਨਾਨ ਮੈਡੀਕਲ ਡੀ.ਐੱਮ. ਕਾਲਜ ਮੋਗਾ ਤੋਂ ਪਾਸ ਕਰ ਲਈ।

# ਜਦ ਮੈਂ ਚੁੜੇਲਾਂ ਦੇਖੀਆਂ




ਸਤਵੀਰ ਸਿੰਘ ਚਾਨੀਆਂ
92569-73526
ਪੰਜਾਬ ਮੇਲ USA




ਚੁਰਾਸੀ ਤੋਂ ਕੁੱਝ ਪਹਿਲਾਂ ਜਦ ਮਾਹੌਲ ਗਰਮੀ ਫੜ੍ਹ ਰਿਹਾ ਸੀ, ਤਾਂ ਉਦੋਂ ਮੈਂ ਕਾਲਜ ਦੇ ਪਹਿਲੇ ਸਾਲ ਦਾ ਵਿਦਿਆਰਥੀ ਸਾਂ। ਇਕ ਹਨੇਰੀ ਸਿਆਲੂ ਰਾਤ ਦੇ ਤੀਜੇ ਪਹਿਰ ਦਾ ਵਾਕਿਆ ਹੈ। ਸਾਡੇ ਖੇਤ ਪਿੰਡ ਤੋਂ ਦੂਰ ਦੂਜੇ ਪਿੰਡ ਦੇ ਵਸੀਮੇ ਨਾਲ ਲੱਗਦੇ ਨੇ। ਪਿਤਾ ਜੀ ਦੇ ਹੁਕਮ 'ਤੇ ਮੈਂ ਖੇਤ ਨੂੰ ਛੱਡੇ ਮੋਟਰ ਦੇ ਪਾਣੀ ਦਾ ਨੱਕਾ ਬਦਲੀ ਕਰਨ ਗਿਆ। ਮੇਰੇ ਪਾਸ ਕੋਈ ਟੌਰਚ ਜਾਂ ਲੈਂਪ ਵੀ ਨਹੀਂ ਸੀ। ਮੋਟਰ ਵਾਲੇ ਖੇਤ ਨਜ਼ਦੀਕ ਪਹੁੰਚਦਿਆਂ, ਚਲ੍ਹੇ 'ਤੇ ਬੈਠੀਆਂ ਕੁੱਝ ਔਰਤਾਂ ਦੇ ਗੱਲਾਂ ਕਰਦਿਆਂ ਦੀ 'ਵਾਜ਼ ਮੇਰੇ ਕੰਨੀਂ ਪਈ। ਮੈਂ ਇਕਦਮ ਦਹਿਲ ਗਿਆ ਅਤੇ ਉਥੇ ਹੀ ਛਹਿ ਕੇ ਬਹਿ ਗਿਆ। ਦਾਦੀ ਮਾਂ ਤੋਂ ਭੂਤ ਪ੍ਰੇਤਾਂ, ਚੁੜੇਲਾਂ ਦੀਆਂ ਡਰਾਉਣੀਆਂ ਕਹਾਣੀਆਂ ਬਚਪਨ ਵਿਚ ਸੁਣਦਾ ਰਿਹਾ ਸਾਂ ਕਿ ਉਨ੍ਹਾਂ ਦੇ ਚਿੱਟੇ ਕੱਪੜੇ ਅਤੇ ਪੈਰ ਪੁੱਠੇ ਹੁੰਦੇ ਹਨ। ਉਹੀ ਚੁੜੇਲਾਂ ਦਾ ਖ਼ੌਫ਼ ਮੇਰੇ ਦਿਲੋ-ਦਿਮਾਗ ਵਿਚ ਘੁੰਮਣ ਲੱਗਾ। ਉਹ 4-5 ਸਫ਼ੈਦਪੋਸ਼ ਔਰਤਾਂ ਦਾ ਟੋਲਾ ਸੀ। ਇਕ ਦਿਲ ਕਰੇ ਕਿ ਘਰ ਭੱਜ ਜਾਂ ਅਤੇ ਪਿਤਾ ਜੀ ਨੂੰ ਦੱਸਾਂ। ਕਿਧਰੇ ਮੇਰੇ ਪਿੱਛੇ ਹੀ ਨਾ ਪੈ ਜਾਣ, ਇਹ ਸੋਚਦਿਆਂ ਮੈਂ ਸਹਿਮਿਆਂ ਹੋਇਆ, ਉਥੇ ਹੀ ਛਹਿ ਕੇ ਬੈਠਾ ਉਨ੍ਹਾਂ ਦੀਆਂ ਹਰਕਤਾਂ ਨੂੰ ਵੇਂਹਦਾ ਵਾਹਿਗੁਰੂ ਵਾਹਿਗੁਰੂ ਕਰਦਾ ਰਿਹਾ। ਅੱਧੇ ਕੁ ਘੰਟੇ ਬਾਅਦ ਦੂਜੇ ਪਾਸੇ ਕੱਚੇ ਰਸਤਿਓਂ ਇਕ ਗੱਡੀ ਆ ਕੇ ਸਾਡੇ ਖੇਤ ਬਰਾਬਰ ਰੁਕੀ, ਤਾਂ ਉਹ ਸਾਰੀਆਂ ਉਧਰ ਨੂੰ ਹੋ ਤੁਰੀਆਂ। ਗੱਡੀ ਦੀ ਮੱਧਮ ਰੌਸ਼ਨੀ ਵਿਚ ਉਨ੍ਹਾਂ ਕੁੱਝ ਲੈ ਦੇ ਕੀਤਾ ਅਤੇ ਸਿਰਾਂ 'ਤੇ ਗੱਠੜੀਆਂ ਰੱਖ ਕੇ ਤੇਜ਼ ਕਦਮੀ ਉਹ ਗੁਆਂਢੀ ਪਿੰਡ ਵੱਲ ਚਲੇ ਗਈਆਂ। ਗੱਡੀ ਵਾਲਾ ਜਿੱਧਰੋਂ ਆਇਆ ਸੀ, ਉਧਰ ਹੀ ਵਾਪਸ ਮੁੜ ਗਿਆ। ਸਹਿਮੇ-ਸਹਿਮੇ ਨੇ ਹੀ ਮੈਂ ਕਿਆਰੇ ਦਾ ਨੱਕਾ ਮੋੜਿਆ ਅਤੇ ਘਰ ਪਹੁੰਚ ਕੇ ਪਿਤਾ ਜੀ ਨੂੰ ਸਾਰੀ ਕਹਾਣੀ ਕਹਿ ਸੁਣਾਈ। ਪਿਤਾ ਜੀ ਨੇ ਮੈਨੂੰ ਹੌਂਸਲਾ ਦਿੰਦਿਆਂ ਕਿਹਾ, "ਕੋਈ ਭੂਤ ਪ੍ਰੇਤ, ਚੁੜੇਲਾਂ ਨਹੀਂ ਹੁੰਦੀਆਂ। ਉਹ ਕੇਵਲ ਦਾਦੀ ਮਾਂ ਦੀਆਂ ਕਹਾਣੀਆਂ ਦੇ ਮਿਥਿਹਾਸਕ ਪਾਤਰ ਨੇ।"

ਸਵੇਰ ਹੁੰਦਿਆਂ ਹੀ ਪਿਤਾ ਜੀ ਖੋਜ ਪੜਤਾਲ ਲਈ ਗੁਆਂਢੀ ਪਿੰਡ ਵਿਚ ਕੁੱਝ ਜਾਣੂਆਂ ਪਾਸ ਗਏ, ਤਾਂ ਇਹ ਗੱਲ ਨਿਕਲ਼ ਕੇ ਸਾਹਮਣੇ ਆਈ ਕਿ ਉਹ ਔਰਤਾਂ ਦਾ ਟੋਲਾ ਪਿੰਡ ਦੀ ਇਕ ਖਾਸ ਬਰਾਦਰੀ ਦਾ ਸੀ, ਜੋ ਨਸ਼ਿਆਂ ਦੇ ਕਾਰੋਬਾਰ ਲਈ ਮਸ਼ਹੂਰ ਸਨ। ਉਨ੍ਹਾਂ ਦੀਆਂ ਬੀਬੀਆਂ ਰਾਤ ਦੇ ਹਨ੍ਹੇਰੇ ਵਿਚ ਗੱਡੀ ਵਾਲੇ ਕੋਲੋਂ ਭੁੱਕੀ ਡੋਡਿਆਂ ਦੀ ਖੇਪ ਲੈਣ ਲਈ ਆਈਆਂ ਹੋਈਆਂ ਸਨ।

ਅਸਲੀਅਤ ਸਪੱਸ਼ਟ ਹੋਣ 'ਤੇ ਮੇਰੇ ਦਿਲੋ-ਦਿਮਾਗ ਵਿਚੋਂ ਚੁੜੇਲਾਂ ਦਾ ਡਰ ਜਾਂਦਾ ਰਿਹਾ।

# "ਇੱਕ ਬਦਲਿਆ ਹੋਇਆ ਭਾਰਤ: ਕ੍ਰਿਕਟ ਅਤੇ ਸਵੈ-ਮਾਣ ਵਿਚ ਇੱਕ ਨਵਾਂ ਅਧਿਆਇ"

## "ਭਾਰਤ ਦਾ ਏਸ਼ੀਆ ਕੱਪ 2025 ਦੇ ਫਾਈਨਲ ਵੱਲ ਮਾਰਚ ਅਤੇ ਖੇਡ ਦੇ ਮੈਦਾਨ ਤੋਂ ਪਰੇ ਰਾਸ਼ਟਰੀ ਮਾਣ ਦੀ ਇੱਕ ਝਲਕ"

ਪ੍ਰਿਯੰਕਾ ਸੌਰਭ
ਹਰਿਆਣਾ
ਮੋਬਾਇਲ : 70153-75570
(ਗੱਲਬਾਤ + ਵਟਸਐਪ)
ਪੰਜਾਬ ਮੇਲ USA





***ਏਸ਼ੀਆ ਕੱਪ 2025 ਦਾ ਫਾਈਨਲ ਸਿਰਫ਼ ਕ੍ਰਿਕਟ ਦਾ ਮੈਚ ਨਹੀਂ ਸੀ। ਭਾਰਤ ਨੇ ਪਾਕਿਸਤਾਨ ਨੂੰ ਹਰਾਉਣ ਤੋਂ ਬਾਅਦ ਟਰਾਫੀ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਪੁਰਸਕਾਰ ਪੇਸ਼ਕਾਰ ਪਾਕਿਸਤਾਨੀ ਪ੍ਰਤੀਨਿਧੀ ਸੀ। ਇਸ ਨਾਲ ਪੇਸ਼ਕਾਰੀ ਸਮਾਰੋਹ ਘੰਟਿਆਂ ਲਈ ਦੇਰੀ ਨਾਲ ਚੱਲਿਆ। ਇਸ ਕਦਮ ਨੇ ਨਾ ਸਿਰਫ਼ ਇੱਕ ਖੇਡ ਜਿੱਤ ਦਾ ਪ੍ਰਦਰਸ਼ਨ ਕੀਤਾ, ਸਗੋਂ ਇੱਕ ਸਪੱਸ਼ਟ ਰਾਸ਼ਟਰੀ ਮਾਣ ਅਤੇ ਰਾਜਨੀਤਿਕ ਸੰਦੇਸ਼ ਵੀ ਦਿੱਤਾ। ਸਮਰਥਕਾਂ ਨੇ ਇਸਨੂੰ "ਨਵੇਂ ਭਾਰਤ" ਦੀ ਤਾਕਤ ਅਤੇ ਹਿੰਮਤ ਦੇ ਪ੍ਰਮਾਣ ਵਜੋਂ ਸ਼ਲਾਘਾ ਕੀਤੀ, ਜਦੋਂਕਿ ਆਲੋਚਕਾਂ ਨੇ ਇਸਨੂੰ ਖੇਡ ਦੀ ਭਾਵਨਾ 'ਤੇ ਹਮਲੇ ਵਜੋਂ ਦੇਖਿਆ। ਇਹ ਘਟਨਾ ਭਾਰਤੀ ਕ੍ਰਿਕਟ ਦੇ ਇਤਿਹਾਸ ਵਿਚ ਇੱਕ ਯਾਦਗਾਰੀ ਮੋੜ ਹੈ, ਜੋ ਖੇਡ, ਰਾਜਨੀਤੀ ਅਤੇ ਰਾਸ਼ਟਰੀ ਮਾਣ ਨੂੰ ਜੋੜਦੀ ਹੈ। – ਡਾ. ਪ੍ਰਿਯੰਕਾ ਸੌਰਭ***

ਏਸ਼ੀਆ ਕੱਪ 2025 ਦਾ ਫਾਈਨਲ ਮੈਚ ਸਿਰਫ਼ ਕ੍ਰਿਕਟ ਦਾ ਇੱਕ ਰੋਮਾਂਚਕ ਮੈਚ ਨਹੀਂ ਸੀ। ਇਹ ਸਿਰਫ਼ ਇੱਕ ਖੇਡ ਤੋਂ ਵੱਧ, ਇੱਕ ਕੂਟਨੀਤਕ ਅਤੇ ਸੱਭਿਆਚਾਰਕ ਸੰਦੇਸ਼ ਬਣ ਗਿਆ। ਭਾਰਤ ਨੇ ਨਾ ਸਿਰਫ਼ ਮੈਦਾਨ 'ਤੇ ਪਾਕਿਸਤਾਨ ਨੂੰ ਹਰਾਇਆ, ਬਲਕਿ ਮੈਚ ਤੋਂ ਬਾਅਦ ਦੀਆਂ ਰਸਮਾਂ ਦੌਰਾਨ ਇੱਕ ਅਜਿਹਾ ਰੁਖ਼ ਵੀ ਅਪਣਾਇਆ, ਜਿਸਨੇ ਵਿਸ਼ਵਵਿਆਪੀ ਧਿਆਨ ਆਪਣੇ ਵੱਲ ਖਿੱਚਿਆ। ਭਾਰਤੀ ਖਿਡਾਰੀਆਂ ਨੇ ਏਸ਼ੀਅਨ ਕ੍ਰਿਕਟ ਕੌਂਸਲ ਦੇ ਪ੍ਰਧਾਨ, ਜੋ ਕਿ ਪਾਕਿਸਤਾਨ ਤੋਂ ਹਨ, ਤੋਂ ਟਰਾਫੀ ਲੈਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਨਤੀਜੇ ਵਜੋਂ, ਇਨਾਮ ਵੰਡ ਸਮਾਰੋਹ ਘੰਟਿਆਂ ਤੱਕ ਚੱਲਿਆ ਅਤੇ ਅੰਤ ਵਿਚ ਅਧੂਰਾ ਹੀ ਰਿਹਾ। ਇਹ ਘਟਨਾ ਭਾਰਤੀ ਕ੍ਰਿਕਟ ਦੇ ਇਤਿਹਾਸ ਵਿਚ ਇੱਕ ਮੋੜ ਦੀ ਨਿਸ਼ਾਨਦੇਹੀ ਕਰਦੀ ਹੈ। ਸਵਾਲ ਸਿਰਫ਼ ਇਹ ਨਹੀਂ ਹੈ ਕਿ ਟਰਾਫੀ ਕਿਸਨੇ ਫੜੀ ਸੀ, ਸਗੋਂ ਇਹ ਹੈ ਕਿ ਭਾਰਤ ਨੇ ਇਹ ਕਦਮ ਕਿਉਂ ਚੁੱਕਿਆ ਅਤੇ ਇਸਦੇ ਨਤੀਜੇ ਕੀ ਹਨ।

ਕ੍ਰਿਕਟ ਨੂੰ ਅਕਸਰ "ਜੈਂਟਲਮੈਨਜ਼ ਗੇਮ" ਕਿਹਾ ਜਾਂਦਾ ਹੈ, ਪਰ ਭਾਰਤ ਅਤੇ ਪਾਕਿਸਤਾਨ ਦੇ ਸੰਦਰਭ ਵਿਚ, ਇਹ ਕਦੇ ਵੀ ਸਿਰਫ਼ ਇੱਕ ਖੇਡ ਨਹੀਂ ਰਹੀ। ਇਹ ਦੋਵਾਂ ਦੇਸ਼ਾਂ ਵਿਚਕਾਰ ਰਾਜਨੀਤਿਕ ਤਣਾਅ, ਸੱਭਿਆਚਾਰਕ ਟਕਰਾਅ ਅਤੇ ਰਾਸ਼ਟਰੀ ਪਛਾਣ ਦਾ ਪ੍ਰਤੀਕ ਬਣ ਗਿਆ ਹੈ। ਜਦੋਂ ਭਾਰਤੀ ਖਿਡਾਰੀਆਂ ਨੇ ਟਰਾਫੀ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ, ਤਾਂ ਇਸਨੇ ਇੱਕ ਸਪੱਸ਼ਟ ਸੰਦੇਸ਼ ਭੇਜਿਆ ਕਿ ਭਾਰਤ ਮੈਦਾਨ 'ਤੇ ਜਿੱਤ ਨਾਲੋਂ ਸਵੈ-ਮਾਣ ਨੂੰ ਤਰਜੀਹ ਦਿੰਦਾ ਹੈ। ਇੱਕ ਤਰ੍ਹਾਂ ਨਾਲ, ਇਹ "ਖੇਡ ਅਤੇ ਕੂਟਨੀਤੀ ਦਾ ਉਲਟਾ ਸੰਸਕਰਣ" ਸੀ। ਜਦੋਂ ਕਿ ਖੇਡਾਂ ਨੂੰ ਅਕਸਰ ਰਾਜਨੀਤੀ ਨੂੰ ਨਰਮ ਕਰਨ ਦਾ ਇੱਕ ਸਾਧਨ ਮੰਨਿਆ ਜਾਂਦਾ ਹੈ, ਭਾਰਤ ਨੇ ਰਾਜਨੀਤਿਕ ਸੰਦੇਸ਼ ਦੇਣ ਲਈ ਖੇਡਾਂ ਦੇ ਪਲੇਟਫਾਰਮ ਦੀ ਵਰਤੋਂ ਕੀਤੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ, ਇਹ ਵਾਰ-ਵਾਰ ਦਾਅਵਾ ਕੀਤਾ ਗਿਆ ਹੈ ਕਿ ਭਾਰਤ ਹੁਣ ਝੁਕਦਾ ਨਹੀਂ ਹੈ, ਸਗੋਂ ਆਪਣੀਆਂ ਸ਼ਰਤਾਂ 'ਤੇ ਚੱਲਦਾ ਹੈ। ਇਸ ਸੰਦਰਭ ਵਿਚ, ਟੀਮ ਇੰਡੀਆ ਦੇ ਰੁਖ਼ ਨੂੰ ਉਸ ਮਾਨਸਿਕਤਾ ਦੇ ਵਿਸਥਾਰ ਵਜੋਂ ਦੇਖਿਆ ਜਾ ਰਿਹਾ ਹੈ। ਭਾਰਤ ਲਈ, ਟਰਾਫੀ ਪ੍ਰਾਪਤ ਕਰਨਾ ਸਿਰਫ਼ ਇੱਕ ਰਸਮੀ ਕਾਰਵਾਈ ਸੀ, ਪਰ ਜਦੋਂ ਪ੍ਰਾਪਤਕਰਤਾ ਉਹੀ ਦੇਸ਼ ਹੁੰਦਾ ਹੈ, ਜਿਸ ਨਾਲ ਅੱਤਵਾਦ, ਘੁਸਪੈਠ ਅਤੇ ਸਰਹੱਦੀ ਤਣਾਅ ਬਣਿਆ ਰਹਿੰਦਾ ਹੈ, ਤਾਂ ਉਸ ਰਸਮੀ ਕਾਰਵਾਈ ਦੀ ਮਹੱਤਤਾ ਬਦਲ ਜਾਂਦੀ ਹੈ। ਇਹ ਨਵਾਂ ਭਾਰਤ ਨਾ ਸਿਰਫ਼ ਆਰਥਿਕ ਅਤੇ ਫੌਜੀ ਸ਼ਕਤੀ ਦੀ ਭਾਸ਼ਾ ਵਿਚ ਬੋਲਦਾ ਹੈ, ਸਗੋਂ ਖੇਡ ਮੰਚ 'ਤੇ ਰਾਜਨੀਤਿਕ ਸੰਦੇਸ਼ ਦੇਣ ਵਿਚ ਵੀ ਮਾਹਰ ਹੈ। ਇਸ ਘਟਨਾ ਦਾ ਘਰੇਲੂ ਰਾਜਨੀਤੀ 'ਤੇ ਵੀ ਡੂੰਘਾ ਪ੍ਰਭਾਵ ਪਿਆ। ਸਮਰਥਕ ਇਸਨੂੰ ਮੋਦੀ ਯੁੱਗ ਦਾ ਇੱਕ ਦਲੇਰਾਨਾ ਕਦਮ ਕਹਿ ਰਹੇ ਹਨ, ਜਦੋਂਕਿ ਵਿਰੋਧੀ ਧਿਰ ਇਸਨੂੰ ਖੇਡ ਭਾਵਨਾ ਦੀ ਭਾਵਨਾ 'ਤੇ ਹਮਲਾ ਮੰਨਦੀ ਹੈ। ਹਾਲਾਂਕਿ, ਜਨਤਾ ਵਿਚ, ਇਸਨੂੰ ਵਿਆਪਕ ਤੌਰ 'ਤੇ ਸਵੈ-ਮਾਣ ਦੀ ਜਿੱਤ ਵਜੋਂ ਦੇਖਿਆ ਗਿਆ ਸੀ।

ਹਰ ਦਲੇਰਾਨਾ ਕਦਮ ਆਲੋਚਨਾ ਦੇ ਨਾਲ ਹੁੰਦਾ ਹੈ। ਭਾਰਤ ਦੇ ਰੁਖ਼ ਨੇ ਕਈ ਸਵਾਲ ਖੜ੍ਹੇ ਕੀਤੇ। ਆਲੋਚਕਾਂ ਨੇ ਦਲੀਲ ਦਿੱਤੀ ਕਿ ਕ੍ਰਿਕਟ ਦਾ ਮੂਲ ਉਦੇਸ਼ ਦੇਸ਼ਾਂ ਵਿਚਕਾਰ ਦੋਸਤੀ ਅਤੇ ਸਦਭਾਵਨਾ ਨੂੰ ਉਤਸ਼ਾਹਿਤ ਕਰਨਾ ਹੈ। ਟਰਾਫੀ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰਨਾ ਖੇਡ ਦੀ ਭਾਵਨਾ ਨੂੰ ਕਮਜ਼ੋਰ ਕਰਦਾ ਹੈ। ਅੰਤਰਰਾਸ਼ਟਰੀ ਮੀਡੀਆ ਨੇ ਇਸ ਘਟਨਾ 'ਤੇ ਮਿਸ਼ਰਤ ਨਜ਼ਰੀਆ ਅਪਣਾਇਆ। ਕੁਝ ਲੋਕਾਂ ਨੇ ਇਸਨੂੰ ਭਾਰਤ ਦੀ "ਪ੍ਰਭਾਵਸ਼ਾਲੀ ਨੀਤੀ" ਕਿਹਾ, ਜਦੋਂ ਕਿ ਦੂਜਿਆਂ ਨੇ ਇਸਨੂੰ "ਹੰਕਾਰ" ਕਿਹਾ। ਸਵਾਲ ਇਹ ਹੈ ਕਿ ਕੀ ਇਸ ਨਾਲ ਭਾਰਤ ਦੀ "ਨਰਮ ਸ਼ਕਤੀ" ਨੂੰ ਨੁਕਸਾਨ ਪਹੁੰਚੇਗਾ। ਇਸ ਗੱਲ 'ਤੇ ਵੀ ਬਹਿਸ ਛਿੜ ਗਈ ਕਿ ਕੀ ਖਿਡਾਰੀਆਂ ਨੇ ਇਹ ਕਦਮ ਆਪਣੀ ਮਰਜ਼ੀ ਨਾਲ ਚੁੱਕਿਆ ਹੈ ਜਾਂ ਬੋਰਡ ਅਤੇ ਸਰਕਾਰ ਦੇ ਦਬਾਅ ਹੇਠ। ਜੇਕਰ ਖਿਡਾਰੀ ਰਾਜਨੀਤਿਕ ਫੈਸਲਿਆਂ ਵਿਚ ਸਿਰਫ਼ ਮੋਹਰੇ ਬਣ ਜਾਂਦੇ ਹਨ, ਤਾਂ ਉਨ੍ਹਾਂ ਦੀ ਆਜ਼ਾਦੀ ਅਤੇ ਖੇਡ ਦੀ ਪਵਿੱਤਰਤਾ 'ਤੇ ਸਵਾਲ ਖੜ੍ਹੇ ਹੋਣੇ ਤੈਅ ਹਨ।

ਭਾਰਤੀ ਅਤੇ ਪਾਕਿਸਤਾਨੀ ਕ੍ਰਿਕਟ ਵਿਚ ਵਿਵਾਦ ਕੋਈ ਨਵੀਂ ਗੱਲ ਨਹੀਂ ਹੈ। 1987 ਵਿਚ, ਜਦੋਂ ਪਾਕਿਸਤਾਨੀ ਰਾਸ਼ਟਰਪਤੀ ਜੈਪੁਰ ਟੈਸਟ ਦਾ ਦੌਰਾ ਕਰਦੇ ਸਨ, ਤਾਂ ਇਸਨੂੰ "ਕ੍ਰਿਕਟ ਕੂਟਨੀਤੀ" ਕਿਹਾ ਜਾਂਦਾ ਸੀ। 1999 ਵਿਚ ਕਾਰਗਿਲ ਯੁੱਧ ਤੋਂ ਪਹਿਲਾਂ ਚੇਨਈ ਟੈਸਟ ਵਿਚ ਪਾਕਿਸਤਾਨ ਦੀ ਜਿੱਤ ਅਤੇ ਉਸ ਤੋਂ ਬਾਅਦ ਦੇ ਰਾਜਨੀਤਿਕ ਉਥਲ-ਪੁਥਲ ਨੂੰ ਅਜੇ ਵੀ ਯਾਦ ਕੀਤਾ ਜਾਂਦਾ ਹੈ। 2008 ਦੇ ਮੁੰਬਈ ਹਮਲਿਆਂ ਤੋਂ ਬਾਅਦ, ਭਾਰਤ ਨੇ ਪਾਕਿਸਤਾਨ ਨਾਲ ਦੁਵੱਲੀ ਲੜੀ ਨੂੰ ਸਥਾਈ ਤੌਰ 'ਤੇ ਮੁਅੱਤਲ ਕਰ ਦਿੱਤਾ। 2023 ਦੇ ਏਸ਼ੀਆ ਕੱਪ ਨੂੰ ਲੈ ਕੇ ਇੱਕ ਸਥਾਨ ਵਿਵਾਦ ਪੈਦਾ ਹੋਇਆ, ਜਿੱਥੇ ਭਾਰਤ ਨੇ ਪਾਕਿਸਤਾਨ ਦੀ ਯਾਤਰਾ ਕਰਨ ਤੋਂ ਇਨਕਾਰ ਕਰ ਦਿੱਤਾ, ਜਿਸ ਦੇ ਨਤੀਜੇ ਵਜੋਂ ਟੂਰਨਾਮੈਂਟ "ਸਾਂਝੇ ਤੌਰ 'ਤੇ" ਆਯੋਜਿਤ ਕੀਤਾ ਗਿਆ। ਇਨ੍ਹਾਂ ਪਿਛੋਕੜਾਂ ਦੇ ਵਿਰੁੱਧ, 2025 ਦੀ ਘਟਨਾ ਕੋਈ ਇਕੱਲੀ ਘਟਨਾ ਨਹੀਂ ਹੈ, ਸਗੋਂ ਇੱਕ ਲੰਬੇ ਸਮੇਂ ਤੋਂ ਚੱਲ ਰਹੇ ਪੈਟਰਨ ਦਾ ਹਿੱਸਾ ਹੈ, ਜਿੱਥੇ ਕ੍ਰਿਕਟ ਹਮੇਸ਼ਾ ਰਾਜਨੀਤੀ ਦੇ ਪਰਛਾਵੇਂ ਹੇਠ ਖੇਡਿਆ ਜਾਂਦਾ ਰਿਹਾ ਹੈ।

ਇਸ ਘਟਨਾ ਦੇ ਦੂਰਗਾਮੀ ਨਤੀਜੇ ਹੋ ਸਕਦੇ ਹਨ। ਹਾਲਾਂਕਿ ਏਸ਼ੀਅਨ ਕ੍ਰਿਕਟ ਕੌਂਸਲ ਦਾ ਮੁੱਖ ਦਫਤਰ ਦੁਬਈ ਵਿਚ ਹੈ, ਪਰ ਪਾਕਿਸਤਾਨ ਲੰਬੇ ਸਮੇਂ ਤੋਂ ਸੰਗਠਨ ਦੇ ਅੰਦਰ ਆਪਣਾ ਪ੍ਰਭਾਵ ਵਧਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਭਾਰਤ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਕੋਈ ਵੀ ਢਾਂਚਾ ਉਸਦੀ ਸਹਿਮਤੀ ਤੋਂ ਬਿਨਾਂ ਕੰਮ ਨਹੀਂ ਕਰ ਸਕਦਾ। ਅੰਤਰਰਾਸ਼ਟਰੀ ਕ੍ਰਿਕਟ ਕੌਂਸਲ ਨਿਰਪੱਖਤਾ ਦਾ ਦਾਅਵਾ ਕਰਦੀ ਹੈ, ਪਰ ਜੇਕਰ ਪ੍ਰਮੁੱਖ ਟੀਮਾਂ ਵਿਚੋਂ ਇੱਕ, ਭਾਰਤ, ਅਜਿਹੇ ਕਦਮ ਚੁੱਕ ਕੇ ਇੱਕ ਰਾਜਨੀਤਿਕ ਸੰਦੇਸ਼ ਭੇਜਦੀ ਹੈ, ਤਾਂ ਕੌਂਸਲ ਨੂੰ ਆਪਣਾ ਰੁਖ਼ ਤੈਅ ਕਰਨ ਲਈ ਮਜਬੂਰ ਹੋਣਾ ਪਵੇਗਾ। ਇਹ ਦੇਖਣਾ ਬਾਕੀ ਹੈ ਕਿ ਬੰਗਲਾਦੇਸ਼, ਸ਼੍ਰੀਲੰਕਾ ਅਤੇ ਅਫਗਾਨਿਸਤਾਨ ਵਰਗੀਆਂ ਟੀਮਾਂ ਇਸ ਝਗੜੇ ਵਿਚ ਕਿੱਥੇ ਖੜ੍ਹੀਆਂ ਹੋਣਗੀਆਂ। ਭਾਰਤ ਦਾ ਦਬਾਅ ਉਨ੍ਹਾਂ ਨੂੰ ਪ੍ਰਭਾਵਿਤ ਕਰੇਗਾ, ਪਰ ਲੰਬੇ ਸਮੇਂ ਵਿਚ, ਇਹ ਖੇਤਰੀ ਸਹਿਯੋਗ ਨੂੰ ਕਮਜ਼ੋਰ ਕਰ ਸਕਦਾ ਹੈ।

ਭਾਰਤ ਦਾ ਇਹ ਤਰੀਕਾ ਨਿਸ਼ਚਿਤ ਤੌਰ 'ਤੇ "ਨਵੇਂ ਭਾਰਤ" ਦਾ ਪ੍ਰਤੀਕ ਹੈ। ਇਹ ਇੱਕ ਅਜਿਹੇ ਭਾਰਤ ਨੂੰ ਦਰਸਾਉਂਦਾ ਹੈ, ਜੋ ਸਵੈ-ਮਾਣ ਨੂੰ ਤਰਜੀਹ ਦਿੰਦਾ ਹੈ ਅਤੇ ਰਸਮੀਤਾ ਜਾਂ ਪ੍ਰੰਪਰਾ ਦੀ ਉਲੰਘਣਾ ਕਰਦਾ ਹੈ। ਪਰ ਇਹ ਵੀ ਸੱਚ ਹੈ ਕਿ ਖੇਡਾਂ ਦੀ ਭਾਵਨਾ ਨੂੰ ਰਾਜਨੀਤੀ ਵਿਚ ਬਹੁਤ ਜ਼ਿਆਦਾ ਜੋੜਨਾ ਕਈ ਵਾਰ ਨੁਕਸਾਨਦੇਹ ਹੋ ਸਕਦਾ ਹੈ। ਕੀ ਭਾਰਤ ਨੇ ਸਹੀ ਕੰਮ ਕੀਤਾ? ਸਮਰਥਕਾਂ ਲਈ, ਜਵਾਬ ਸਧਾਰਨ ਹੈ - ਹਾਂ, ਕਿਉਂਕਿ ਇਹ ਸਵੈ-ਮਾਣ ਦਾ ਮਾਮਲਾ ਸੀ। ਆਲੋਚਕਾਂ ਲਈ, ਜਵਾਬ ਨਹੀਂ ਹੈ, ਕਿਉਂਕਿ ਇੱਕ ਖੇਡ ਪਲੇਟਫਾਰਮ ਇੱਕ ਰਾਜਨੀਤਿਕ ਅਖਾੜਾ ਨਹੀਂ ਹੋਣਾ ਚਾਹੀਦਾ।

ਅਸਲ ਸਵਾਲ ਇਹ ਹੈ ਕਿ ਕੀ ਕ੍ਰਿਕਟ ਸਿਰਫ਼ ਕ੍ਰਿਕਟ ਹੀ ਰਹੇਗਾ ਜਾਂ ਇਹ ਹਮੇਸ਼ਾ ਉਪ-ਮਹਾਂਦੀਪ ਵਿਚ ਰਾਜਨੀਤੀ ਦਾ ਵਿਸਥਾਰ ਰਹੇਗਾ। ਏਸ਼ੀਆ ਕੱਪ 2025 ਦੀ ਇਹ ਘਟਨਾ ਇਸ ਸਵਾਲ ਨੂੰ ਹੋਰ ਵੀ ਗੰਭੀਰ ਬਣਾਉਂਦੀ ਹੈ। ਇੱਕ ਗੱਲ ਪੱਕੀ ਹੈ - ਇਹ ਇੱਕ ਬਦਲਿਆ ਹੋਇਆ ਭਾਰਤ ਹੈ, ਮੈਦਾਨ ਅਤੇ ਮੰਚ ਦੋਵਾਂ 'ਤੇ।

---

# ਪਾਣੀ ਦੀਆਂ ਅਵਸਥਾਵਾਂ

## ਮਿੰਨੀ ਕਹਾਣੀ

ਪ੍ਰੋ. ਨਵ ਸੰਗੀਤ ਸਿੰਘ
ਪਟਿਆਲਾ
94176-92015
ਪੰਜਾਬ ਮੇਲ USA



ਅੱਜ ਨੌਂਵੀਂ ਜਮਾਤ ਦਾ ਸਾਇੰਸ ਦਾ ਪੀਰੀਅਡ ਲੱਗਿਆ ਹੋਇਆ ਹੈ। ਸਾਇੰਸ ਅਧਿਆਪਕ ਸ਼੍ਰੀ ਸੁਰਿੰਦਰ ਗੋਇਲ ਇੱਕ ਇੱਕ ਵਿਦਿਆਰਥੀ ਨੂੰ ਚੰਗੀ ਤਰ੍ਹਾਂ ਸਮਝਾ ਰਹੇ ਹਨ ਕਿ ਪਾਣੀ ਦੀਆਂ ਤਿੰਨ ਅਵਸਥਾਵਾਂ ਹੁੰਦੀਆਂ ਹਨ - ਤਰਲ, ਗੈਸ ਅਤੇ ਠੋਸ। ਫਿਰ ਉਨ੍ਹਾਂ ਨੇ ਉਦਾਹਰਣਾਂ ਦੇ ਕੇ ਦੱਸਿਆ ਕਿ "ਪਾਣੀ ਦਾ ਤਰਲ ਰੂਪ ਤਾਂ ਉਹ ਹੈ, ਜੋ ਸਾਡੇ ਰੋਜ਼ਾਨਾ ਜੀਵਨ ਵਿਚ ਵਧੇਰੇ ਕਰਕੇ ਕੰਮ ਆਉਂਦਾ ਹੈ ਜਿਵੇਂ ਪੀਣ ਦੇ, ਕੱਪੜੇ ਧੋਣ ਦੇ ਵਗੈਰਾ; ਬਾਕੀ ਦੇ ਰੂਪਾਂ ਵਿਚ ਗੈਸ ਉਹ ਹੈ, ਜੋ ਬੱਦਲਾਂ ਦੇ ਰੂਪ ਵਿਚ ਮਿਲਦੀ ਹੈ, ਜਿਸ ਤੋਂ ਮੀਂਹ ਪੈਂਦਾ ਹੈ; ਠੋਸ ਰੂਪ ਹੈ- ਬਰਫ਼, ਜੋ ਅਸੀਂ ਫਰਿਜ ਵਿਚ ਆਈਸਕਰੀਮ ਦੇ ਰੂਪ ਵਿਚ ਜਮਾਉਂਦੇ ਹਾਂ।" ਸਾਰਾ ਕੁਝ ਸਮਝਾਉਣ ਪਿੱਛੋਂ ਅਧਿਆਪਕ ਨੇ ਅਗਲੇ ਦਿਨ ਇਹਨੂੰ ਯਾਦ ਕਰਕੇ ਆਉਣ ਨੂੰ ਕਿਹਾ।

ਅਗਲੇ ਦਿਨ ਲਗਭਗ ਹਰ ਵਿਦਿਆਰਥੀ ਨੇ ਪਹਿਲੇ ਦਿਨ ਸਮਝਾਏ ਅਧਿਆਪਕ ਦੇ ਉੱਤਰ ਨੂੰ ਹੀ ਇਨਬਿਨ ਦੱਸਿਆ। ਜਦੋਂ ਅਧਿਆਪਕ ਨੇ ਪਿਛਲੇ ਬੈਂਚ 'ਤੇ ਬੈਠੇ ਗੁਰਜੀਤ ਨੂੰ ਇਹੋ ਪ੍ਰਸ਼ਨ ਪੁੱਛਿਆ, ਤਾਂ ਉਹ ਕੁਝ ਝਿਜਕਿਆ, ਫਿਰ ਇੱਕਦਮ ਬੋਲਿਆ, "ਹੜ੍ਹ।" ਜਮਾਤ ਵਿਚ ਸੰਨਾਟਾ ਜਿਹਾ ਛਾ ਗਿਆ। ਸ਼੍ਰੀ ਗੋਇਲ ਨੇ ਜਦੋਂ ਇਸ ਬਾਰੇ ਵਿਸਥਾਰ ਵਿਚ ਦੱਸਣ ਨੂੰ ਕਿਹਾ ਤਾਂ ਗੁਰਜੀਤ ਨੇ ਸਪੱਸ਼ਟ ਕੀਤਾ, "ਅਸਲ ਵਿਚ ਪਾਣੀ ਦੀ ਇੱਕੋ ਅਵਸਥਾ ਹੜ੍ਹ ਹੀ ਹੈ, ਬਾਕੀ ਤਾਂ ਐਵੇਂ ਹੀ ਹਨ।"

"ਉਹ ਕਿਵੇਂ?"

ਅਧਿਆਪਕ ਦੇ ਪੁੱਛਣ 'ਤੇ ਗੁਰਜੀਤ ਉਦਾਸ ਹੋ ਕੇ ਬੋਲਿਆ, "ਸਰ, ਪਾਣੀ ਨੇ ਸਾਡੇ ਘਰ-ਘਾਟ ਬਰਬਾਦ ਕਰ ਦਿੱਤੇ, ਫਸਲਾਂ ਖਤਮ ਹੋ ਗਈਆਂ...।" ਇਸ ਤੋਂ ਬਾਅਦ ਉਹਦਾ ਗਲ਼ਾ ਭਰ ਆਇਆ, ਉਹਦਾ ਰੋਣ ਨਿਕਲ ਗਿਆ। ਅਧਿਆਪਕ ਨੇ ਉਹਦੇ ਕੋਲ ਜਾ ਕੇ ਉਹਨੂੰ ਹੌਂਸਲਾ ਦਿੱਤਾ ਤੇ ਬੋਲੇ, "ਹਾਂ ਬਈ, ਤੂੰ ਠੀਕ ਕਹਿੰਦਾ ਹੈਂ, ਪਾਣੀ ਦੀ ਇੱਕ ਅਵਸਥਾ ਹੜ੍ਹ ਵੀ ਹੈ...।"

# ਬਾਬਾ ਸ਼ੇਖ ਫ਼ਰੀਦ ਜੀ ਦੀ ਬਾਣੀ ਅਤੇ ਸੰਦੇਸ਼

ਅਵਤਾਰ ਸਿੰਘ
ਸਪਰਿੰਗਫੀਲਡ
1-937-206-4674
ਪੰਜਾਬ ਮੇਲUSA






ਸੂਫੀ ਮੱਤ ਦੇ ਪਿਤਾਮਾ ਵਜੋਂ ਜਾਣੇ ਜਾਂਦੇ ਬਾਬਾ ਸ਼ੇਖ ਫ਼ਰੀਦ ਜੀ ਇਕ ਉੱਘੇ ਫਕੀਰ ਹੋਏ ਹਨ। ਇਸਲਾਮ ਦੇ ਸੂਫੀ ਸੰਪ੍ਰਦਾਇ ਵਿਚ ਉਨ੍ਹਾਂ ਦਾ ਨਾਮ ਸ਼੍ਰੋਮਣੀ ਸੰਤਾਂ ਵਿਚ ਗਿਣਿਆ ਜਾਂਦਾ ਹੈ। ਇਸ ਸੰਪ੍ਰਦਾਇ ਦਾ ਸ਼ਾਇਦ ਕੋਈ 'ਤਜ਼ਕਰਾ' ਅਜਿਹਾ ਨਹੀਂ, ਜਿਸ ਵਿਚ ਉਨ੍ਹਾਂ ਦਾ ਜ਼ਿਕਰ ਬੜੇ ਮਾਣ ਨਾਲ ਨਾ ਕੀਤਾ ਗਿਆ ਹੋਵੇ। ਪੰਜਾਬੀ ਦੇ ਸੂਫ਼ੀ ਫਕੀਰਾਂ ਵਿਚ ਬਾਬਾ ਸ਼ੇਖ ਫ਼ਰੀਦ ਜੀ ਦਾ ਪਹਿਲਾ ਤੇ ਪ੍ਰਮੁੱਖ ਸਥਾਨ ਹੈ। ਜਿਥੇ ਸੂਫ਼ੀ ਫਕੀਰਾਂ ਵਿਚ ਬਾਬਾ ਸ਼ੇਖ ਫ਼ਰੀਦ ਜੀ ਦੀ ਬਾਣੀ ਨੂੰ ਵਿਸ਼ੇਸ਼ ਮਾਣ ਹਾਸਲ ਹੈ, ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਇਨ੍ਹਾਂ ਦੀ ਬਾਣੀ ਨੂੰ ਸਿਧਾਂਤਾਂ ਦੇ ਅਨੁਕੂਲ ਹੋਣ ਕਰਕੇ ਇਸ ਵਿਚ ਦਰਜ ਹੋਣ ਦਾ ਮਾਣ ਹਾਸਲ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਸਲੋਕ ਸੇਖ ਫਰੀਦ ਕੇ' ਸਿਰਲੇਖ ਹੇਠ ਦਰਜ ਕੁੱਲ ਸਲੋਕਾਂ ਦੀ ਗਿਣਤੀ 130 ਹੈ, ਜਿਨ੍ਹਾਂ ਵਿਚ 18 ਸਲੋਕ ਗੁਰੂ ਸਾਹਿਬਾਨ ਦੇ ਹਨ ਅਤੇ ਬਾਕੀ 112 ਬਾਬਾ ਸ਼ੇਖ ਫ਼ਰੀਦ ਜੀ ਦੇ ਹਨ, ਜਿਨ੍ਹਾਂ ਦੀ ਸੂਚੀ ਇਸ ਪ੍ਰਕਾਰ ਹੈ:-

ਬਾਬਾ ਫਰੀਦ ਜੀ ਦੇ ਸਲੋਕ--------112
ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਲੋਕ-------- 04
(ਸਲੋਕ ਨੰ: 32, 113, 120, 124)
ਸ੍ਰੀ ਗੁਰੂ ਅਮਰਦਾਸ ਜੀ ਦੇ ਸਲੋਕ-------- 05
(ਸਲੋਕ ਨੰ: 13, 52, 104,122, 123)
ਸ੍ਰੀ ਗੁਰੂ ਰਾਮਦਾਸ ਜੀ ਦੇ ਸਲੋਕ-------- 01
(ਸਲੋਕ ਨੰ: 121)
ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਲੋਕ--------08 (ਸਲੋਕ ਨੰ: 75, 82, 83, 105, 108, 109, 110,111)

ਇਨ੍ਹਾਂ ਸਲੋਕਾਂ ਤੋਂ ਇਲਾਵਾ ਬਾਬਾ ਫਰੀਦ ਜੀ ਦੇ 4 ਸ਼ਬਦ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ, ਜਿਨ੍ਹਾਂ ਵਿਚੋਂ ਦੋ ਆਸਾ ਰਾਗ ਵਿਚ ਹਨ ਤੇ ਦੋ ਸੂਹੀ ਰਾਗ ਵਿਚ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਚਿਤ ਬਾਬਾ ਫਰੀਦ ਜੀ ਦੀ ਸਾਰੀ ਬਾਣੀ ਪ੍ਰਭੂ ਪ੍ਰਮਾਤਮਾ ਨੂੰ ਮਿਲਣ ਦਾ ਯਤਨ ਹੈ। ਬਾਬਾ ਸ਼ੇਖ ਫ਼ਰੀਦ ਜੀ ਦਾ ਹਰ ਸਲੋਕ ਆਪਣੇ ਆਪ ਵਿਚ ਪੂਰਨ, ਸਿੱਧਾ ਅਤੇ ਸਦੀਵੀ ਪ੍ਰਭਾਵ ਪਾਉਣ ਵਾਲਾ ਹੈ। ਬਾਬਾ ਫਰੀਦ ਜੀ ਦੀ ਬਾਣੀ ਅਸਲ ਵਿਚ ਬਾਬਾ ਫਰੀਦ ਜੀ ਦਾ ਆਪਣਾ ਜੀਵਨ ਹੈ। ਉਨ੍ਹਾਂ ਨੇ ਆਪਣੇ ਜੀਵਨ ਨੂੰ ਅਮਲੀ ਰੂਪ ਵਿਚ ਹੰਢਾਇਆ, ਜੋ ਕਿ ਸੰਸਾਰ ਲਈ ਇਕ ਚਾਨਣ ਮੁਨਾਰਾ ਹੈ। ਇਹ ਕਿਸੇ ਇਕ ਕਬੀਲੇ, ਜਾਤ ਜਾਂ ਫਿਰਕੇ ਨਾਲ ਸੰਬੰਧਿਤ ਨਹੀਂ, ਸਾਰੀ ਮਨੁੱਖਤਾ ਨੂੰ ਅਮਨ ਸ਼ਾਂਤੀ ਦਾ ਪ੍ਰਚਾਰ ਕਰਦੀ ਹੋਈ ਸਾਨੂੰ ਆਪਣੇ ਝਗੜਿਆਂ ਤੇ ਵਿਰੋਧਾਭਾਵਾਂ ਨੂੰ ਮਿਟਾਉਣ ਦਾ ਰਾਹ ਦਿਖਾਉਂਦੀ ਹੈ। ਬਾਬਾ ਫਰੀਦ ਜੀ ਦੀ ਬਾਣੀ ਨੂੰ ਵਾਚਿਆਂ ਇਹ ਸਪੱਸ਼ਟ ਹੁੰਦਾ ਹੈ ਕਿ ਇਸ ਵਿਚ ਦਰਵੇਸ਼ੀ ਆਚਰਣ, ਨਾਸ਼ਮਾਨਤਾ (ਮੌਤ) ਤੇ ਪ੍ਰਮਾਤਮਾ ਨਾਲ ਪਿਆਰ ਤਿੰਨ ਮੁੱਖ ਵਿਸ਼ਿਆਂ 'ਤੇ ਵਿਚਾਰ ਚਰਚਾ ਹੈ।

ਖਲੀਕ ਅਹਿਮਦ ਨਿਜ਼ਾਮੀ ਨੇ ਬਾਬਾ ਜੀ ਦੀ ਬਾਣੀ ਨੂੰ ਆਪਣੇ ਸਮੇਂ ਦਾ ਸੱਚਾ-ਸੁੱਚਾ ਦਰਪਣ ਕਿਹਾ ਹੈ। ਉਨ੍ਹਾਂ ਨੇ ਇਹ ਲਿਖਿਆ ਹੈ ਕਿ ਫਰੀਦ ਬਾਣੀ ਬਾਬਾ ਫਰੀਦ ਜੀ ਦੇ ਜੀਵਨ ਦੇ ਤਤਕਾਲੀਨ ਸਮਾਜ ਦਾ ਇਕ ਖਰਾ ਤੇ ਸੱਚਾ-ਸੁੱਚਾ ਕਾਵਿ ਦਰਪਣ ਹੈ, ਜਿਸ ਦੀ ਸਰਬਵਿਆਪਕਤਾ ਅਤੇ ਕਾਲਹੀਣ ਪਾਸਾਰ, ਮਿੱਠੀ ਲਰਜ਼ਾਉਂਦੀ ਝੁਣਕਾਰ, ਉਚੇਰੀ ਆਤਮਿਕ ਪ੍ਰੇਰਨਾ ਦਾ ਸਦਾਚਾਰਕ ਸੋਮਾ ਹੈ।

ਬਾਬਾ ਸ਼ੇਖ ਫ਼ਰੀਦ ਜੀ ਨੇ ਆਪਣੀ ਰਚਨਾ 'ਚ ਸੰਸਾਰ ਦੀ ਨਾਸ਼ਮਾਨਤਾ, ਪ੍ਰਮਾਤਮਾ ਦੀ ਰਜ਼ਾ, ਬਿਰਹਾ, ਪਰਮਾਤਮਾ ਦੀ ਬੰਦਗੀ, ਸਵੈ-ਪਹਿਚਾਣ, ਨੈਤਿਕ ਗੁਣ (ਸਬਰ, ਸੰਤੋਖ, ਨਿਮਰਤਾ), ਮਾਨਵ ਕਲਿਆਣ ਆਦਿ ਕਈ ਵਿਸ਼ਿਆਂ 'ਤੇ ਭਰਪੂਰ ਚਰਚਾ ਕੀਤੀ ਹੈ, ਜਿਨ੍ਹਾਂ 'ਚੋਂ ਕੁਝ ਇਸ ਪ੍ਰਕਾਰ ਹਨ:

**1. ਸੰਸਾਰ ਦੀ ਨਾਸ਼ਮਾਨਤਾ ਅਤੇ ਪ੍ਰਮਾਤਮਾ ਦੀ ਰਜ਼ਾ:** ਬਾਬਾ ਸ਼ੇਖ ਫ਼ਰੀਦ ਜੀ ਦਾ ਪਹਿਲਾ ਸਲੋਕ ਜੀਵਨ ਨੂੰ ਇਸ ਭੌਤਿਕ ਸੰਸਾਰ ਦੀ ਨਾਸ਼ਮਾਨਤਾ ਦਾ ਅਨੁਭਵ ਕਰਵਾਉਣਾ ਉਨ੍ਹਾਂ ਦੀ ਵਿਚਾਰਧਾਰਾ ਦਾ ਪਹਿਲਾ ਪੜਾਅ ਜਾਪਦਾ ਹੈ:

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ॥...
ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ॥...
ਫਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ॥ (ਪੰਨਾ 1377)

ਬਾਬਾ ਫਰੀਦ ਜੀ ਅਨੁਸਾਰ ਇਹ ਸੰਸਾਰ ਸੁਹਾਵਣਾ ਬਾਗ ਹੈ। ਮਨੁੱਖ ਇਸ ਬਾਹਰੀ ਸੁੰਦਰਤਾ ਤੇ ਖੁਸ਼ਬੂ ਵਿਚ ਆਪਣੀ ਅਸਲੀਅਤ ਨੂੰ ਭੁੱਲ ਜਾਂਦਾ ਹੈ। ਇਹ ਦਿੱਸਦਾ ਸੰਸਾਰ ਜੀਵ ਲਈ ਸਾਧਨ ਨਾ ਰਹਿ ਕੇ ਅੰਤ ਜਾਂ ਉਦੇਸ਼ ਬਣ ਜਾਂਦਾ ਹੈ। ਬਾਬਾ ਫਰੀਦ ਜੀ ਦੀ ਆਪਣੀ ਬਾਣੀ ਵਿਚ ਸੰਸਾਰ ਦੀ ਨਾਸ਼ਮਾਨਤਾ ਦਾ ਬਾਰ-ਬਾਰ ਜ਼ਿਕਰ ਕਰਨ ਦਾ ਕਾਰਨ ਮਨੁੱਖ ਨੂੰ ਆਪਣੇ ਅਸਲੀ ਮਨੋਰਥ ਤੋਂ ਜਾਣੂ ਕਰਵਾਉਣਾ ਹੈ। ਬਾਬਾ ਫਰੀਦ ਜੀ ਜੀਵਨ ਦੇ ਹਰ ਪਲ ਨੂੰ ਅਹਿਮੀਅਤ ਦਿੰਦੇ ਹੋਏ ਜੀਵ ਨੂੰ ਚੇਤੰਨ ਕਰਦੇ ਹੋਏ ਕਹਿੰਦੇ ਹਨ:

ਫਰੀਦਾ ਜੇ ਜਾਣਾ ਤਿਲ ਥੋੜੜੇ ਸੰਮਲਿ ਬੁਕੁ ਭਰੀ॥
ਜੇ ਜਾਣਾ ਸਹੁ ਨੰਢੜਾ ਤਾਂ ਥੋੜਾ ਮਾਣੁ ਕਰੀ॥ ( ਅੰਗ 1378)

ਸੰਸਾਰ ਦੀ ਨਾਸ਼ਮਾਨਤਾ ਗਿਆਤ ਕਰਵਾਉਂਦੇ ਹੋਏ ਕਹਿੰਦੇ ਹਨ:-

ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ॥
ਇਹੁ ਤਨੁ ਹੋਸੀ ਖਾਕ ਨਿਮਾਣੀ ਗੋਰ ਘਰੇ॥ (ਅੰਗ 488)

ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ॥
ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ॥ (ਅੰਗ 794)

ਬਾਬਾ ਸ਼ੇਖ ਫ਼ਰੀਦ ਜੀ ਮੌਤ ਦੀ ਯਾਦ ਕਰਵਾ ਕੇ ਜੀਵ ਨੂੰ ਜੀਵਨ ਦਾ ਅਸਲੀ ਪ੍ਰਯੋਜਨ ਸਮਝਾਉਂਦੇ ਹਨ, ਤਾਂ ਜੋ ਕਿਤੇ ਮਨੁੱਖ ਇਸ ਭੌਤਿਕ ਸੰਸਾਰ ਵਿਚ ਕੇਵਲ ਕੋਠੇ, ਮਹਿਲ ਉਸਾਰਦਾ, ਮੌਤ ਨੂੰ ਭੁੱਲ ਨਾ ਬੈਠੇ, ਜਿਸ ਨੇ ਅਚਨਚੇਤ ਹੀ ਆ ਜਾਣਾ ਹੈ:-

ਫਰੀਦਾ ਭੰਨੀ ਘੜੀ ਸਵੰਨਵੀ ਟੁਟੀ ਨਾਗਰ ਲਜੁ॥
ਅਜਰਾਈਲੁ ਫਰੇਸਤਾ ਕੈ ਘਰਿ ਨਾਠੀ ਅਜੁ॥ (ਅੰਗ 1381)

ਫਰੀਦਾ ਰਬ ਖਜੂਰੀ ਪਕੀਆਂ ਮਾਖਿਅ ਨਈ ਵਹੰਨਿ॥
ਜੋ ਜੋ ਵੰਞੈਂ ਡੀਹੜਾ ਸੋ ਉਮਰ ਹਥ ਪਵੰਨਿ॥ (ਅੰਗ 1382)

ਪ੍ਰੋ. ਕਾਲਾ ਸਿੰਘ (ਬੇਦੀ) ਆਪਣੀ ਪੁਸਤਕ 'ਫਰੀਦ ਤੇ ਫਰੀਦ ਬਾਣੀ' ਵਿਚ ਬਾਬਾ ਫਰੀਦ ਜੀ ਦੀ ਬਾਣੀ 'ਤੇ ਆਧਾਰਿਤ ਮੌਤ ਸੰਬੰਧੀ ਸਫਾ 29 'ਤੇ ਲਿਖਦੇ ਹਨ ਕਿ 'ਮੌਤ' ਫਰੀਦ ਬਾਣੀ ਵਿਚ ਇਕ ਉਹ ਕੇਂਦਰ-ਬਿੰਦੂ ਹੈ, ਜਿਸ ਦੇ ਇਕ ਬੰਨ੍ਹੇ ਸਰੀਰਕ ਅਵਸਥਾ ਹੈ ਤੇ ਦੂਜੇ ਬੰਨ੍ਹੇ ਪਰਲੋਕ ਹੈ, ਜਿਸ ਵਿਚ ਰੂਹ ਨੇ ਇਲਾਹੀ ਦਰਬਾਰ ਵਿਚ ਮਾਣ ਪਾਉਣਾ ਹੈ। ਬਾਬਾ ਫਰੀਦ ਜੀ ਨੇ ਮੌਤ ਨੂੰ ਆਪਣਾ ਪ੍ਰੇਰਨਾ ਸ੍ਰੋਤ ਬਣਾ ਕੇ ਆਪਣੇ ਕਾਵਿ ਦੀ ਸਿਰਜਨਾ ਕੀਤੀ ਹੈ ਤੇ ਇਸ ਵਿਚ ਸਾਹਿਤਕ ਰੰਗ ਵੀ ਭਰੇ ਹਨ। ਮੌਤ ਨੂੰ ਇਕ ਚੇਤਾਵਨੀ ਦੇ ਤੌਰ 'ਤੇ ਪ੍ਰਯੋਗ ਕਰ ਕੇ ਮਨੁੱਖ ਦੀ ਸੁੱਤੀ ਹੋਈ ਰੂਹਾਨੀ ਰੁਚੀ ਨੂੰ ਹਲੂਣਿਆ ਤੇ ਟੁੰਬਿਆ ਹੈ ਅਤੇ ਇਸ ਨੂੰ ਇਕ ਪ੍ਰਕਾਸ਼-ਬਿੰਦੂ ਬਣਾ ਕੇ ਮਨ ਦੀ ਅਗਿਆਨ-ਅਵਸਥਾ ਵਿਚ ਗਿਆਨ-ਪ੍ਰਕਾਸ਼ ਪੈਦਾ ਕੀਤਾ ਹੈ ਅਤੇ ਇਸ ਸੱਚਾਈ ਦੀ ਯਾਦ ਕਰਵਾਈ ਹੈ ਕਿ ਇਹ ਸੁੰਦਰ, ਸੁਨੱਖਾ ਤੇ ਕੋਮਲ ਸਰੀਰ ਸਦਾ ਨਹੀਂ ਰਹੇਗਾ। ਮੌਤ ਸਰੀਰ ਦਾ ਇਕ ਯਕੀਨੀ ਅੰਗ ਹੈ। ਇਸ ਲਈ ਸਾਰੇ ਸੰਸਾਰ ਉੱਪਰ ਇਹ ਵਿਆਪਤ ਹੈ, ਇਸ ਦੀ ਵਲਗਣ ਤੋਂ ਕੋਈ ਚੀਜ਼ ਸੁਤੰਤਰ ਨਹੀਂ ਹੈ।

ਮੌਤ ਅਤੇ ਉਸ ਦੇ ਬਲਸ਼ਾਲੀ ਤੱਥਾਂ ਤੋਂ ਕੇਵਲ ਪ੍ਰਭੂ ਦੀ ਰਜ਼ਾ ਵਿਚ ਚੱਲ ਕੇ ਹੀ ਵਿਅਕਤੀ ਨੂੰ ਉਸ ਨੂੰ ਸਮਝਣ ਅਤੇ ਸਹਿਣ ਕਰਨ ਦੀ ਸ਼ਕਤੀ ਪ੍ਰਾਪਤ ਹੁੰਦੀ ਹੈ। ਬਾਬਾ ਫਰੀਦ ਜੀ ਦੀ ਬਾਣੀ ਜੀਵ ਨੂੰ ਪ੍ਰਮਾਤਮਾ ਦੀ ਰਜ਼ਾ ਉੱਪਰ ਤੁਰਨ ਲਈ ਸ਼ਕਤੀ ਪ੍ਰਦਾਨ ਕਰਦੀ ਹੈ। ਜਦੋਂ ਮਨ ਤੋਂ ਵਿਕਾਰ ਦੂਰ ਹੋ ਜਾਂਦੇ ਹਨ, ਤਾਂ ਦੁੱਖ ਸੁਖ ਇਕ ਸਮਾਨ ਹੀ ਪ੍ਰਤੀਤ ਹੋਣ ਲੱਗ ਜਾਂਦੇ ਹਨ। ਇਸ ਲਈ ਰਜ਼ਾ ਨੂੰ ਸਮਝਣ, ਰਜ਼ਾ ਵਿਚ ਚੱਲਣ ਲਈ ਅਤੇ ਅੰਤ ਵਿਚ ਹਿਰਦੇ ਵਿਚਲੇ ਪ੍ਰਭੂ ਦਰਬਾਰ ਵਿਚ ਸਥਾਨ ਹਾਸਲ ਕਰਨ ਲਈ ਜੋ ਪ੍ਰਮਾਤਮਾ ਨੂੰ ਭਾਉਂਦਾ ਹੈ, ਉਸ ਨੂੰ ਭਲਾ ਮੰਨਣਾ ਹੀ ਉੱਤਮ ਹੈ।

ਉਸ ਦੀ ਰਜ਼ਾ ਵਿਚ ਰਹਿਣ ਨੂੰ ਹੀ ਮੁਕਤੀ ਦਾ ਸ੍ਰੋਤ ਦੱਸਿਆ ਹੈ। ਬਾਬਾ ਫਰੀਦ ਜੀ ਤਾਂ ਕਹਿੰਦੇ ਹਨ ਕਿ ਜੋ ਉਸ ਪ੍ਰਮਾਤਮਾ ਦੀ ਰਜ਼ਾ ਅੱਗੇ ਸਿਰ ਨਹੀਂ ਨਿਵਾਉਂਦਾ ਅਰਥਾਤ ਆਪਣੇ ਹੰਕਾਰ ਦਾ ਪੂਰਾ ਤਿਆਗ ਨਹੀਂ ਕਰਦਾ, ਉਹ ਸਿਰ ਕਾਹਦੇ ਲਈ ਹੈ? ਉਸ ਦਾ ਸਿਰ ਧੜ ਨਾਲੋਂ ਅਲੱਗ ਕਰ ਦੇਣਾ ਚਾਹੀਦਾ ਹੈ ਅਤੇ ਉਸ ਨੂੰ ਬਾਲਣ ਦੀ ਥਾਂ ਬਾਲ ਲੈਣਾ ਚਾਹੀਦਾ ਹੈ:

ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ॥
ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ॥ (ਅੰਗ 1381)

ਮਨੁੱਖ ਦੀ ਹੋਣੀ ਲਈ ਬਾਬਾ ਫਰੀਦ ਜੀ ਪੂਰੇ ਚਿੰਤਾਤੁਰ ਹਨ। ਦੁਨੀਆਂ ਦੇ ਧੰਦੇ ਵਿਚ ਲੀਨ ਲੋਕਾਂ ਨੂੰ ਚਿਤਾਵਨੀ ਦਿੰਦੇ ਹੋਏ ਕਹਿੰਦੇ ਹਨ ਕਿ ਜੋ ਜੀਵ ਪ੍ਰਮਾਤਮਾ ਅਰਥਾਤ ਪ੍ਰਮਾਤਮਾ ਦੀ ਖਲਕਤ ਤੋਂ ਮੂੰਹ ਮੋੜ ਕੇ ਉਸ ਦੀ ਰਜ਼ਾ ਵਿਚ ਨਾ ਚੱਲ ਕੇ ਉਸ ਦੀ ਯਾਦ ਨੂੰ ਭੁਲਾ ਦਿੰਦੇ ਹਨ, ਉਨ੍ਹਾਂ ਦੇ ਮੁੱਖ ਡਰਾਉਣੇ ਬਣ ਜਾਂਦੇ ਹਨ। ਲੋਕ ਪਰਲੋਕ ਵਿਚ ਉਨ੍ਹਾਂ ਦੀ ਕੋਈ ਥਾਂ ਨਹੀਂ ਰਹਿੰਦੀ।

**2. ਨਾਮ ਸਿਮਰਨ :** ਬਾਬਾ ਫ਼ਰੀਦ ਜੀ ਦੀ ਬਾਣੀ ਵਿਚ ਜਿਥੇ ਸੰਸਾਰ ਦੀ ਨਾਸ਼ਮਾਨਤਾ ਦਾ ਵਿਸਥਾਰਪੂਰਵਕ ਵਰਣਨ ਕੀਤਾ ਗਿਆ ਹੈ, ਉਥੇ ਨਾਲ ਹੀ ਇਸ ਭੌਤਿਕ ਸੰਸਾਰ ਵਿਚ ਖਚਿਤ ਨਾ ਹੋ ਕੇ ਜੀਵ ਨੂੰ ਬੰਦਗੀ ਕਰਨ ਦਾ ਵੀ ਸੰਦੇਸ਼ ਦਿੱਤਾ ਹੈ। ਸੰਸਾਰਿਕ ਪਰਪੰਚਾਂ ਤੋਂ ਬਚਣ ਲਈ ਬੰਦਗੀ, ਨਾਮ ਸਿਮਰਨ ਨੂੰ ਮੁੱਖ ਸਾਧਨ ਦੱਸਿਆ ਹੈ। ਬਾਬਾ ਫਰੀਦ ਜੀ ਜੀਵ ਦੀ ਅਸਲੀ ਕਮਾਈ ਪ੍ਰਮਾਤਮਾ ਦਾ ਨਾਮ ਸਿਮਰਨ ਮੰਨਦੇ ਹਨ ਪ੍ਰੰਤੂ ਵਿਅਕਤੀ ਇਸ ਵਿਚ ਆਪਣੀ ਸੁਰਤ ਨਹੀਂ ਲਾਉਂਦਾ ਅਤੇ 'ਮੈਂ-ਮੇਰੀ' ਕਰਦਾ ਹੋਇਆ ਬਚਪਨ ਅਤੇ ਜਵਾਨੀ ਨੂੰ ਗੁਆ ਲੈਂਦਾ ਹੈ। ਬੁਢਾਪੇ ਵਿਚ ਇੰਦਰੀਆਂ ਸਿਥਲ ਹੋ ਜਾਂਦੀਆਂ ਹਨ। ਕੀਤੇ ਹੋਏ ਕੁਕਰਮਾਂ ਦੇ ਫਲਸਰੂਪ ਕਮਾਏ ਹੋਏ ਪਾਪਾਂ ਨਾਲ ਜਦੋਂ ਜੀਵਨ ਕੰਢਿਆਂ ਤੱਕ ਭਰ ਜਾਂਦਾ ਹੈ, ਅਰਥਾਤ ਜੀਵਨ ਦਾ ਅੰਤਮ ਸਮਾਂ ਆ ਜਾਂਦਾ ਹੈ, ਤਾਂ ਫਿਰ ਸਿਮਰਨ ਵਿਹੀਨ ਵਿਅਕਤੀ ਲਈ ਸੰਸਾਰ ਸਾਗਰ ਨੂੰ ਸਫਲਤਾਪੂਰਵਕ ਤਰਨ ਦਾ ਕੋਈ ਢੰਗ ਨਹੀਂ ਬਚਦਾ। ਉਹ ਹਉਕੇ ਲੈਂਦਾ ਹੋਇਆ ਹੀ ਇਸ ਸੰਸਾਰ ਵਿਚ ਸੁਰਤਿ ਜੋੜੀ ਇਸੇ ਵਿਚ ਗੋਤੇ ਖਾਂਦਾ ਰਹਿੰਦਾ ਹੈ, ਦਰਅਸਲ ਜੀਵ ਅਸਲੀ ਕਮਾਈ ਨੂੰ ਛੱਡ ਕੇ ਦੁਨਿਆਵੀ ਧੰਦਿਆਂ ਵਿਚ ਖਚਿਤ ਰਹਿਣ ਦਾ ਫਲ ਅੰਤਮ ਸਮੇਂ ਮਾਨਸਿਕ ਦੁੱਖ ਅਤੇ ਸਰੀਰਕ ਸੰਤਾਪ ਦੇ ਰੂਪ ਵਿਚ ਪ੍ਰਾਪਤ ਕਰਦਾ ਹੈ। ਬਾਬਾ ਫਰੀਦ ਜੀ ਬਾਰ-ਬਾਰ ਜੀਵ ਨੂੰ ਸਿਮਰਨ ਕਰਨ ਲਈ ਪ੍ਰੇਰਿਤ ਕਰਦੇ ਹਨ। ਨਾਮ-ਸਿਮਰਨ ਰਾਹੀਂ ਹੀ ਜੀਵ ਭਵਸਾਗਰ ਤੋਂ ਪਾਰ ਹੋ ਸਕਦਾ ਹੈ। ਨਾਮ ਸਿਮਰਨ ਲਈ ਮਨੁੱਖਾ ਜੀਵਨ ਹੀ ਠੀਕ ਸਮਾਂ ਦੱਸਦੇ ਹੋਏ ਬਾਬਾ ਫਰੀਦ ਜੀ ਚਿਤਾਵਨੀ ਵਜੋਂ ਉਚਾਰਨ ਕਰਦੇ ਹਨ:-

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥
ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ॥...
ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ॥ (ਅੰਗ 794)

ਬਾਬਾ ਸ਼ੇਖ ਫ਼ਰੀਦ ਜੀ ਕਹਿੰਦੇ ਹਨ ਕਿ ਜੋ ਪ੍ਰਮਾਤਮਾ ਦੀ ਬੰਦਗੀ ਨਹੀਂ ਕਰਦੇ, ਉਸ ਦੇ ਨਾਮ ਦਾ ਜਾਪ ਨਹੀਂ ਕਰਦੇ, ਉਹ ਕੱਚੇ ਅਤੇ ਝੂਠੇ ਹਨ ਅਤੇ ਧਰਤੀ 'ਤੇ ਭਾਰ ਹੀ ਬਣੇ ਰਹਿੰਦੇ ਹਨ।

ਬਾਬਾ ਫਰੀਦ ਜੀ ਇਕ ਸੱਚੇ ਭਗਤ ਦੀ ਤਰ੍ਹਾਂ ਪ੍ਰਮਾਤਮਾ ਦੀ ਓਟ ਲੈਂਦੇ ਹੋਏ ਉਸ ਤੋਂ ਨਾਮ ਸਿਮਰਨ ਦੀ ਦਾਤ ਨੂੰ ਮੰਗਦੇ ਹਨ:

ਤੇਰੀ ਪਨਹ ਖੁਦਾਇ ਤੂ ਬਖਸੰਦਗੀ॥
ਸੇਖ ਫਰੀਦੈ ਖੈਰੁ ਦੀਜੈ ਬੰਦਗੀ॥ (ਅੰਗ 488)

**3. ਆਪੇ ਦੀ ਪਹਿਚਾਣ:** ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਉਮੈ ਦੇ ਤਿਆਗ ਅਤੇ ਆਪਾ ਚੀਨਣ, ਆਪਣੇ ਮੂਲ ਸਰੂਪ ਨੂੰ ਪਛਾਨਣ ਦੀ ਗੱਲ ਬਾਰ-ਬਾਰ ਬੜੀ ਸ਼ਿੱਦਤ ਨਾਲ ਕੀਤੀ ਗਈ ਹੈ। ਬਾਬਾ ਫਰੀਦ ਜੀ ਵੀ ਰੱਬ ਦੀ ਪ੍ਰਾਪਤੀ ਲਈ ਯੋਗੀਆਂ, ਸੰਨਿਆਸੀਆਂ ਵਾਂਗ ਘਰ-ਬਾਰ ਛੱਡ ਕੇ ਜੰਗਲਾਂ ਵਿਚ ਬੈਠ ਕੇ ਸਮਾਧੀ ਲਗਾਉਣ ਲਈ ਨਹੀਂ ਕਹਿੰਦੇ, ਸਗੋਂ ਆਪ ਅਮਲੀ ਜੀਵਨ ਹੰਢਾਉਂਦਿਆਂ ਅਤੇ ਕਰਤਵਾਂ ਦੀ ਪਾਲਣਾ ਕਰਦਿਆਂ, ਸੰਸਾਰ ਜੀਵਨ ਵਿਚ ਵਿਚਰਦਿਆਂ ਕਿਰਤ ਕਰਦਿਆਂ ਆਪਣੇ ਹਿਰਦੇ ਵਿਚੋਂ ਹੀ ਪ੍ਰਮਾਤਮਾ ਨੂੰ ਢੂੰਡਣ ਲਈ ਉਪਦੇਸ਼ ਦਿੰਦੇ ਹਨ। ਦਰਅਸਲ ਕਰਤਵਾਂ ਦਾ ਪਾਲਣ ਸੰਸਾਰ ਦੇ ਹੋ ਕੇ ਰਹਿਣਾ ਪਰ ਸੰਸਾਰੀ ਨਾ ਬਣਨਾ, ਅਲਿਪਤ ਬਣੇ ਰਹਿਣ ਦਾ ਕੰਮ ਅਤੇ ਨਾਲ ਹੀ ਨਾਲ ਹਿਰਦੇ ਵਿਚ ਝਾਤੀ ਮਾਰ ਕੇ ਪ੍ਰਭੂ ਦੀਦਾਰ ਦੀ ਚਾਹ ਰੱਖਣਾ ਹੀ ਜੀਵਣ ਦਾ ਇਕ ਚੰਗਾ ਮੁਕਾਮ ਹੈ:

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥
ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥ (ਅੰਗ 1378)

ਬਾਬਾ ਫਰੀਦ ਜੀ ਨੇ ਪ੍ਰਮਾਤਮਾ ਦਾ ਨਿਵਾਸ ਹਿਰਦੇ ਵਿਚ ਦੱਸਿਆ ਹੈ, ਇਸੇ ਲਈ ਜੀਵ ਨੂੰ ਕਿਸੇ ਦੂਸਰੇ ਦਾ ਦਿਲ ਨਾ ਦੁਖਾਉਣ ਲਈ ਤੇ ਆਦਰਸ਼ਕ ਮਨੁੱਖ ਬਣਨ ਲਈ ਜੋ ਸਿਧਾਂਤ ਨਿਰਧਾਰਤ ਕੀਤੇ ਹਨ, ਉਨ੍ਹਾਂ ਦੀ ਝਲਕ ਉਨ੍ਹਾਂ ਦੇ ਸਲੋਕ ਵਿਚ ਸਪੱਸ਼ਟ ਨਜ਼ਰੀਂ ਆਉਂਦੀ ਹੈ:

ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥ (ਅੰਗ 1384)

ਬਾਬਾ ਫਰੀਦ ਜੀ ਜੀਵ ਨੂੰ ਗੁੱਸੇ ਤੋਂ ਬਚਣ ਦੀ ਗੱਲ ਕਰਦੇ ਹਨ। ਸਰੀਰ ਨੂੰ ਗਾਲ ਦੇਣ ਵਾਲਾ ਕ੍ਰੋਧ ਆਪਣੀ ਝੂਠੀ ਹਉਮੈ ਨਾਲ ਹੀ ਮੋਹ ਪੈਦਾ ਕਰ ਦਿੰਦਾ ਹੈ, ਜਿਸ ਕਾਰਨ ਵਿਅਕਤੀ ਦੀ ਬਿਬੇਕ ਬੁੱਧੀ ਦਾ ਨਾਸ਼ ਹੋ ਜਾਂਦਾ ਹੈ। ਬਿਬੇਕ ਬੁੱਧੀ ਦਾ ਨਾਸ਼ ਵਿਅਕਤੀ ਅਤੇ ਸਮਾਜ ਦੋਨਾਂ ਲਈ ਹਾਨੀਕਾਰਕ ਹੋ ਜਾਂਦਾ ਹੈ। ਬਾਬਾ ਫਰੀਦ ਜੀ ਦਾ ਹੇਠ ਲਿਖਿਆ ਕਥਨ ਸਮਾਜ ਨੂੰ ਤੰਦਰੁਸਤ ਅਤੇ ਸੁਖਾਲਾ ਰੱਖਣ ਲਈ ਬਹੁਤ ਹੀ ਲਾਹੇਵੰਦ ਹੈ:

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥ (ਅੰਗ 1381-82)

**4. ਨੈਤਿਕ ਜੀਵਨ :** ਨੈਤਿਕਤਾ ਧਰਮ ਦਾ ਮੂਲ ਧੁਰਾ ਹੈ। ਇੰਦਰੀਆਂ ਦਾ ਸੰਜਮ, ਅਧਿਆਤਮ ਦੀ ਨੀਂਹ ਜੇਕਰ ਨੈਤਿਕ ਕਦਰਾਂ-ਕੀਮਤਾਂ 'ਤੇ ਆਧਾਰਿਤ ਨਹੀਂ ਹੈ, ਵਿਅਕਤੀ ਧਾਰਮਿਕਤਾ ਦੇ ਪੱਥ ਤੋਂ ਛੇਤੀ ਹੀ ਭਟਕ ਜਾਂਦਾ ਹੈ। ਬਾਬਾ ਫਰੀਦ ਜੀ ਦੀ ਬਾਣੀ ਨੈਤਿਕ ਗੁਣਾਂ ਦਾ ਇਕ ਭਰਪੂਰ ਖਜ਼ਾਨਾ ਹੈ। ਮਾਨਵ ਵਿਚ ਮਾਨਵਤਾ ਦਾ ਗੁਣ ਤਾਂ ਹੀ ਪੈਦਾ ਹੋ ਸਕਦਾ ਹੈ, ਜੇ ਮਾਨਵ ਦਾ ਜੀਵਨ ਸਦਾਚਾਰੀ ਹੋਵੇ, ਧਾਰਮਿਕ ਜੀਵਨ ਜੀਉਣ ਵਾਲਾ ਹੋਵੇ। ਮਨੁੱਖ ਦੀ ਇਹ ਬਹੁਤ ਵੱਡੀ ਕਮਜ਼ੋਰੀ ਰਹੀ ਹੈ ਕਿ ਉਹ ਹਮੇਸ਼ਾਂ ਹੀ ਦੂਸਰਿਆਂ ਦੇ ਔਗੁਣ ਨੂੰ ਪਹਿਲ ਦਿੰਦਾ ਹੈ, ਭਾਵ ਆਪਣੇ ਔਗੁਣਾਂ ਨੂੰ ਨਾ ਦੇਖਦਾ ਹੋਇਆ ਦੂਸਰਿਆਂ ਦੇ ਕਰਮਾਂ ਦੀ ਪੜਚੋਲ ਕਰਦਾ ਰਹਿੰਦਾ ਹੈ। ਪਰ ਬਾਬਾ ਫਰੀਦ ਜੀ ਦੀ ਬਾਣੀ ਦੂਸਰਿਆਂ ਦੀਆਂ ਗਲਤੀਆਂ ਦਾ ਲੇਖਾ-ਜੋਖਾ ਕਰਨ ਦੀ ਥਾਂ ਆਪਣੇ ਅੰਦਰਲੇ ਨੂੰ ਪਹਿਚਾਣ ਕੇ ਆਪਣੀਆਂ ਕਮੀਆਂ ਨੂੰ ਸਵੀਕਾਰਨ ਅਤੇ ਫਿਰ ਉਨ੍ਹਾਂ ਨੂੰ ਦੂਰ ਕਰਨ ਦੀ ਗੱਲ ਕਰਦੀ ਹੈ। ਮਾੜੇ ਕਰਮਾਂ ਨੂੰ ਬਾਬਾ ਫਰੀਦ ਜੀ ਕਾਲੇ ਲੇਖ ਕਹਿੰਦੇ ਹਨ, ਜਿਨ੍ਹਾਂ ਦਾ ਬਿਬੇਕ ਬੁੱਧੀ ਨਾਲ ਕੋਈ ਰਿਸ਼ਤਾ ਨਹੀਂ ਹੁੰਦਾ। ਬਿਬੇਕ ਵਿਅਕਤੀ ਨੂੰ ਸਹਿਜ ਅਵਸਥਾ ਪ੍ਰਦਾਨ ਕਰਦਾ ਹੈ, ਜਦੋਂ ਕਿ ਮਾੜੇ ਕਰਮ ਜੀਵ ਨੂੰ ਹਮੇਸ਼ਾਂ ਹੀ ਭਟਕਣਾ ਵਿਚ ਪਾਈ ਰੱਖਦੇ ਹਨ। ਬਾਬਾ ਫਰੀਦ ਜੀ ਇਸ ਭਟਕਣਾ ਨੂੰ ਪੈਦਾ ਕਰਨ ਵਾਲੇ ਕਰਮਾਂ ਨੂੰ ਛੱਡਣ ਦੀ ਸਲਾਹ ਦਿੰਦੇ ਹਨ:-

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ॥ (ਅੰਗ 1378)

ਬਾਬਾ ਫਰੀਦ ਜੀ ਜੀਵ ਨੂੰ ਚੰਗੇ ਕਰਮ ਕਰਨ ਲਈ ਪ੍ਰੇਰਿਤ ਕਰਦੇ ਹੋਏ ਜਿਥੇ ਸਦਗੁਣਾਂ ਨੂੰ ਧਾਰਨ ਦਾ ਉਪਦੇਸ਼ ਦਿੰਦੇ ਹਨ, ਉਥੇ ਔਗੁਣਾਂ ਦੇ ਤਿਆਗ ਦਾ ਵੀ ਉਪਦੇਸ਼ ਦਿੰਦੇ ਹਨ, ਤਾਂ ਕਿ ਇਸ ਲੋਕ ਵਿਚ ਆਉਣਾ ਸਫਲ ਹੋ ਸਕੇ ਅਤੇ ਪ੍ਰਭੂ ਦੇ ਦਰਬਾਰ ਵਿਚ ਸ਼ਰਮਿੰਦਗੀ ਨਾ ਉਠਾਉਣੀ ਪਵੇ:

ਫਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ॥
ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ॥ (ਅੰਗ 1381)

ਨੈਤਿਕਤਾ ਮਨੁੱਖ ਦੀ ਹੋਂਦ ਵਿਧੀ ਦਾ ਇਕ ਵਿਲੱਖਣ ਗੁਣ ਹੈ। ਬਾਬਾ ਫਰੀਦ ਜੀ ਦੀ ਬਾਣੀ ਜਿਥੇ ਆਤਮਿਕ ਸੁਖ ਲਈ ਪ੍ਰਭੂ ਪਿਆਰ ਦਾ ਸੰਦੇਸ਼ ਦਿੰਦੀ ਹੈ, ਉਥੇ ਮਨੁੱਖੀ ਕਦਰਾਂ-ਕੀਮਤਾਂ ਨੂੰ ਸਮਝਣ ਅਤੇ ਇਸ ਦੇ ਅਮਲੀ ਰੂਪ 'ਤੇ ਵੀ ਜ਼ੋਰ ਦਿੰਦੀ ਹੈ।

**(ੳ) ਸਬਰ:** ਸੁਖੀ ਸੰਸਾਰਿਕ ਜੀਵਨ ਅਤੇ ਅਧਿਆਤਮਕ ਸਾਧਨਾ ਦੀ ਮੁੱਢਲੀ ਲੋੜ ਸਬਰ ਹੈ। ਸਬਰ ਦਾ ਅਰਥ ਆਲਸੀ ਜਾਂ ਨਿਕੰਮੇ ਹੋਣਾ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਬਰ, ਸੰਤੋਖ ਨੂੰ ਪ੍ਰਮਾਤਮਾ ਵੱਲੋਂ ਦਿੱਤੀਆਂ ਹੋਈਆਂ ਨਿਆਮਤਾਂ ਦੇ ਸ਼ੁਕਰਾਨੇ ਵਜੋਂ ਲਿਆ ਗਿਆ ਹੈ। ਸਬਰ ਨੂੰ ਸਾਧਕ ਦੀ ਮੁੱਢਲੀ ਲੋੜ ਦੱਸਦੇ ਹੋਏ ਬਾਬਾ ਫਰੀਦ ਜੀ ਉਸ ਦੀ ਤੀਰ ਨਾਲ ਤੁਲਨਾ ਕਰਦੇ ਹਨ ਕਿ ਸਬਰ ਅਜਿਹਾ ਤੀਰ ਹੈ, ਜਿਸ ਦਾ ਨਿਸ਼ਾਨਾ ਕਦੀ ਵੀ ਖਾਲੀ ਨਹੀਂ ਜਾਂਦਾ:

ਸਬਰ ਮੰਝ ਕਮਾਣ ਏ ਸਬਰੁ ਕਾ ਨੀਹਣੋ॥
ਸਬਰ ਸੰਦਾ ਬਾਣੁ ਖਾਲਕੁ ਖਤਾ ਨ ਕਰੀ॥ (ਅੰਗ 1384)

ਬਾਬਾ ਫਰੀਦ ਜੀ ਕਹਿੰਦੇ ਹਨ ਕਿ ਜੋ ਲੋਕ ਮੁਸੀਬਤ ਅਤੇ ਪਰੇਸ਼ਾਨੀ ਵਿਚ ਸਬਰ ਕਰਦੇ ਹਨ, ਉਹ ਲੋਕ ਖੁਦਾ ਦੇ ਨਜ਼ਦੀਕ ਹੁੰਦੇ ਹਨ। ਸਬਰ ਸੂਫੀ ਰਹੱਸਵਾਦ ਦੀ ਕੁੰਜੀ ਹੈ। ਇਹ ਇਕ ਅਜਿਹਾ ਕਾਰਗਰ ਜਜ਼ਬਾ ਹੈ ਕਿ ਜਿਹੜਾ ਵੀ ਇਸ ਨੂੰ ਆਪਣੇ ਮਨ ਵਿਚ ਵਸਾ ਲੈਂਦਾ ਹੈ, ਉਹ ਵਧ ਕੇ ਦਰਿਆ ਵਾਂਗੂ ਹੋ ਜਾਂਦਾ ਹੈ ਤੇ ਫਿਰ ਕਦੀ ਵੀ ਛੋਟਾ ਰੂਪ ਧਾਰਨ ਨਹੀਂ ਕਰਦਾ:

ਸਬਰੁ ਏਹੁ ਸੁਆਉ ਜੇ ਤੂੰ ਬੰਦਾ ਦਿੜੁ ਕਰਹਿ॥
ਵਧਿ ਥੀਵਹਿ ਦਰੀਆਉ ਟੁਟਿ ਨ ਥੀਵਹਿ ਵਾਹੜਾ॥ (ਅੰਗ 1384)

ਸਬਰ ਲਈ ਜ਼ਰੂਰੀ ਹੈ ਕਿ ਜੀਵ ਨਿਮਰਤਾ ਦਾ ਧਾਰਨੀ ਹੋਵੇ।

**(ਅ) ਨਿਮਰਤਾ :** ਮਨੁੱਖ ਨੂੰ ਸੰਸਾਰ ਵਿਚ ਸਫਲਤਾਪੂਰਵਕ ਵਿਚਰਣ ਲਈ ਨਿਮਰਤਾ ਅਪਣਾਉਣੀ ਬਹੁਤ ਜ਼ਰੂਰੀ ਹੈ। ਸਨਿਮਰ ਵਿਅਕਤੀ ਕੋਈ ਹੀਣ ਵਿਅਕਤੀ ਨਹੀਂ ਹੁੰਦਾ, ਸਗੋਂ ਉਸ ਦਾ ਮਨੋਬਲ ਉੱਚਾ ਹੈ। ਨਿਮਰਤਾ ਵਿਅਕਤੀ ਦਾ ਉਹ ਗਹਿਣਾ ਹੈ, ਜਿਹੜਾ ਉਸ ਨੂੰ ਦਿਖਾਵੇ ਵਾਸਤੇ ਨਹੀਂ ਝੁਕਾਉਂਦਾ ਸਗੋਂ ਧਰਤੀ 'ਤੇ ਲਤਾੜੇ ਹੋਏ ਇਨਸਾਨ ਨੂੰ ਉੱਚਾ ਚੁੱਕ ਕੇ ਆਪਣੇ ਗਲੇ ਨਾਲ ਲਗਾਉਣ ਦੀ ਪ੍ਰੇਰਨਾ ਦਿੰਦਾ ਹੈ। ਨਿਮਰਤਾ ਹਉਮੈ ਦੇ ਅਮੋੜ ਵਹਾਅ ਨੂੰ ਠੱਲ੍ਹ ਪਾਉਂਦੀ ਹੈ ਅਤੇ ਜੀਵਨ ਦੀ ਨੀਰਸਤਾ ਨੂੰ ਸਮਾਪਤ ਕਰ ਕੇ ਜੀਵਨ ਦੇ ਇਕੱਲੇਪਨ ਦੇ ਖਲਾਅ ਨੂੰ ਲੋਕਾਂ ਦੇ ਪਿਆਰ ਅਤੇ ਸਨਮਾਨ ਨਾਲ ਭਰਦੀ ਹੈ। ਇਹ ਇਕ ਐਸਾ ਗੁਣ ਹੈ, ਜੋ ਸਾਰੀਆਂ ਚੰਗਿਆਈਆਂ ਦਾ ਤੱਤ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਮਰਤਾ ਇਕ ਅੁਦੱਤੀ ਤੇ ਅਮੀਰ ਸ੍ਰੋਤ ਹੈ। ਇਹ ਨੈਤਿਕ ਗੁਣਾਂ ਦੀ ਉਹ ਖਾਣ ਹੈ, ਜਿਸ ਨੂੰ ਸਾਰੇ ਗੁਰੂ ਸਾਹਿਬਾਨ ਅਤੇ ਭਗਤ ਸਾਹਿਬਾਨ ਨੇ ਅਪਣਾਇਆ ਤੇ ਪ੍ਰਚਾਰਿਆ।

ਬਾਬਾ ਫਰੀਦ ਜੀ ਨਿਮਰਤਾ, ਮਿਠਾਸ ਤੇ ਸਹਿਨਸ਼ੀਲਤਾ ਤਿੰਨ ਗੁਣ ਪ੍ਰਮਾਤਮਾ ਨੂੰ ਪਾਉਣ ਦਾ ਸਾਧਨ ਦੱਸਦੇ ਹਨ:

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥ (ਅੰਗ 1384)

ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ॥
ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ॥ (ਅੰਗ 1378)

ਬਾਬਾ ਫਰੀਦ ਜੀ ਦੀ ਬਾਣੀ ਦੀਆਂ ਇਹ ਪੰਕਤੀਆਂ ਨਿਮਰਤਾ ਦੀ ਇਕ ਬਹੁਤ ਵੱਡੀ ਮਿਸਾਲ ਹਨ। ਨਿਮਰਤਾ ਦੀ ਇਕ ਹੋਰ ਉਦਾਹਰਣ ਦਿੰਦਿਆਂ ਹੋਇਆਂ ਮਨੁੱਖ ਨੂੰ ਦੱਭ ਦੀ ਤਰ੍ਹਾਂ ਨਿਮਰ ਹੋਣ ਲਈ ਉਪਦੇਸ਼ ਦਿੰਦੇ ਹਨ ਤੇ ਨਾਲ ਹੀ ਦੱਸਦੇ ਹਨ ਕਿ ਨਿਮਰਤਾ ਸਦਕਾ ਹੀ ਮਨੁੱਖ ਉਸ ਪ੍ਰਭੂ ਦੇ ਦਰ ਨੂੰ ਪਾ ਸਕਦਾ ਹੈ:

ਫਰੀਦਾ ਥੀਉ ਪਵਾਹੀ ਦਭੁ॥
ਜੇ ਸਾਂਈ ਲੋੜਹਿ ਸਭੁ॥
ਇਕੁ ਛਿਜਹਿ ਬਿਆ ਲਤਾੜੀਅਹਿ॥
ਤਾਂ ਸਾਈ ਦੈ ਦਰਿ ਵਾੜੀਅਹਿ॥ (ਅੰਗ 1378)

**(ੲ) ਸੱਚ ਦਾ ਧਾਰਨੀ ਹੋਣਾ:** ਪ੍ਰਾਚੀਨ ਸਮੇਂ ਤੋਂ ਲੈ ਕੇ ਅੱਜ ਵਰਤਮਾਨ ਸਮੇਂ ਵਿਚ ਮਨੁੱਖੀ ਜੀਵਨ ਦੇ ਹਰ ਖੇਤਰ ਵਿਚ ਸੱਚ ਦਾ ਵਡਮੁੱਲਾ ਯੋਗਦਾਨ ਰਿਹਾ ਹੈ। ਵੱਖ-ਵੱਖ ਧਰਮਾਂ ਦੇ ਵੱਖ-ਵੱਖ ਪਾਂਧੀਆਂ ਵਿਚ ਸਿਧਾਂਤਕ ਪੱਖੋਂ ਭਾਵੇਂ ਕਈ ਮਤਭੇਦ ਹੋਣ ਪਰ ਸੱਚ ਦੀ ਹੋਂਦ ਅਤੇ ਇਸ ਦੀ ਮਹੱਤਤਾ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ। ਅੱਜ ਵਰਤਮਾਨ ਯੁੱਗ ਵਿਚ ਸਮਾਜਿਕ ਜੀਵਨ ਵਿਚ ਕੁਰੀਤੀਆਂ ਦਾ ਕਾਰਨ, ਵਿਅਕਤੀ ਦੇ ਆਚਰਣ ਵਿਚ ਗਿਰਾਵਟ ਦਾ ਕਾਰਨ, ਸੱਚ ਦੀ ਘਾਟ ਹੀ ਹੈ। ਸਮਾਜ ਦਾ ਵਿੱਦਿਅਕ ਢਾਂਚਾ, ਧਾਰਮਿਕ ਵਿਸ਼ਵਾਸ ਸਭ ਡਾਵਾਂ-ਡੋਲ ਹਨ। ਬਾਬਾ ਫਰੀਦ ਜੀ ਆਪਣੇ ਰਚਿਤ ਸਲੋਕਾਂ ਵਿਚ ਜੀਵ ਨੂੰ ਸੱਚ ਦਾ ਧਾਰਨੀ ਹੋਣ ਤੇ ਝੂਠ ਦਾ ਤਿਆਗ ਕਰਨ 'ਤੇ ਜ਼ੋਰ ਦਿੰਦੇ ਹਨ। ਰਾਗ ਆਸਾ ਵਿਚ ਆਪ ਜੀ ਦਾ ਫ਼ਰਮਾਨ ਹੈ:

ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥
ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ॥ (ਪੰਨਾ 488)

ਬਾਬਾ ਫਰੀਦ ਜੀ ਦੀ ਬਾਣੀ ਨੂੰ ਵਾਚਿਆਂ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਬਾਬਾ ਫਰੀਦ ਜੀ ਦੀ ਬਾਣੀ ਨਿਮਰਤਾ, ਆਪੇ ਦੀ ਪਹਿਚਾਣ, ਸਬਰ, ਸੰਤੋਖ ਆਦਿ ਸਦਾਚਾਰਕ ਕਦਰਾਂ-ਕੀਮਤਾਂ 'ਤੇ ਆਧਾਰਿਤ ਹੈ, ਜੋ ਕਿ ਜੀਵ ਨੂੰ ਸਹੀ ਤੇ ਉਸਾਰੂ ਸੇਧ ਦਿੰਦੀ ਹੈ। ਡਾ. ਵਜ਼ੀਰ ਸਿੰਘ ਜੀ ਦੇ ਸ਼ਬਦਾਂ ਵਿਚ ਬਾਬਾ ਫਰੀਦ ਜੀ ਦੀ ਨੈਤਿਕਤਾ ਇਸ ਗੱਲ ਵਿਚ ਨਹੀਂ ਕਿ ਉਨ੍ਹਾਂ ਨੇ ਮਨੁੱਖ ਦੀ ਸਥਿਤੀ ਦਾ ਵਿਸ਼ਲੇਸ਼ਣ ਦੇ ਕੇ ਉਸ ਨੂੰ ਤਾੜਨਾ ਕਰ ਦਿੱਤੀ ਹੈ, ਸਗੋਂ ਉਸ ਦੇ ਜੀਵਨ ਭਰ ਦੇ ਤਜ਼ਰਬੇ ਦਾ ਨਿਚੋੜ ਸਦਾਚਾਰਕ ਨਿਯਮਾਂ ਦੇ ਰੂਪ ਵਿਚ ਸਲੋਕਾਂ ਤੇ ਸ਼ਬਦਾਂ ਰਾਹੀਂ ਪ੍ਰਸਤੁਤ ਕੀਤਾ ਹੈ। ਬਾਬਾ ਫਰੀਦ ਜੀ ਦੀ ਪਾਵਨ ਬਾਣੀ ਪੜ੍ਹਨ 'ਤੇ ਇਹ ਸਹਿਜੇ ਹੀ ਪ੍ਰਤੱਖ ਹੋ ਜਾਂਦਾ ਹੈ ਕਿ ਬਾਬਾ ਫਰੀਦ ਜੀ ਦੀ ਨੈਤਿਕ ਸਿੱਖਿਆ ਬਹੁਤ ਮੁੱਲਵਾਨ ਹੈ, ਜਿਸ ਨੂੰ ਅਪਣਾਉਣ ਦੀ ਅੱਜ ਬਹੁਤ ਲੋੜ ਹੈ।

**ਉਧ੍ਰਿਤ: ਪੰਜਾਬੀ ਸਿੱਖ ਸੰਗਤ ਵੈੱਬਸਾਇਟ ਤੋਂ**

## ਰਾਜਵੀਰ ਜਵੰਦੇ ਲਈ ਅਰਦਾਸ

ਰੱਬਾ ਬੋਲਣ ਲਾ ਦੇ, ਲਾਲੀ ਖਾਨ ਦੇ ਚੰਡੇ ਨੂੰ
ਚੜ੍ਹਦੀ ਕਲਾ 'ਚ ਰੱਖੀਂ ਰੱਬਾ, ਵੀਰ ਜਵੰਦੇ ਨੂੰ

ਤੀਰ ਹਿਜਰ ਦਾ ਲੱਗਿਆ, ਮਾਪੇ ਕਿਵੇਂ ਸਹਾਰਨਗੇ
ਨਾਲ ਵਿਛੋੜਿਆਂ ਭੁੰਨੇ, ਹਿਰਦੇ ਕਿੱਦਾਂ ਠਾਰਨਗੇ
ਸਹਿਣਾ ਔਖਾ ਪੈਰਾਂ ਦੇ ਵਿੱਚ, ਲੱਗਿਓ ਕੰਡੇ ਨੂੰ
ਚੜ੍ਹਦੀ ਕਲਾ 'ਚ ਰੱਖੀਂ, ਮਾਂ ਦੇ ਪੁੱਤ ਜਵੰਦੇ ਨੂੰ

ਚੜ੍ਹਕੇ ਉਹਦੀ ਸਟੇਜ 'ਤੇ ਭੰਗੜਾ, ਪਾਉਣਾ ਚਾਹੁੰਦੇ ਆਂ
ਸ਼ੌਂਕੀ ਮੇਲੇ 'ਤੇ ਖਾੜਾ, ਲਗਵਾਉਣਾ ਚਾਹੁੰਦੇ ਆਂ
ਪੈਰਾਂ ਉੱਤੇ ਫੇਰ ਖੜਾ ਦੇ, ਗਾਡਰ ਬੰਦੇ ਨੂੰ
ਹੇਕਾਂ ਲਾਵਣ ਲਾ ਦੇ ਰੱਬਾ, ਵੀਰ ਜਵੰਦੇ ਨੂੰ

ਉਮਰ ਲਮੇਰੀ ਹੋਵੇ, ਹੇਕਾਂ ਲੰਮੀਆਂ ਵਾਲੇ ਦੀ
ਪੋਚ ਪੋਚ ਕੇ ਟੇਡੀਆਂ ਪੱਗਾਂ, ਬੰਨੀਆਂ ਵਾਲੇ ਦੀ
ਸਾਡੀ ਉਮਰ ਵੀ ਲੱਗ ਜਾਵੇ, ਕੁਲਵੀਰ ਜਵੰਦੇ ਨੂੰ
ਚੜ੍ਹਦੀ ਕਲਾ 'ਚ ਰੱਖੀਂ ਰੱਬਾ, ਵੀਰ ਜਵੰਦੇ ਨੂੰ

ਸਾਰੀ ਦੁਨੀਆਂ ਹੱਥ ਜੋੜ, ਅਰਦਾਸਾਂ ਕਰਦੀ ਏ
ਭੈਣ ਬਿਲਕਦੀ ਬੈਠੀ, ਅੰਮੜੀ ਹਉਕੇ ਭਰਦੀ ਏ
ਡਾਣਸੀਵਾਲੀਆ ਲੱਭਦੀ ਉਹਦੀ, ਹੀਰ ਜਵੰਦੇ ਨੂੰ
ਹੇਕਾਂ ਲਾਵਣ ਲਾ ਦੇ ਰੱਬਾ, ਵੀਰ ਜਵੰਦੇ ਨੂੰ



ਕੁਲਵੀਰ ਸਿੰਘ ਡਾਨਸੀਵਾਲ,
ਸਰ੍ਹੀ, ਬੀ.ਸੀ. ਕੈਨੇਡਾ
778-863-2472
ਪੰਜਾਬ ਮੇਲ USA

## ਕਾਲ

ਕਰ ਕਦੇ ਤਾਂ ਕਾਲ ਵੇ ਅੜਿਆ।
ਹੋਇਆ ਮੰਦੜਾ ਹਾਲ ਵੇ ਅੜਿਆ।
ਸ਼ੀਸੇ ਵਿਚੋਂ ਤੂੰ ਦਿਸ ਪੈਂਦਾ,
ਜਦ ਵਾਹਵਾਂ ਮੈਂ ਵਾਲ ਵੇ ਅੜਿਆ।
ਇੱਕ ਵਾਰੀ ਤੂੰ ਦੱਸਦੇ ਮੈਨੂੰ,
ਕਾਹਦਾ ਕਰੇ ਮਲਾਲ ਵੇ ਅੜਿਆ।
ਮੇਰਾ ਤਾਂ ਦਿਲ ਹਰਦਮ ਲੋਚੇ,
ਰਹਿਣਾ ਤੇਰੇ ਨਾਲ ਵੇ ਅੜਿਆ।
ਇੱਕ ਵਾਰੀ ਹਾਂ ਕਰ ਮਿਲਣੇ ਦੀ,
ਰੱਖੂੰ ਦੀਵੇ ਬਾਲ ਵੇ ਅੜਿਆ।
ਕੰਨੀਂ ਤੇਰੇ ਬੋਲ ਪਿਆਂ ਨੂੰ,
ਲੱਗੇ ਹੋਏ ਕਈ ਸਾਲ ਵੇ ਅੜਿਆ।
ਜੋ ਵੀ ਘਾਲਣ ਨੂੰ ਆਖੇਂਗਾ,
ਘਾਲ਼ ਲਵਾਂਗਾ ਘਾਲ ਵੇ ਅੜਿਆ।
ਜਦ ਵੀ ਮੈਂ ਕੁੱਝ ਸੋਚਣ ਲੱਗਾਂ,
ਤੇਰਾ ਆਏ ਖਿਆਲ ਵੇ ਅੜਿਆ।



-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀਆ'
ਯੂਬਾ ਸਿਟੀ, ਕੈਲੀਫੋਰਨੀਆ (ਅਮਰੀਕਾ)
+1-360-448-1989
ਪੰਜਾਬ ਮੇਲ USA

## ਰਾਜਨੀਤੀ ਦਾ ਧੰਦਾ

ਰਾਜਨੀਤੀ ਦਾ ਇਹ ਗੋਰਖ ਧੰਦਾ।
ਲੋਕਾਂ ਦੇ ਗੱਲ 'ਚ ਪਾਇਆ ਫੰਦਾ।
ਚੰਗਾ ਭਲਾ ਜੇ ਫੱਸ ਜਾਏ ਬੰਦਾ।
ਮੂੰਹ 'ਤੇ ਮੀਆਂ ਮਿੱਠੂ ਪਿੱਛੇ ਗੰਦਾ।

ਧਰਤੀ ਤੋਂ ਚੁੱਕ ਅਸਮਾਨ ਚੜ੍ਹਾਵੇ।
ਆਦਮੀ ਤੋਂ ਭਗਵਾਨ ਬਣਾਵੇ।
ਇਨਸਾਨ ਤੋਂ ਕਿਰਦਾਰ ਗਿਰਾਵੇ।
ਚੜ੍ਹੀ ਗੁੱਡੀ ਭੀ ਝੱਟ ਭੁੰਜੇ ਲਾਹਵੇ।

ਮਾਰੀਏ ਜਰਾ ਮਿਥਿਹਾਸ 'ਤੇ ਝਾਤੀ।
ਕੌਰਵਾਂ ਪਾਂਡਵਾਂ ਦੀ ਜੰਗ ਕਰਾ'ਤੀ।
ਕਰਮ ਦੇ ਰੌਲੇ 'ਚ ਝਿੰਗ ਫਸਾ'ਤੀ।
ਦੋਹਾਂ ਦੀ ਰਣ ਵਿਚ ਬੱਸ ਕਰਾ'ਤੀ।

ਕਹਿੰਦੇ ਵਿਉਂਤ ਬਣਾ ਲਈ ਸਾਰੀ।
ਬਾਂਦਰ ਸੈਨਾ ਚੁੱਕ ਲੰਕਾ 'ਤੇ ਚਾੜ੍ਹੀ।
ਹਾਲਤ ਰਾਵਣ ਦੀ ਨਹੀਂ ਸੀ ਮਾੜੀ।
ਵਿਭੀਸ਼ਨ ਭੇਤੀ ਨੇ ਸੀ ਲੰਕਾ ਸਾੜੀ।

ਤਾਕਤ ਦੇ ਨਸ਼ੇ ਵਿਚ ਹੋਵਣ ਝੱਲੇ।
ਤੋਲਣ ਕੁਫ਼ਰ ਹਨੇਰਾ ਦੀਵੇ ਥੱਲੇ।
ਬੋਲਣ ਝੂਠ ਨਾ ਸੱਚ ਛੱਡਦੇ ਪੱਲੇ।
ਅੰਦਰੋਂ ਖੋਲ਼ੇ ਪਰ ਉੱਪਰੋਂ ਬੱਲੇ ਬੱਲੇ।

ਇੰਝ ਲੋਕਤੰਤਰ ਦਾ ਨਿੱਤ ਵਿਖਾਵਾ।
ਠੋਕ ਨਕਲੀ ਤਰੱਕੀ ਦਾ ਦਾਅਵਾ।
ਮੂਰਖ ਜੰਤਾ ਕਰੇ ਵਾਹਵਾ ਵਾਹਵਾ।
ਕਿਧਰੇ ਮੱਤਦਾਨ ਨਾ ਕਰੇ ਛਲਾਵਾ।

ਸੋਚੋ ਸਮਝੋ ਐ ਮੇਰੇ ਵਤਨ ਦੇ ਲੋਕੋ।
ਵੋਟ ਚੋਰੀ ਦੇ ਚੱਲਦੇ ਘੱਪਲੇ ਰੋਕੋ।
ਝੂਠਿਆਂ ਨੂੰ ਕੰਧ ਵਾਂਗੂੰ ਖੜ੍ਹ ਰੋਕੋ।
ਵੋਟ-ਖਰੀਦਦਾਰਾਂ ਨੂੰ ਫੜਕੇ ਠੋਕੋ।



-ਸੇਵਾ ਸਿੰਘ 'ਨੂਰਪੁਰੀ'
ਪੰਜਾਬ ਮੇਲ USA

## "ਅੱਜ ਦਾ ਰਾਵਣ"

ਖਤਰਨਾਕ ਹੈ ਅੱਜ ਦਾ ਰਾਵਣ।
ਬੜਾ ਚਲਾਕ ਹੈ ਅੱਜ ਦਾ ਰਾਵਣ।
ਬਲਾਤਕਾਰ ਬੇ-ਅਦਬੀਆਂ ਕਰਦਾ,
ਲਾਉਂਦਾ ਘਾਤ ਹੈ ਅੱਜ ਦਾ ਰਾਵਣ।
ਨਿੱਤ ਕੋਈ ਸੀਤਾ ਚੁੱਕ ਲਿਆਉਂਦਾ,
ਕਰਦਾ ਪਾਪ ਹੈ ਅੱਜ ਦਾ ਰਾਵਣ।
ਬਾਲੜੀਆਂ ਵੀ ਨਹੀਂ ਬਖਸ਼ਦਾ
ਲੁੱਟਦਾ ਪਾਤ ਹੈ ਅੱਜ ਦਾ ਰਾਵਣ।
ਉਹ ਰਾਵਣ ਤਾਂ ਜਤੀ ਸਤੀ ਸੀ,
ਸ਼ਰਮਨਾਕ ਹੈ ਅੱਜ ਦਾ ਰਾਵਣ।
ਸਾਧਾਂ ਵਾਲੇ ਬਸਤਰ ਪਾਉਂਦਾ,
ਚੋਰ-ਉਚਾਕ ਹੈ ਅੱਜ ਦਾ ਰਾਵਣ।
ਅੰਧੇਰ ਨਹੀਂ ਘਰ ਦੇਰ ਹੈ ਰੱਬ ਦੇ
ਹੋਣਾ ਖਾਕ ਹੈ ਅੱਜ ਦਾ ਰਾਵਣ
"ਗਿੱਲ ਮਲਕੀਤ" ਨੇ ਕਲਮ ਚਲਾਕੇ
ਕਰਨਾ ਰਾਖ ਹੈ ਅੱਜ ਦਾ ਰਾਵਣ।



ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ : 94174-90943
ਪੰਜਾਬ ਮੇਲ USA

## ਚੌਦ੍ਹਵੀਂ ਦਾ ਚੰਨ



ਸਿਫ਼ਰ ਤੋਂ ਸ਼ੁਰੂ ਹੁੰਦੀ ਯਾਤਰਾ, ਦਿਖਾਉਂਦਾ ਨਵਾਂ ਮੁੱਖੜਾ।
ਵੱਧਦਾ ਜਾਂਦਾ ਨਿੱਤ ਹੌਲ਼ੇ ਹੌਲ਼ੇ, ਤੇ ਭਾਵੇ ਦਿਲ ਨੂੰ ਟੁੱਕੜਾ।
ਇੰਝ ਮੁਕਾਉਂਦਾ ਹੈ ਸਫ਼ਰ, ਸਾਗਰ ਜਵਾਰ ਭਾਟਾ ਬੁੱਕਦਾ।
ਚੌਦ੍ਹਵੀਂ ਦਾ ਚੰਨ ਬਣਕੇ, ਫਿਰ ਪੁੰਨਿਆਂ ਤਾਈਂ ਹੈ ਢੁੱਕਦਾ।

ਚਕੋਰ ਖੀਵੀ ਹੋ ਜਾਂਵਦੀ ਹੈ, ਤੱਕਦੀ ਜੇ ਪੁੰਨਿਆਂ ਚੰਨ ਨੂੰ।
ਹੋਸ਼ ਗਵਾਉਂਦੀ ਹੈ ਆਪਣੀ, ਉੱਡੇ ਬੇਮੁਹਾਰੇ ਉਸ ਵੱਲ ਨੂੰ।
ਬੇਹੋਸ਼ ਹੋ ਕੇ ਡਿਗੇ ਧਰਤ 'ਤੇ, ਸਮਝਾਵੇ ਨ ਬੇਵੱਸ ਮਨ ਨੂੰ।
ਕੁਦਰਤ ਵੀ ਅਜੀਬ ਹੈ, ਤਰਸਾਉਂਦੀ ਕਿਉਂ ਇੰਝ ਤਨ ਨੂੰ।

ਹੋਇਆ ਜਵਾਨ ਜਦੋਂ ਚੰਨ, ਪਾਉਂਦਾ ਹੈ ਉੱਚੀਆਂ ਮੰਜ਼ਿਲਾਂ।
ਘਟੇਗਾ ਫਿਰ ਹਰ ਰੋਜ਼ ਹੁਣ, ਪੈਣਗੀਆਂ ਨਿੱਤ ਦੰਦਲਾਂ।
ਪੁੰਨਿਆਂ ਤੋਂ ਮੱਸਿਆ ਤੱਕ ਦਾ, ਸਫ਼ਰ ਹੈ ਬਾਹਲ਼ਾ ਨਿਰਾਲਾ।
ਜਾਪਦਾ ਹੈ ਜੀਵਨ ਵਰਗਾ, ਜਨਮ ਤੋਂ ਇਹ ਬੁਢਾਪੇ ਵਾਲ਼ਾ।

ਚਾਨਣ ਹਨ੍ਹੇਰ ਦਾ ਚੱਕਰ, ਬੱਸ ਜ਼ਿੰਦਗੀ ਤੇ ਮੌਤ ਵਰਗਾ ਹੈ।
ਚਾਨਣੀ ਆਸ ਜੀਵਣੇ ਦੀ, ਤੇ ਮੌਤ ਦੇ ਕਿਆਸ ਵਰਗਾ ਹੈ।
ਇੱਕ ਦੂਜੇ ਦੇ ਅੱਗੜ ਪਿੱਛੜ, ਲਾਈ ਕਤਾਰ ਵਰਗਾ ਹੈ।
ਰਹਿੰਦੇ ਸਦਾ ਨੇ ਸੰਗ ਸੰਗ, ਤੇ ਖੁਦਾ ਦੇ ਦੀਦਾਰ ਵਰਗਾ ਹੈ।



-ਸੇਵਾ ਸਿੰਘ 'ਨੂਰਪੁਰੀ'
ਪੰਜਾਬ ਮੇਲ USA

## ਦੂਣਾ ਕੋਰੜਾ ਛੰਦ

**ਬਾਣੀ ਤੇਰੀ ਦਾਤਾ, ਅੰਧਕਾਰ ਚੀਰਦੀ,**
**ਰੋਸ਼ਨੀ ਖਿਲਾਰਦੀ, ਨ੍ਹੇਰੇ ਹੈ ਮਿਟਾਵਦੀ।**

1. ਧੁਰੋਂ ਭੇਜੀ ਬਾਣੀ, ਚਿੰਤਾ ਦੇ ਮਿਟਾਣ ਨੂੰ, ਵਿਚ ਸੰਸਾਰ ਦੇ, ਖੁਦ ਨਿਰੰਕਾਰ ਨੇ।
ਲੈ ਕੇ ਅਗਵਾਈ, ਸੱਚੇ ਘਰ ਜਾਣ ਨੂੰ, ਹਿਰਦੇ 'ਚ ਧਾਰ ਕੇ, ਬੇੜੇ ਲਾਉਣੇ ਪਾਰ ਨੇ।
ਅੰਨ੍ਹੇ ਵਾਲੀ ਲਾਠੀ, ਸਾਥੀ ਦਿਲਗੀਰ ਦੀ, ਕਾਰਜ ਸਵਾਰਦੀ, ਰਸਤਾ ਦਿਖਾਂਵਦੀ।
ਬਾਣੀ ਤੇਰੀ ਦਾਤਾ, ਅੰਧਕਾਰ ਚੀਰਦੀ, ਰੋਸ਼ਨੀ ਖਿਲਾਰਦੀ, ਨ੍ਹੇਰੇ ਹੈ ਮਿਟਾਵਦੀ।

2. ਰੱਬੀ ਫੁਰਮਾਨ, ਇੱਕ ਓਅੰਕਾਰ ਦੀ, ਜਦੋਂ ਸੋਝੀ ਹੋਈ ਸੀ, ਨਾਨਕ ਦਾਤਾਰ ਨੂੰ।
ਸ਼ਬਦ ਜੜਤ, ਕਾਗਜ਼ੀਂ ਉਤਾਰਦੀ, ਮਾਲਾ ਤਾਂ ਪਰੋਈ ਸੀ, ਜੱਗ ਦੇ ਉਧਾਰ ਨੂੰ।
ਧੁਨਿ ਇਕ ਮਿੱਠੜੀ, ਰਬਾਬੀ ਵੀਰ ਦੀ, ਹਿਰਦੇ ਹੈ ਠਾਰਦੀ, ਤਰਬਾਂ ਜਗਾਂਵਦੀ।
ਬਾਣੀ ਤੇਰੀ ਦਾਤਾ, ਅੰਧਕਾਰ ਚੀਰਦੀ, ਰੋਸ਼ਨੀ ਖਿਲਾਰਦੀ, ਨ੍ਹੇਰੇ ਹੈ ਮਿਟਾਵਦੀ ।

3. ਜਗਤ ਦੇ ਤਾਈਂ, ਤਾਰਦੇ ਨੇ ਜਾਂਵਦੇ, ਮਰਦਾਨਾ ਸੰਗੀ ਏ, ਗੁਰਮੁਖਿ ਭਾਲਦੇ।
ਭਗਤਾਂ ਦੇ ਬਾਰੇ, ਜੋ ਖਬਰ ਪਾਂਵਦੇ, ਉਹਦੀ ਬਾਣੀ ਮੰਗੀ ਏ, ਲੈ ਕੇ ਤਾਂ ਸੰਭਾਲਦੇ।
ਪੋਥੀ ਵਿਚ ਬੰਦ, ਹੈ ਰਮਜ਼ ਪੀਰ ਦੀ, ਹਿਰਦੇ ਨੂੰ ਠਾਰਦੀ, ਨਾਨਕ ਨੂੰ ਭਾਂਵਦੀ।
ਬਾਣੀ ਤੇਰੀ ਦਾਤਾ, ਅੰਧਕਾਰ ਚੀਰਦੀ, ਰੋਸ਼ਨੀ ਖਿਲਾਰਦੀ, ਨ੍ਹੇਰੇ ਹੈ ਮਿਟਾਵਦੀ।

4. ਲਹਿਣਾ ਜੀ ਨੇ ਸਦਾ, ਨਾਲ ਜਿੰਦ ਜਾਨ ਦੇ, ਸੇਵਾ ਕਰੀ ਭਾਰੀ ਏ, ਨਾਮ ਵੀ ਕਮਾਂਵਦੇ।
ਨਾਨਕ ਜੀ ਉਹਨੂੰ, ਗੁਰੂ ਤਾਂ ਐਲਾਨ ਦੇ, ਵੱਡੀ ਜ਼ਿੰਮੇਵਾਰੀ ਏ, ਪੋਥੀ ਵੀ ਫੜਾਂਵਦੇ।
ਜੋਤ ਅੱਗੇ ਜਗੀ, ਤੀਸਰੇ ਸਰੀਰ ਦੀ, ਜੇਠੇ ਨੂੰ ਸ਼ਿੰਗਾਰਦੀ, ਜਗਦੀ ਹੀ ਜਾਂਵਦੀ।
ਬਾਣੀ ਤੇਰੀ ਦਾਤਾ, ਅੰਧਕਾਰ ਚੀਰਦੀ, ਰੋਸ਼ਨੀ ਖਿਲਾਰਦੀ, ਨ੍ਹੇਰੇ ਹੈ ਮਿਟਾਵਦੀ।

5. ਰਾਮਦਾਸ ਗੁਰੂ, ਨਾਲ ਸਤਿਕਾਰ ਦੇ, ਮੰਤਵ ਪਛਾਣ ਕੇ, ਪੋਥੀ ਨੂੰ ਸੰਭਾਲਦੇ।
ਬੇਟੇ ਅਰਜਨ, ਲਾਲ ਨੂੰ ਦੁਲਾਰਦੇ, ਗੱਦੀ ਯੋਗ ਜਾਣ ਕੇ, ਘਾਲਣਾ ਨੇ ਘਾਲਦੇ।
ਪੰਜਵੇਂ ਗੁਰਾਂ ਤੋਂ, ਕੌਮੀ ਤਕਦੀਰ ਦੀ, ਮੂਰਤ ਨਿਹਾਰਦੀ, ਸ਼ੋਭਾ ਹੈ ਵਧਾਂਵਦੀ।
ਬਾਣੀ ਤੇਰੀ ਦਾਤਾ, ਅੰਧਕਾਰ ਚੀਰਦੀ, ਰੋਸ਼ਨੀ ਖਿਲਾਰਦੀ, ਨ੍ਹੇਰੇ ਹੈ ਮਿਟਾਵਦੀ।

6. ਦੇ ਕੇ ਤਰਕੀਬ, ਤਾਂ ਲਿਖਤ ਸਾਰੀ ਨੂੰ, ਅਰਜਨ ਪਾਤਸ਼ਾਹ, ਹੈ ਗ੍ਰੰਥ ਸਾਜਿਆ।
ਦਿੱਤਾ ਸਤਿਕਾਰ, ਨਾਮ ਦੀ ਖੁਮਾਰੀ ਨੂੰ, ਸਾਗਰ ਅਥਾਹ, ਆਖ ਕੇ ਨਿਵਾਜਿਆ।
ਪਲੰਘ 'ਤੇ ਬੈਠ, ਜਗ੍ਹਾ ਤਾਂ ਸਰੀਰ ਦੀ, ਪੰਜਵੇਂ ਦਾਤਾਰ ਦੀ, ਅਸਥਾਨ ਪਾਂਵਦੀ।
ਬਾਣੀ ਤੇਰੀ ਦਾਤਾ, ਅੰਧਕਾਰ ਚੀਰਦੀ, ਰੋਸ਼ਨੀ ਖਿਲਾਰਦੀ, ਨ੍ਹੇਰੇ ਹੈ ਮਿਟਾਵਦੀ।

7. ਸ਼ਬਦ ਸਲੋਕ, ਲਿਖੇ ਨੌਵੇਂ ਪਾਤਸ਼ਾਹ, ਗ੍ਰੰਥ 'ਚ ਸਜਾਏ ਨੇ, ਦਸਵੇਂ ਦਾਤਾਰ ਨੇ।
ਗੁਰੂ ਥਾਪ ਦਿੱਤੇ, ਖੁਦ ਮੱਥਾ ਟੇਕਿਆ, ਬਚਨ ਅਲਾਏ ਨੇ, ਦੇਣੇ ਸਤਿਕਾਰ ਨੇ।
ਸਿੱਖ ਦੀ ਸੁਰਤਿ, ਅਣੀਆਲੇ ਤੀਰ ਦੀ, ਚੋਟ ਹੈ ਸਹਾਰਦੀ, ਰੂਹ ਤਾਂ ਗੁਣ ਗਾਂਵਦੀ।
ਬਾਣੀ ਤੇਰੀ ਦਾਤਾ, ਅੰਧਕਾਰ ਚੀਰਦੀ, ਰੋਸ਼ਨੀ ਖਿਲਾਰਦੀ, ਨ੍ਹੇਰੇ ਹੈ ਮਿਟਾਵਦੀ।

8. ਜੀਹਨੇ ਸੇਧ ਲਈ, ਅੰਦਰ ਵਸਾਇਆ ਏ, ਸ਼ਬਦ ਵੀਚਾਰ ਕੇ, ਮਨ ਤਾਈਂ ਮਾਰਿਆ।
ਬਣ ਨਿਰਭਉ, ਉਸ ਭੇਦ ਪਾਇਆ ਏ, ਜਿੰਦੜੀ ਸਵਾਰ ਕੇ, ਆਪੇ ਨੂੰ ਸ਼ਿੰਗਾਰਿਆ।
ਆਖਦਾ "ਰੁਪਾਲ", ਗੱਲ ਤਾਂ ਅਖੀਰ ਦੀ, ਮੱਤ ਨਰ ਨਾਰ ਦੀ, ਉਚਿਆਂ ਉਠਾਵਦੀ।
ਬਾਣੀ ਤੇਰੀ ਦਾਤਾ, ਅੰਧਕਾਰ ਚੀਰਦੀ, ਰੋਸ਼ਨੀ ਖਿਲਾਰਦੀ, ਨ੍ਹੇਰੇ ਹੈ ਮਿਟਾਵਦੀ।



ਜਸਵਿੰਦਰ ਸਿੰਘ ਰੁਪਾਲ
ਮੋਬਾਈਲ ਨੰਬਰ : +919814715796 (ਵਟਸਐਪ)
ਪੰਜਾਬ ਮੇਲ USA





# Gurjatinder S. Randhawa

REALTOR CA DRE licence # 01490567



FOR SALE & PURCHASE OF ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

Gurjatinder S. Randhawa

916-320-9444

Gurjatinder S. Randhawa

REALTOR CA DRE licence # 01490567

web: www.RealtorRandhawa.com

garysingh123@yahoo.com